# ਚਿਰਾਗ

ਅਪ੍ਰੈਲ-ਜੂਨ 2008

**April-June 2008**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



ਪੇਂਟਿੰਗ - ਅੰਮ੍ਰਿਤਾ ਸ਼ੇਰਗਿੱਲ

ਮੁੱਲ : 15 ਰੁਪਏ

64

ਅਪ੍ਰੈਲ-ਜੂਨ 2008

# ਚਿਰਾ.ਗ ਤਿਮਾਹੀ

ਅਪ੍ਰੈਲ-ਜੂਨ 2008

ਸੰਪਾਦਕ ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ,ਸੁਰਜੀਤ ਗਿੱਲ
ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ)

## ਤਤਕਰਾ


| | | |
|---|---|---|
| ਸੰਪਾਦਕੀ ਟਿਪਣੀਆਂ | - | 1. ਕੇਂਦਰੀ ਪੰਜਾਬ ਲੇਖਕ ਸਭਾ ਦੀ ਚੋਣ<br>2. ਪੰਜਾਬ ਸਰਕਾਰ ਤੇ ਪੰਜਾਬੀ ਭਾਸ਼ਾ |
| ਇਸ ਵਾਰ ਦੀ ਵਿਸ਼ੇਸ਼ ਕਵਿੱਤਰੀ | - | ਅਫਜ਼ਲ ਤੋਸ਼ੀਫ ਦੀਆਂ ਤਿੰਨ ਨਜ਼ਮਾਂ |
| ਲੰਮੀ ਪੰਜਾਬੀ ਕਵਿਤਾ | - | ਕਾਵਿ ਗੋਸ਼ਟ- ਹਰਭਜਨ ਸਿੰਘ ਹੁੰਜਲ |
| ਵਾਹਗਿਓ ਪਾਰ | - | ਮੈਂ ਤੇ ਉਹ (ਕੰਵਲ ਮੁਸ਼ਤਾਕ), ਮਸਊਦ ਚੌਧਰੀ (ਦੋ ਗਜ਼ਲਾਂ), ਬਾਬਾ ਨਜ਼ਮੀਂ, ਸੁਲਤਾਨ ਖ਼ਾਵਰੀ ( ਦੋ ਗਜ਼ਲਾਂ) |
| ਪੰਜਾਬੀ ਗਜ਼ਲਾਂ | - | ਸੁਲੱਖਣ ਸਰਹੱਦੀ, ਵਸ਼ਿਸ਼ਟ ਅਨੂਪ (ਹਿੰਦੀ ਗਜ਼ਲ) |
| ਨਜ਼ਮਾਂ | - | ਕਮਲ, ਗੁਰਦਿਆਲ, ਪੱਲ੍ਹਾ |
| ਵਿਸ਼ਵ ਕਵਿਤਾ | - | ਅਜ਼ਰਾਈਲੀ ਕਵਿੱਤਰੀ ਦਾਹਲੀਆ ਰਾਵੀ ਕੋਵਿਚ ਦੀਆਂ ਦੋ ਕਵਿਤਾਵਾਂ |
| ਪੰਜਾਬੀ ਕਹਾਣੀ | - | ਜ਼ੋਰਾ ਸਿੰਘ ਸੰਧੂ |
| ਸਿਮ੍ਰਿਤੀਆਂ | - | ਮਿੱਤਰ ਪਿਆਰਾ - ਲੋਰਕਾ (ਪਾਬਲੋ ਨੇਰੂਦਾ)<br>ਸੰਤਾਲੀ ਨਾਮਾ (ਹਰਚਰਨ ਸਿੰਘ) |
| ਵਾਦ-ਵਿਵਾਦ | - | ਨਿਰੰਜਣ ਸਿੰਘ ਪੋਹਾ |
| ਮੁਲਾਂਕਣ | - | ਸਹਿਕਦੀਆਂ ਲਾਸ਼ਾਂ (ਸੁਰਜੀਤ ਗਿੱਲ) ਜੱਗ ਜੀਉਂਦਾ ਰਿਸ਼ਤਾ ਮਿੱਟੀ ਦਾ (ਡਾ. ਗੁਰਨਾਮ ਕੌਰ) |
| ਪੁਸਤਕ ਪੜਚੋਲ | - | ਰੂਸ ਦੇ ਗਦਰੀ ਦਸੰਬਰੀਏ (ਡਾ. ਭੁਪਿੰਦਰ ਕੌਰ) ਹਉਕੇ ਦਾ ਅਨੁਵਾਦ (ਸੁਲੱਖਣ ਸਰਹੱਦੀ) ਉਪਰਾਮ ਮੌਸਮ (ਹ.ਸ.ਹ.) ਸਿਰੋਂ ਸੱਖਣੇ ਲੋਕ (ਰਮਨਦੀਪ ਕੌਰ) |
| ਪੁਸਤਕ ਪ੍ਰਾਪਤੀ | | ..... |
| ਟਾਈਟਲ | - | ਅੰਮ੍ਰਿਤਾ ਸ਼ੇਰਗਿਲ (ਤਿੰਨ ਪੰਜਾਬੀ ਕੁੜੀਆਂ) |


Postal Address:
Harbhajan Singh Hundal,
V.FAtu Chak,
P.O. Dhilwan
Distt. Kapurthala -144804
(Pb.) India
Phone No. 01822-273188

ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | :50 ਰੁ. |
| ਇਕ ਪਰਚਾ | : 15 ਰੁ. |
| ਸੰਸਥਾਵਾਂ (ਵਾਰਸ਼ਿਕ) | : 70 ਰੁ. |
| ਵਿਦੇਸ਼ (ਯੂ.ਕੇ.) | : 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : 300 ਰੁ. |

**ਚੰਦਾ ਸਿਰ.ਫ ਮਨੀ ਆਰਡਰ ਰਾਹੀਂ ਭੇਜਿਆ ਜਾਵੇ।**

ਚਿਰਾ.ਗ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼ 274-ਚੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ 352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ 31 ਅਪ੍ਰੈਲ 2008



## 1. ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੀ ਚੋਣ

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੀ ਸਰਬਸੰਮਤੀ ਨਾਲ ਹੋਈ ਚੋਣ ਲਈ ਅਸੀਂ ਅਦਾਰਾ ਚਿਰਾ.ਗ ਵਲੋਂ ਨਵੇਂ ਚੁਣੇ ਗਏ ਅਹੁਦੇਦਾਰਾਂ, ਕੇਂਦਰੀ ਸਭਾ ਦੇ ਸਮੂਹ ਮੈਂਬਰਾਂ ਅਤੇ ਸਰਬਸੰਮਤੀ ਲਈ ਯਤਨ ਕਰਨ ਵਾਲੇ ਸਮੂਹ ਆਗੂਆਂ ਅਤੇ ਮੈਂਬਰਾਂ ਨੂੰ ਹਾਰਦਿਕ ਵਧਾਈ ਦਿੰਦੇ ਹਾਂ। ਸਾਨੂੰ ਇਸ ਲਈ ਵੀ ਵੱਡੀ ਖੁਸ਼ੀ ਹੈ ਕਿ ਪਿਛਲੇ ਅੰਕ ਵਿਚ ਅਸੀਂ ਜਿਹੜੇ ਵਿਚਾਰ ਪੇਸ਼ ਕੀਤੇ ਸਨ, ਉਹ ਚੋਣ ਵਿਚ ਲਗਭਗ ਧਿਆਨ ਵਿਚ ਰੱਖੇ ਗਏ ਹਨ। ਫਿਰ ਵੀ ਜਿਹੜੇ ਕੁਝ ਸੁਆਰਥੀ ਤੱਤ ਇਸ ਸਰਬਸੰਮਤੀ ਨੂੰ ਭੈਂਗੀ ਨਜ਼ਰ ਨਾਲ ਦੇਖ ਰਹੇ ਹਨ ਅਤੇ ਕਈ ਤਰ੍ਹਾਂ ਦੀਆਂ ਨਿਗੋਚਾਂ ਕੱਢ ਰਹੇ ਹਨ, ਉਹਨਾਂ ਤੋਂ ਭਵਿੱਖ ਵਿਚ ਲਗਾਤਾਰ ਸਾਵਧਾਨ ਰਹਿਣ ਦੀ ਲੋੜ ਹੈ। ਸਾਨੂੰ ਆਸ ਹੈ ਕਿ ਨਵੀਂ ਬਣੀ ਕਮੇਟੀ ਸਭਾ ਦੇ ਸੰਵਿਧਾਨ ਵਿਚ ਦਰਜ਼ ਉਦੇਸ਼ਾਂ ਨੂੰ ਕਦੇ ਅੱਖੋਂ ਉਹਲੇ ਨਹੀਂ ਕਰੇਗੀ। ਅਜੋਕੀ ਵਿਸ਼ਵ ਸਥਿਤੀ ਵਿਚ ਪੰਜਾਬੀ ਭਾਸ਼ਾ ਅਤੇ ਸਾਹਿਤ, ਸਾਡੇ ਸਭਿਆਚਾਰ ਦੇ ਨਰੋਏ ਤੱਤਾਂ ਨੂੰ ਕਾਇਮ ਰੱਖਣ ਲਈ ਅਤੇ ਬਾਹਰਲੇ ਪੂੰਜੀਵਾਦੀ ਰੁਝਾਨਾ ਦੇ ਬਾਜ਼ਾਰ ਦੀਆਂ ਲੋੜਾਂ ਲਈ ਪੈਦਾ ਕੀਤੇ ਜਾ ਰਹੇ ਸਭਿਆਚਾਰ ਨੂੰ ਸਮਝਣ-ਸਮਝਾਉਣ ਵਿਚ ਨਵੀਂ ਕਮੇਟੀ ਦੀ ਹੋਰ ਵਧੇਰੇ ਜ਼ਿੰਮੇਵਾਰੀ ਬਣਦੀ ਹੈ।

ਇਸ ਸਮੇਂ ਅਸੀਂ ਸਭਾ ਦੇ ਪਿਛਲੇ ਵਰ੍ਹਿਆਂ ਦੀ ਕਾਰਗੁਜ਼ਾਰੀ ਬਾਰੇ ਕੁਝ ਨਹੀਂ ਕਹਿਣਾ ਚਾਹੁੰਦੇ ਹੋਏ, ਭਵਿੱਖ ਲਈ ਇਹ ਕਹਾਂਗੇ ਕਿ ਅਸੀਂ ਵਿਸ਼ਵੀਕਰਨ ਵੇਲੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਖੜੀਆਂ ਕੀਤੀਆਂ ਗਈਆਂ ਵੰਗਾਰਾਂ ਦੇ ਸਨਮੁਖ ਹਾਂ। ਇਹਨਾਂ ਵਿਰੁੱਧ ਸਫਲਤਾ, ਲੇਖਕਾਂ ਅਤੇ ਪੰਜਾਬੀ ਪਾਠਕਾਂ ਦੀ ਚੇਤਨਾ ਨੂੰ ਪਰਚੰਡ ਕਰਨ ਅਤੇ ਉਸਾਰਨ ਲਈ ਵੱਡੇ ਉੱਦਮ ਦੀ ਲੋੜ ਹੈ। ਇਹ ਸਭਾ ਦੀਆਂ ਸਰਗਰਮੀਆਂ ਨੂੰ ਸ਼ਹਿਰਾਂ ਦੇ ਮੀਟਿੰਗਾਂ ਹਾਲਾਂ ਵਿਚੋਂ ਕੱਢਕੇ, ਪਿੰਡਾਂ ਵਿਚ ਲੋਕਾਂ ਨੂੰ ਮੀਟਿੰਗਾਂ ਵਿਚ ਸ਼ਾਮਲ ਹੋਣ ਦਾ ਅਵਸਰ ਪੈਦਾ ਕਰਕੇ ਅਤੇ ਲੋਕ ਸਭਾਵਾਂ ਵਲੋਂ ਕੀਤੇ ਜਾਂਦੇਂ ਸਾਹਿਤਕ ਪ੍ਰੋਗਰਾਮਾਂ ਨੂੰ ਵਿਸਥਾਰਨ ਨਾਲ ਹੀ ਸੰਭਵ ਹੋਣਾ ਹੈ। ਸਾਡੇ ਸਮਾਜ ਨੂੰ ਇਸ ਸਮੇਂ ਜਿਹੜੀਆਂ ਸਮੱਸਿਆਵਾਂ ਦਰਪੇਸ਼ ਹਨ, ਉਹਨਾਂ ਨੂੰ ਅਤੇ ਉਹਨਾਂ ਦੇ ਕਾਰਨਾਂ ਨੂੰ ਸਾਹਿਤ-ਸਿਰਜਣਾ ਵਿਚ ਪ੍ਰਗਟ ਕਰਨ ਲਈ, ਲੇਖਕਾਂ ਨੂੰ ਡੂੰਘੇ ਅਧਿਐਨ ਅਤੇ ਮਿਹਨਤ ਦੀ ਲੋੜ ਹੈ। ਪੰਜਾਬੀ ਦੇ ਗੰਭੀਰ ਆਲੋਚਕਾਂ ਨੂੰ ਚਾਹੀਦਾ ਹੈ ਕਿ ਉਹ ਨਵੇਂ ਲੇਖਕਾਂ ਦੀਆਂ ਲਿਖਤਾਂ ਨੂੰ ਵੀ ਆਪਣੀ ਆਲੋਚਨਾ ਦੇ ਘੇਰੇ ਵਿਚ ਲਿਆ ਕੇ, ਉਸਾਰੂ ਆਲੋਚਨਾਂ ਨਾਲ ਉਹਨਾਂ ਦੀ ਅਗਵਾਈ ਕਰਨ, ਇਹ ਪੰਜਾਬੀ ਸਾਹਿਤ ਦੀ ਬੜੀ ਵੱਡੀ ਸੇਵਾ ਹੋਵੇਗੀ ਅਤੇ ਇਹ ਉਹਨਾਂ ਨੂੰ ਉਤਸ਼ਾਹਤ ਕਰੇਗੀ। ਨਵੇਂ ਲੇਖਕਾਂ ਨੂੰ ਨਿਰਸੰਦੇਹ ਅਖ਼ਬਾਰਾਂ-ਰਸਾਲਿਆਂ ਵਿਚ ਛਪਣਾ ਜ਼ਰੂਰੀ ਹੈ ਪ੍ਰੰਤੂ ਉਹਨਾਂ ਨੂੰ ਪੁਸਤਕ ਰੂਪ ਵਿਚ ਸੰਪਾਦਨਾਂ ਲਈ ਕਾਹਲ ਦੀ ਥਾਂ ਠਰੰਮੇ ਤੋਂ ਕੰਮ ਲੈਣਾ ਚਾਹੀਦਾ ਹੈ। ਉਹਨਾਂ ਦੀ ਕਾਹਲ ਬਹੁਤੀ ਵਾਰ ਲਾਲਚੀ ਪਬਲਿਸ਼ਰਾਂ ਦੀਆਂ ਤਜੋਰੀਆਂ ਭਰਨ ਵਿਚ ਸਹਾਇਕ ਹੁੰਦੀ ਹੈ। ਕੇਂਦਰੀ ਸਭਾ ਵਲੋਂ ਨਵੇਂ ਲੇਖਕਾਂ ਲਈ ਸਿਰਜਨਾ-ਵਰਕਸ਼ਾਪਾਂ ਸੰਗਠਤ ਕਰਨੀਆਂ ਸਹਾਈ ਹੋ ਸਕਦੀਆਂ ਹਨ।

ਪੰਜਾਬ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਨਾਲ ਅੱਸੀ (80) ਤੋਂ ਵੱਧ ਸਭਾਵਾਂ ਸੰਬੰਧਿਤ ਹਨ। ਇਹਨਾਂ ਦੀ ਦੋ ਹਜ਼ਾਰ ਤੋਂ ਉੱਪਰ ਮੈਂਬਰਸ਼ਿਪ ਹੈ। ਦੋ ਕਰੋੜ ਦੀ ਵਸੋਂ ਵਾਲੇ ਰਾਜ ਵਿਚ ਲੇਖਕਾਂ ਦੀ ਇਹ ਬਹੁਤ ਵੱਡੀ ਗਿਣਤੀ ਹੈ। ਜੇ ਕਰ ਲੇਖਕਾਂ ਦੀ ਬੁੱਧੀਜੀਵੀ-ਸ਼ਕਤੀ ਆਪਣੀ ਸਿਰਜਣਾ ਨੂੰ ਮਿਹਨਤ ਨਾਲ ਸਿਰਜਣਾ-ਕਾਰਜ ਵਿਚ ਲਗਾ ਦੇਵੇ ਤਾਂ ਉਹਨਾਂ ਦੀਆਂ ਲਿਖਤਾਂ

ਵਿਸ਼ਵੀਕਰਨ ਦੇ ਉਪਭੋਗਤਾਵਾਦੀ ਸੱਭਿਆਚਾਰ ਦੇ ਹਮਲੇ ਨੂੰ ਠੱਲ੍ਹ ਪਾਉਣ ਦੇ ਸਮਰੱਥ ਹੋ ਸਕਦੀਆਂ ਹਨ। ਇਹ ਲੋਕਾਂ ਦੀਆਂ ਸੋਚਾਂ ਵਿਚ, ਪੰਜਾਬੀ ਸੱਭਿਆਚਾਰ ਦੀਆਂ ਲੋਕ-ਪੱਖੀ, ਧਰਮ ਨਿਰਪੱਖ, ਜਮਹੂਰੀ, ਸਾਂਝੀਆਂ ਭਾਈਚਾਰਕ ਕਦਰਾਂ ਕੀਮਤਾਂ ਵਿਚ ਤੇਜ਼ੀ ਨਾਲ ਆ ਰਹੇ ਨਿਘਾਰ ਨੂੰ ਵੀ ਰੋਕ ਸਕਣ ਦੇ ਸਮਰੱਥ ਹੋ ਸਕਦੀ ਹੈ। ਵਿਸ਼ਵੀਕਰਨ ਦੇ ਸਾਡੇ ਸੱਭਿਆਚਾਰ ਦੇ ਲੋਕਮੁਖੀ ਅਤੇ ਪਰ ਸੁਆਰਥੀ ਗੁਣਾਂ ਨੂੰ, ਜਿਸ ਲਾਲਸਾ ਅਤੇ ਵਿਅਕਤੀਵਾਦੀ ਸੁਆਰਥੀ ਦਿਸ਼ਾ ਵੱਲ ਮੋੜ ਦਿੱਤਾ ਹੈ, ਇਸ ਨੇ ਸਮਾਜ ਸੇਵਾ ਦੇ ਪਰਉਪਕਾਰੀ ਖ਼ਾਸੇ ਨੂੰ ਡਾਢੀ ਢਾਅ ਲਾਈ ਹੈ। ਸੱਤਾ ਦੀ ਲਾਲਸਾ ਨੇ ਕੇਵਲ ਰਾਜਨੀਤੀ ਦੇ ਖੇਤਰ ਨੂੰ ਹੀ ਭ੍ਰਿਸ਼ਟਤਾ ਵਿਚ ਰੋੜ੍ਹ ਦਿੱਤਾ ਹੈ, ਸਗੋਂ ਧਰਮ ਦੀ ਉਦਾਰਤਾ ਨੂੰ ਖ਼ੁਦਗਰਜ਼ੀ ਅਤੇ ਫਿਰਕੂ ਤੰਗਨਜ਼ਰੀ ਦੀਆਂ ਕਾਲਖਾਂ ਨਾਲ ਲੱਥ ਪੱਥ ਕਰ ਦਿੱਤਾ ਹੈ। ਸਿਹਤ ਸੇਵਾਵਾਂ ਅਤੇ ਵਿੱਦਿਆ ਦੇ ਖੇਤਰ, ਆਪਣੇ ਮਨੁੱਖੀ ਸੇਵਾ ਦੇ ਕਰਤੱਵ ਨੂੰ ਤਿਆਗ ਕੇ, ਗ਼ੈਰ-ਮਨੁੱਖੀ ਰੁਚੀਆਂ ਨਾਲ ਜੋੜ ਕੇ, ਵੱਧ ਤੋਂ ਵੱਧ ਲੁੱਟ ਕਰਨ ਲਈ ਆਪਣਾ ਉਦੇਸ਼ ਬਣਾ ਬੈਠੇ ਹਨ। ਇਸ ਸਥਿਤੀ ਵਿਚ ਬੁੱਧੀਜੀਵੀ ਲੇਖਕਾਂ ਤੋਂ ਬਿਨਾਂ, ਲੋਕਾਂ ਦੀ ਬਾਂਹ ਕੌਣ ਫੜੇ? ਰਾਜਨੀਤੀ ਦੇ ਲੋਕਪੱਖੀ ਮੋੜ ਕੱਟਣ ਲਈ ਵੀ ਮੁੱਖ ਤੌਰ ਉੱਤੇ ਸਾਹਿਤ ਹੀ ਕਾਰਗਾਰ ਭੂਮਿਕਾ ਨਿਭਾ ਸਕਦਾ ਹੈ।

ਯੂਨੈਸਕੋ ਵਲੋਂ ਪੰਜਾਬੀ ਭਾਸ਼ਾ ਦੇ ਭਵਿੱਖ ਉੱਤੇ ਜੋ ਸਵਾਲੀਆ ਚਿੰਨ੍ਹ ਲਗਾ ਦਿੱਤਾ ਹੈ ਉਸ ਬਾਰੇ ਕੇਵਲ ਚਿੰਤਾ ਕਰਨ ਕੋਈ ਇਲਾਜ ਨਹੀਂ ਹੈ, ਸਗੋਂ ਚਿੰਤਾ ਤੋਂ ਅੱਗੇ ਜਾ ਕੇ ਲੇਖਕਾਂ ਦੀ ਸਿਰਜਣਾਤਮਿਕਤਾ ਅਤੇ ਬੁੱਦੀਮਤਾ ਦੀ ਕਾਰਜਸ਼ੀਲਤਾ ਹੀ ਲੋਕਾਂ ਨਾਲ ਜੁੜ ਕੇ ਉੱਚਿਤ ਜੁਆਬ ਹੋ ਸਕਦੀ ਹੈ।

ਚਲੰਤ ਵਰ੍ਹੇ ਵਿਚ ਸ਼ਹੀਦ ਭਗਤ ਸਿੰਘ ਦੀ ਜਨਮ ਸ਼ਤਾਬਦੀ ਦੇ ਵਰ੍ਹੇ ਨਾਲ ਸੰਬੰਧਿਤ ਪਿੰਡਾਂ-ਸ਼ਹਿਰਾਂ ਵਿਚ ਹਜ਼ਾਰਾਂ ਸਾਹਿਤਕ, ਰੰਗਮੰਚੀ, ਖੇਡਾਂ ਆਦਿ ਦੇ ਅਨੇਕਾਂ ਸਭਿਆਚਾਰਕ ਸਰਗਰਮੀਆਂ ਵਿਚ ਪੰਜਾਬੀ ਲੇਖਕਾਂ, ਬੁੱਧੀਜੀਵੀਆਂ, ਰੰਗਕਰਮੀਆਂ ਆਦਿ ਦਾ ਵੱਡਾ ਯੋਗਦਾਨ ਸਾਡੇ ਸਾਹਮਣੇ ਹਨ। ਇਹ ਸਰਗਰਮੀਆਂ ਉਪਰੋਕਤ ਸੰਭਾਵੀ ਇੱਛਾ ਦਾ ਹੀ ਇਕ ਪੂਰਕ ਵੀ ਬਣਦਾ ਹੈ। ਇਹਨਾਂ ਵਿਚ ਇੱਕ ਜਾਂ ਦੂਜੇ ਰੂਪ ਵਿਚ ਭਾਗ ਲੈਣ ਵਾਲੇ, ਬਹੁਤੇ ਲੇਖਕ ਅਤੇ ਰੰਗ ਕਰਮੀ, ਕੇਂਦਰੀ ਸਭਾ (ਰਜਿ.) ਦੇ ਸਿੱਧੇ ਜਾਂ ਅਸਿੱਧੇ ਰੂਪ ਵਿਚ ਮੈਂਬਰ ਹੋਣ ਦੇ ਨਾਤੇ ਜੁੜੇ ਹੋਏ ਹਨ। ਉਹਨਾਂ ਲਈ ਅਤੇ ਹੋਰਨਾਂ ਸਾਹਿਤ ਸਿਰਜਕਾਂ ਲਈ, ਉਹ ਨਵੇਂ ਹਨ ਜਾਂ ਪੁਰਾਣੇ, ਅਸੀਂ ਸ਼ਹੀਦ ਭਗਤ ਸਿੰਘ ਦੇ ਆਪਣੇ ਲਈ ਕਹੇ ਸਵੈ-ਆਲੋਚਕਾਂ ਵਾਲੇ ਉਹਨਾਂ ਹੀ ਸ਼ਬਦਾਂ ਦੀ ਯਾਦ ਦਿਵਾਉਣਾ ਚਾਹੁੰਦੇ ਹਾਂ। ਜਿਸ ਵਿਚ ਉਹਨਾਂ ਆਪਣੇ ਆਪ ਨੂੰ ਨਿੱਠ ਕੇ ਲਗਾਤਾਰ "ਅਧਿਐਨ, ਅਧਿਐਨਅਤੇ ਅਧਿਐਨ" ਕਰਨ ਤੇ ਜ਼ੋਰ ਦਿੱਤਾ ਸੀ। ਉਹਨਾਂ ਦਾ ਇਹ 1927 ਦਾ ਅਹਿਦ ਜਦੋਂ ਉਹਨਾਂ ਅਮਲ ਵਿਚ ਲਿਆਂਦਾ ਤਾਂ ਉਹਨਾਂ ਅਨੇਕਾਂ ਸੰਸਾਰ ਪ੍ਰਸਿੱਧ ਵਿਦਵਾਨਾਂ, ਲੇਖਕਾਂ, ਦਾਰਸ਼ਨਿਕਾਂ ਦੀਆਂ ਲਿਖਤਾਂ, ਖ਼ਾਸ ਕਰਕੇ ਮਾਰਕਸ, ਏਂਗਲਜ਼, ਲੈਨਿਨ, ਅੱਪਟੋਨ ਸੰਕਲੇਇਰ, ਬਰਨਾਰਡ ਸ਼ਾਹ, ਲਾਲਾ ਹਰਦਿਆਲ ਆਦਿ ਦੀਆਂ ਪੁਸਤਕਾਂ ਦਾ ਅਧਿਐਨ ਕੀਤਾ। ਇਸ ਨੇ ਸ. ਭਗਤ ਦੇ ਵਿਅਕਤੀਤਵ ਦੀ ਸਿਰਜਣਾ ਕਰਨ ਵਿਚ ਮੁੱਖ ਭੂਮਿਕਾ ਨਿਭਾਈ। ਇਹ ਵਿਅਕਤੀਤਵ ਉਹ ਵਿਅਕਤੀਤਵ ਹੀ ਹੈ ਜਿਹੜਾ ਅੱਜ ਭਾਰਤ ਦੇ ਕਰੋੜਾਂ ਲੋਕਾਂ ਦਾ ਖ਼ਾਸ ਕਰਕੇ ਨੌਜਵਾਨਾਂ ਦਾ ਆਦਰਸ਼ ਪੁਰਸ਼ ਦੇ ਰੂਪ ਵਿਚ ਸਾਡੇ ਸਾਹਮਣੇ ਹੈ। ਸ਼ਹੀਦ ਭਗਤ ਸਿੰਘ ਇਕ ਰਾਜਨੀਤੀਵੇਤਾ, ਇੱਕ ਮਹਾਨ ਸ਼ਹੀਦ ਅਤੇ ਲੋਕ ਜਮਹੂਰੀ ਤਬੀਦੀਲੀ ਲਈ ਇਕ ਪ੍ਰਚਾਰਕ ਤੋਂ ਬਿਨਾਂ ਇਕ ਮਹਾਨ ਲੇਖਕ ਵਜੋਂ ਵੀ ਸਾਡੇ ਸਾਹਮਣੇ ਹੈ। ਸ਼ਹੀਦ ਭਗਤ ਸਿੰਘ ਅੰਗਰੇਜ਼ ਸਾਮਰਾਜ ਅਤੇ ਉਸ ਸਮੇਂ ਦੀ ਰਾਜਨੀਤਿਕ ਪਾਰਟੀ ਕਾਂਗਰਸ ਲਈ ਵੀ ਵੰਗਾਰ ਬਣ ਗਿਆ ਸੀ। ਇਸ ਰੂਪ ਵਿਚ ਉਹ ਆਪਣੇ ਅਧਿਐਨ ਅਤੇ ਉਸ ਨੂੰ ਅਮਲ ਵਿਚ ਲਿਆਉਣ ਨਾਲ ਹੀ



ਵਿਕਸਤ ਹੋਇਆ ਸੀ। ਉਸ ਦੀਆਂ ਲਿਖਤਾਂ ਅਤੇ ਉਸਦੀ ਮਾਰਕਸਵਾਦੀ ਵਿਚਾਰਧਾਰਾ ਸਾਡੇ ਲਈ ਵਿਸ਼ਵੀਕਰਨ ਦੀਆਂ ਵੰਗਾਰਾਂ ਨਾਲ ਟੱਕਰਨ ਲਈ ਸਹਾਇਕ ਹੋ ਸਕਦੀ ਹੈ। ਅੱਜ ਦੀਆਂ ਮੁਸ਼ਕਿਲਾਂ ਦਾ ਹੱਲ, ਲੋਕ ਜਮਹੂਰੀ ਬਦਲ ਦੀ ਸਫਲਤਾ ਦੇ ਰੂਪ ਵਿਚ ਹੀ ਹੋ ਸਕਦਾ ਹੈ। ਇਸ ਵਿਚ ਕੇਂਦਰੀ ਸਭਾ ਸਮੂਹ ਲੇਖਕ ਭਾਈਚਾਰੇ ਨੂੰ ਜਾਗਰਤ ਕਰਕੇ ਵੱਡਾ ਹਿੱਸਾ ਪਾ ਸਕਦੀ ਹੈ।

ਸਾਡਾ ਇਹ ਵਿਸ਼ਵਾਸ ਹੈ ਕਿ ਵਿਸ਼ਵ ਜਨਸਮੂਹ ਦੀ ਅਜੋਕੀ ਤਰਾਸਦਿਕ ਸਥਿਤੀ ਵਿਚ ਸਾਹਿਤ ਦੇ ਪਾਠਕਾਂ ਵਿਚ ਸ਼ਕਤੀ ਅਤੇ ਗਿਆਨ ਦੇ ਸੰਚਾਰ ਲਈ, ਸਾਹਿਤਕਾਰਾਂ, ਲੇਖਕਾਂ ਤੋਂ ਬਿਨਾਂ ਦੂਸਰਾ ਕੋਈ ਨਹੀਂ ਹੋ ਸਕਦਾ। ਨਿਰਸੰਦੇਹ ਅੱਜਕੱਲ੍ਹ ਦੇ ਕਈ ਅਖੌਤੀ ਉਚ-ਦੁਮਾਲੜੇ ਕਵੀ, ਲੇਖਕ ਅਤੇ ਬੁੱਧੀਜੀਵੀ ਲੋਕਾਂ ਤੋਂ ਬੇਮੁਖ ਹੋ ਕੇ, ਹਾਕਮ ਜਮਾਤਾਂ ਅਤੇ ਬੁੱਧੀਜੀਵੀਆਂ ਦੇ ਸੋਹਲੇ ਗਾਉਣ ਲਈ ਜ਼ਰਾ ਸੰਗ ਸ਼ਰਮ ਮਹਿਸੂਸ ਨਹੀਂ ਕਰ ਰਹੇ। ਅਖੌਤੀ ਲੋਕ ਗੀਤਕਾਰ ਅਸ਼ਲੀਲਤਾ ਵਿਚ ਡੁੱਬ ਕੇ, ਨੌਜਵਾਨ ਪੀੜ੍ਹੀ ਨਾਲ ਧਰੋ ਕਮਾ ਕੇ ਮੁਜਰਮਾਨਾ ਰੋਲ ਅਦਾ ਕਰ ਰਹੇ ਹਨ। ਗੀਤਕਾਰਾਂ ਨੂੰ ਅਤੇ ਗੀਤ ਗਾਇਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਨ। ਉਹ ਨੰਦ ਲਾਲ ਨੂਰਪੁਰੀ, ਅਮਰ ਸਿੰਘ ਸ਼ੌਕੀ, ਇੰਦਰਜੀਤ ਹਸਨਪੁਰੀ ਆਦਿ ਅਤੇ ਸੁਰਿੰਦਰ ਕੌਰ, ਪ੍ਰਕਾਸ਼ ਕੌਰ ਆਦਿ ਦੀ ਗੀਤਕਾਰੀ ਦੀ ਵਿਰਾਸਤ ਨੂੰ ਯਾਦ ਰੱਖਣ।

ਅਸੀਂ ਆਸ ਕਰਦੇ ਹਾਂ ਕਿ ਇਸ ਸਮੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੀ ਨਵੀਂ ਚਣੀ ਹੋਈ ਲੀਡਰਸ਼ਿਪ, ਅਜੋਕੇ ਸਮੇਂ ਵਿਚ ਸਾਹਿਤ ਅਤੇ ਸੱਭਿਆਚਾਰ ਦੇ ਸਮੁੱਚੇ ਰੂਪ ਨੂੰ ਅਤੇ ਸਮਾਜਿਕ ਪ੍ਰਬੰਧ ਵਿਚ ਵਿਸ਼ਵੀਕਰਨ ਦੇ ਮਾਰੂ ਵਾਰ ਨੂੰ ਪਛਾਣਦੀ ਹੋਈ, ਆਪਮੀ ਜ਼ਿੰਮੇਵਾਰੀ ਨੂੰ ਨਿਭਾਉਣ ਵਿਚ ਸਫਲ ਹੋ
ਵੇਗੀ।

## 2. ਪੰਜਾਬੀ ਸਰਕਾਰ ਅਤੇ ਪੰਜਾਬੀ ਭਾਸ਼ਾ

ਬਾਦਲ ਸਰਕਾਰ ਨੇ ਪੰਜਾਬ ਵਿਧਾਨ ਸਭਾ ਵਿਚ, ਅਸੈਂਬਲੀ ਸੈਸ਼ਨ ਦੇ ਆਖ਼ਰੀ ਦਿਨ, ਪੰਜਾਬ ਵਿਚ ਪਹਿਲੀ ਤੋਂ ਹਾਇਰ ਸੈਕੰਡਰੀ ਸਕੂਲਾਂ ਵਿਚ, ਪੰਜਾਬੀ ਦੀ ਲਾਜ਼ਮੀ ਪੜ੍ਹਾਈ ਅਤੇ ਰਾਜ ਪ੍ਰਬੰਧ ਵਿਚ ਪੰਜਾਬੀ ਲਾਗੂ ਕਰਨ ਲਈ ਇਕ ਮਤਾ ਲਿਆਂਦਾ, ਜੋ ਸਰਬ ਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਇਸ ਮਤੇ ਦੀ ਸਾਰੇ ਪੰਜਾਬੀ ਪ੍ਰੇਮੀਆਂ, ਬੁੱਧੀਵਾਨਾ ਅਤੇ ਸਾਹਿਤ ਸਭਾਵਾਂ ਨੇ ਭਰਵਾਂ ਸੁਆਗਤ ਕੀਤਾ, ਜੋ ਕਰਨਾ ਵੀ ਚਾਹੀਦਾ ਸੀ। ਪ੍ਰੰਤੂ ਇਸ ਮਤੇ ਨੂੰ ਪਾਸ ਕਰਕੇ ਬਾਦਲ ਸਰਕਰਾ ਅਤੇ ਵਿਰੋਧੀ ਕਾਂਗਰਸ ਪਾਰਟੀ ਨੇ ਕੋਈ ਨਵੀਂ ਗੱਲ ਨਹੀਂ ਕੀਤੀ। ਪੰਜਾਬੀ ਨੂੰ ਰਾਜ ਭਾਸ਼ਾ ਐਕਟ 1968 ਦਾ ਇਤਿਹਾਸਕ ਕੰਮ ਦਾ ਮਰਹੂਮ ਲਛਮਣ ਸਿੰਘ ਗਿੱਲ ਦੀ ਘੱਟ ਗਿਣਤੀ ਸਰਕਾਰ ਵਲੋਂ ਹੀ ਪਾਸ ਕੀਤਾ ਹੋਇਆ ਹੈ। ਉਸਨੇ ਆਪਣੇ ਛੋਟੇ ਜਿੰਨੇ ਰਾਜਕਾਲ ਵਿਚ ਇਸ ਨੂੰ ਤੁਰੰਤ ਲਾਗੂ ਵੀ ਕਰ ਦਿੱਤਾ ਸੀ। ਪ੍ਰੰਤੂ ਲੰਘੇ ਚਾਲੀ ਸਾਲਾਂ ਵਿਚ ਪੰਜਾਬ ਵਿਚ ਬਣੀਆਂ ਸਾਰੀਆਂ ਹੀ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ ਨੇ ਇਸ ਭਾਸ਼ਾ ਐਕਟ ਨੂੰ ਲਾਗੂ ਨਹੀਂ ਕੀਤਾ ਸੀ, ਸਗੋਂ ਗਿੱਲ ਸਰਕਾਰ ਤੋਂ ਪਿੱਛੋਂ ਬਣੀ ਬਾਦਲ ਸਰਕਾਰ ਨੇ ਹੀ ਇਸ ਉੱਪਰ ਅਮਲ ਕਰਨਾ ਬੰਦ ਕਰ ਦਿੱਤਾ ਸੀ। ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਨੇਤਾ ਬੀਬੀ ਭੱਠਲ ਦੀ ਸਰਕਾਰ ਨੇ ਵੀ ਇਸ ਕਾਨੂੰਨ ਨੂੰ ਲਾਗੂ ਨਹੀਂ ਕੀਤਾ ਸੀ। ਹੁਣ ਜੇ ਕਰ ਇਹਨਾਂ ਇਕ ਮੱਤ ਹੋ ਕੇ, ਇਸ ਨੂੰ ਲਾਗੂ ਕਰਨ ਦਾ ਮਤਾ ਪਾਸ ਕਰ ਦਿੱਤਾ ਹੈ ਤਾਂ ਚੰਗੀ ਗੱਲ ਹੈ ਕਿ ਇਹਨਾਂ ਆਪਣੀ ਕੀਤੀ ਗਲਤੀ ਨੂੰ ਦਰੁੱਸਤ ਕਰ ਲਿਆ ਹੈ।

ਪਿਛਲੀ ਬਾਦਲ ਸਰਕਾਰ ਨੇ ਤਾਂ ਗਿੱਲ ਸਰਕਾਰ ਵਲੋਂ ਪੰਜਾਬੀ ਲਾਗੂ ਕਰਨ ਦੀ ਕੀਤੀ

ਗਲਤੀ ਨੂੰ ਦਰੁਸਤ ਕਰਨ ਲਈ ਪਹਿਲ ਜਮਾਤ ਤੋਂ ਅੰਗਰੇਜ਼ੀ ਲਾਗੂ ਕਰਨ ਦਾ ਮਾਅਰਕਾ ਮਾਰ ਕੇ ਜਿਵੇਂ ਵੱਡੀ ਮੱਲ ਮਾਰ ਲਈ ਹੋਵੇ। ਸਿਤਮਜ਼ਰੀਫ਼ੀ ਤਾਂ ਇਹ ਸੀ ਕਿ ਅੰਗਰੇਜ਼ੀ ਲਾਗੂ ਕਰਨ ਦੇ ਐਲਾਨ ਕਰਨ ਦਾ ਸਮਾਗਮ ਬਾਦਲ ਸਰਕਾਰ ਨੇ ਮਰਹੂਮ ਲਛਮਣ ਸਿੰਘ ਗਿੱਲ ਦੇ ਪਿੰਡ ਚੂਹੜ ਚੱਕ (ਮੋਗਾ) ਵਿਚ ਰੱਖਿਆ ਸੀ। ਜਿਸ ਦੀ ਸਟੇਜ ਨੂੰ ਇਕ ਪ੍ਰਸਿੱਧ ਨਾਵਲਕਾਰ ਨੇ ਚਲਾਇਆ ਸੀ। ਸਿਰਜਣਾ ਵਰਗੇ ਤ੍ਰੈਮਾਸਿਕ ਪੱਤਰਾਂ ਨੇ ਅੰਗਰੇਜ਼ੀ ਦੇ ਵਿਰੋਧ ਵਿਚ ਚਲਦੀ ਬਹਿਸ ਵਿਚੋਂ, ਸਰਕਾਰ ਦਾ ਪੱਖ ਪੂਰਿਆ ਸੀ ਜਿਸ ਵਿਚ ਸਿਰਮੌਰ ਕਹਾਣੀਕਾਰ ਵਰਿਆਮ ਸੰਧੂ ਵਰਗੇ ਲੇਖਕ ਵੀ ਸ਼ਾਮਲ ਸਨ।

ਰਾਜਸੱਤਾ ਵਿਚ ਆ ਕੇ ਹਾਕਮ ਪਾਰਟੀਆਂ ਆਪਣੇ ਵਾਅਦੇ ਭੁੱਲ ਜਾਂਦੀਆਂ ਹਨ। ਉਹ ਆਪਣੇ ਸਾਰੇ ਕੰਮਾਂ ਤੋਂ ਅੱਖਾਂ ਮੀਟ ਕੇ ਦੋਹੀਂ ਹੱਥੀਂ ਧਨ ਸਮੇਟਨ ਵਿਚ ਜੁਟ ਜਾਂਦੀਆਂ ਹਨ। ਸ਼ਾਇਦ ਇਸ ਵਾਰ ਬਾਦਲ ਸਰਕਾਰ ਨੂੰ ਇਹ ਕੰਮ ਸਰਕਾਰ ਦੇ ਮੁੱਢਲੇ ਮਹੀਨਿਆਂ ਵਿਚ ਹੀ 'ਓਰਬਿਟ ਟਰਾਂਸਪੋਰਟ' ਦੀ ਪੰਜਾਬ ਦੇ ਲੰਬੇ ਰੂਟਾਂ ਉੱਪਰ ਇਜਾਰੇਦਾਰੀ ਕਾਇਮ ਕਰਕੇ ਪੂਰਾ ਕਰ ਲਿਆ ਹੋਇਆ ਹੈ। ਕੁਝ ਵੀ ਹੈ ਪੰਜਾਬੀ ਲਾਗੂ ਕਰਨ ਦਾ ਪੰਜਾਬ ਸਰਕਾਰ ਦਾ ਫੈਸਲਾ ਸ਼ਾਬਾਸ਼ੇ ਦਾ ਹੱਕ-ਬਜਾਨਬ ਹੈ।

ਬਾਦਲ ਸਰਕਾਰ ਨੇ ਪੰਜਾਬੀ ਨੂੰ ਸਕੂਲਾਂ ਅਤੇ ਰਾਜਪ੍ਰਬੰਧ ਵਿਚ ਲਾਗੂ ਕਰਨ ਅਤੇ ਅਮਲ ਵਿਚ ਨਾ ਲਿਆਉਣ ਵਾਲਿਅਣ ਨੂੰ ਸਜ਼ਾ ਦੀ ਵਿਵਸਥਾ ਕਰਨ ਦਾ ਇਹ ਮਤਾ, ਅਸੈਂਬਲੀ ਦੇ ਆਖ਼ਰੀ ਦਿਨ ਕਿਉਂ ਤੇ ਕਿਵੇਂ ਲਿਆਂਦਾ, ਹੈਰਾਨੀ ਦੀ ਗੱਲ ਹੈ। ਇਸ ਮਤੇ ਨੂੰ ਪਾਸ ਕਰਨ ਤੋਂ ਪਹਿਲਾਂ ਦੀਆਂ ਕੁਝ ਸਾਹਿਤਕ ਖੇਤਰ ਦੀਆਂ ਸਰਗਰਮੀਆਂ ਸਾਡੇ ਧਿਆਨ ਵਿਚ ਆਉਂਦੀਆਂ ਹਨ।

16 ਮਾਰਚ ਨੂੰ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੀ ਸਰਬਸੰਮਤੀ ਨਾੱਲ ਚੋਣ ਦੀ ਦੀ ਪ੍ਰਕਿਰਿਆ ਪੂਰੀ ਹੋਈ। ਇਸ ਪਿਛੋਂ ਕੇਂਦਰੀ ਸਭਾ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਨੇ ਇੱਕ ਪ੍ਰੈਸ ਕਾਨਫਰੰਸ ਕੀਤੀ, ਜਿਸ ਵਿਚ ਸਰਕਾਰ ਤੋਂ ਸਕੂਲਾਂ ਵਿਚ ਪੰਜਾਬੀ ਲਾਗੂ ਕਰਨ ਅਤੇ ਰਾਜਪ੍ਰਬੰਧ ਵਿਚ ਇਸ ਦੀ ਵਰਤੋਂ ਬਾਰੇ ਇਕ ਬਿਆਨ ਦਿੱਤਾ ਸੀ। ਇਸ ਦੇ ਲਾਗੂ ਨਾ ਹੋਣ ਦੀ ਸੂਰਤ ਵਿਚ ਸੰਘਰਸ਼ ਬਾਰੇ ਪ੍ਰੋਗਰਾਮ ਬਣਾਉਣ ਦਾ ਸੰਕੇਤ ਦਿੱਤਾ ਗਿਆ। ਅਗਲੇ ਹਫਤੇ ਹੀ ਸਰਕਾਰ ਨੇ ਪੰਜਾਬੀ ਭਾਸ਼ਾ ਬਾਰੇ ਮਤਾ ਲਿਆਂਦਾ, ਜੋ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਇਸ ਨੂੰ ਇਉਂ ਸਮਝਣ ਦੀ ਗਲਤੀ ਹੋਵੇਗਾ ਕਿ ਸਰਕਾਰ ਕੇਂਦਰੀ ਸਭਾ ਦੇ ਬਿਆਨ ਤੋਂ ਡਰ ਗਈ ਹੋਵੇ। ਹਾਂ, ਇਹ ਜ਼ਰੂਰ ਹੈ ਕਿ ਕੇਂਦਰੀ ਸਭਾ ਦੀ ਸਰਬਸੰਮਤੀ ਨਾਲ ਹੋਈ ਚੋਣ ਅਤੇ ਭਾਸ਼ਾ ਬਾਰੇ ਪਹਿਲਾ ਬਿਆਨ ਸਰਕਾਰ ਨੂੰ, ਸਾਹਿਤ ਸੰਸਾਰ ਦੀ ਲੀਡਰਸ਼ਿਪ ਦੀ, ਪੰਜਾਬੀ ਪ੍ਰਤੀ ਪ੍ਰਤੀਬੱਧਤਾ ਨੂੰ ਦਰਸਾਉਂਦੀ ਹੈ। ਯੂਨੈਸਕੋ ਵਲੋਂ ਪੰਜਾਬੀ ਭਾਸ਼ਾ ਦੀ ਹੋਂਦ ਲਈ ਖ਼ਤਰੇ ਦੀ ਘੰਟੀ ਵੀ ਇਸ ਦੇ ਨਾਲ ਹੀ ਜੁੜ ਗਈ ਹੈ।

ਇਸ ਸਰਬਸੰਮਤੀ ਨਾਲ ਪਾਸ ਹੋਏ ਮਤੇ ਦੇ ਨਾਲ ਹੀ ਇਹ ਵੀ ਨਹੀਂ ਭੁੱਲਣਾ ਚਾਹੀਦਾ ਹੈ ਕਿ ਬਾਦਲ ਸਰਕਾਰ ਭਾਜਪਾ ਦੀਆਂ ਵਿਸਾਖੀਆਂ ਦੇ ਸਹਾਰੇ ਖੜੀ ਹੈ, ਜਿਹੜੀ ਕਿ ਹਿੰਦੂਤਵੀ ਏਜੰਡੇ ਅਨੁਸਾਰ ਮੁੱਢੋਂ ਪੰਜਾਬੀ ਦਾ ਵਿਰੋਧੀ ਕਰਦੀ ਹੈ। ਇਹ ਸਰਕਾਰ ਦੀ ਮਤੇ ਨੂੰ ਅਮਲ ਵਿਚ ਲਿਆਉਣ ਦੀ ਦ੍ਰਿੜ੍ਹਤਾ ਹੀ ਸਾਬਤ ਕਰੇਗੀ ਕਿ ਕੀ ਹਿੰਦੀ ਅਤੇ ਅੰਗਰੇਜ਼ੀ ਮਾਧਿਅਮ ਦੇ ਪ੍ਰਾਈਵੇਟ ਸਕੂਲ ਵਿਚ, ਸਰਕਾਰੀ ਸਕੂਲਾਂ ਵਾਂਗ ਹੀ ਪੰਜਾਬੀ ਸਿੱਖਿਆ ਦਾ ਮਾਧਿਅਮ ਬਣੇਗੀ?

ਇਥੇ ਅਸੀਂ ਫਿਰ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਨੂੰ ਸਲਾਹ ਦੇਣੀ ਚਾਹੁੰਦੇ ਹਾਂ ਕਿ ਉਹ ਸਰਕਾਰ ਦੇ ਅਮਲਾਂ ਉੱਪਰ ਲਗਾਤਾਰ ਕਰੜੀ ਨਜ਼ਰ ਰੱਖੇ। ਸਭ ਕੁਝ ਦੇ ਬਾਵਜੂਦ ਅਸੀਂ ਇਕ ਵਾਰ ਆਪਣੇ ਵਲੋਂ ਵੀ ਸਰਕਾਰ ਦੇ ਫੈਸਲੇ ਦਾ ਸੁਆਗਤ ਕਰਦੇ ਹੋਏ ਇਹ ਆਸ ਰੱਖਾਂਗੇ ਕਿ ਉਹ ਪੰਜਾਬੀ ਨੂੰ ਲਾਗੂ ਕਰਨ ਲਈ ਪਾਸ ਕੀਤੇ ਮਤੇ ਨੂੰ ਪੂਰੀ ਤਰ੍ਹਾਂ ਲਾਗੂ ਕਰੇਗੀ ਅਤੇ ਆਪਣੀ ਕਥਨੀ ਅਤੇ ਕਰਨੀ ਨੂੰ ਸਹੀ ਸਾਬਤ ਕਰੇਗੀ। •





# ਅਫ਼ਜ਼ਲ ਤੌਸੀਫ਼ ਦੀਆਂ ਨਜ਼ਮਾਂ

ਅਫ਼ਜ਼ਲ ਤੌਸੀਫ਼ ਪਾਕਿਸਤਾਨ ਦੀ ਪੰਜਾਬੀ ਤੇ ਉਰਦੂ ਦੀ ਸੁਪ੍ਰਸਿੱਧ ਵਚਨ-ਬੱਧ ਲੇਖਕਾ ਹੈ। ਉਹ ਵਾਹਗੇ ਪਾਰ ਦੇ ਪੰਜਾਬ ਦੀ ਨਾਮਵਰ ਅਦਬੀ ਸ਼ਖ਼ਸੀਅਤ ਹੈ। ਕਹਾਣੀ-ਖੇਤਰ ਵਿਚ ਉਸ ਦੀਆਂ ਲਿਖਤਾਂ ਦਾ ਜ਼ਿਕਰ ਅਕਸਰ ਹੁੰਦਾ ਰਹਿੰਦਾ ਹੈ। ਉਸਨੇ ਫੌਜ ਦੇ ਤਾਨਾਸ਼ਾਹੀ ਰਾਜ ਵਿਚ ਗੁਪਤ-ਵਾਸ ਦੀਆਂ ਪ੍ਰੇਸ਼ਾਨੀਆਂ ਬਰਦਾਸ਼ਤ ਕੀਤੀਆਂ ਹਨ ਅਤੇ ਜੇਲ੍ਹ ਦੀਆਂ ਦੁਸ਼ਵਾਰੀਆਂ ਵੀ ਝੱਲੀਆਂ ਹਨ। ਪਰ ਉਹ ਇਹਨਾਂ ਘੱਲੂਘਾਰਿਆਂ ਵਿਚ ਅਡੋਲ ਵਿਚਰਦੀ ਰਹੀ ਹੈ। ਉਹ ਲਹਿੰਦੇ ਪੰਜਾਬ ਦੀ ਪ੍ਰਸਿੱਧ ਕਾਲਮ ਨਵੀਸ ਵੀ ਹੈ ਤੇ ਕਦੇ ਕਦਾਈਂ ਨਜ਼ਮ ਵੀ ਲਿਖਦੀ ਹੈ। ਆਜ਼ਾਦ ਨਜ਼ਮ ਰਾਹੀਂ ਆਪਣੀਆਂ ਉਹਨਾਂ ਭਾਵਨਾਵਾਂ ਨੂੰ ਪ੍ਰਗਟ ਕਰਦੀ ਹੈ, ਜੋ ਹੋਰਨਾਂ ਸਾਹਿਤ-ਰੂਪਾਂ ਰਾਹੀਂ ਪ੍ਰਗਟ ਕਰਨੀਆਂ ਅਸੰਭਵ ਲੱਗਦੀਆਂ ਹਨ।

ਸੰਨ ਸੰਤਾਲੀ ਵੇਲੇ ਤੌਸੀਫ਼ ਦਾ ਸਾਰਾ ਪਰਿਵਾਰ ਫਿਰਕੂ ਕਾਤਲਾਂ ਦੇ ਹੱਥੋਂ ਕਤਲ ਹੋ ਗਿਆ ਸੀ। ਉਸ ਵੇਲੇ ਤੌਸੀਫ਼ ਨਾਨਕੇ ਪਿੰਡ ਗਈ ਹੋਣ ਕਾਰਨ ਬਚ ਗਈ ਸੀ। ਕਤਲੇ-ਆਮ ਦਾ ਉਹ ਸਾਰਾ ਦਰਦ ਤੌਸੀਫ਼ ਦੀਆਂ ਲਿਖਤਾਂ ਰਾਹੀਂ ਵੰਨ-ਸੁਵੰਨੇ ਸਾਹਿਤਕ ਰੂਪਾਂ ਰਾਹੀਂ ਪ੍ਰਗਟ ਹੋ ਕੇ ਸ਼ਾਨਦਾਰ ਤੇ ਜਾਨਦਾਰ ਰਚਨਾਵਾਂ ਦਾ ਰੂਪ ਧਾਰਦਾ ਰਹਿੰਦਾ ਹੈ। ਤੌਸੀਫ਼ ਦੀ ਸਾਹਿਤਕ ਅਜ਼ਮਤ ਅੱਗੇ ਸਿਰ ਝੁਕ ਜਾਂਦਾ ਹੈ। ਅੱਜ ਉਹ ਅੰਮ੍ਰਿਤਾ ਪ੍ਰੀਤਮ ਤੋਂ ਬਾਅਦ, ਦੋਹਾਂ ਪੰਜਾਬਾਂ ਵਿਚ ਸਭ ਤੋਂ ਵੱਧ ਪੜ੍ਹੀ ਜਾਣ ਵਾਲੀ ਸਤਿਕਾਰੀ ਲੇਖਕਾ ਹੈ।

ਪੇਸ਼ ਨਜ਼ਮਾਂ ਜੋ ਤੌਸੀਫ਼ ਹੋਰਾਂ ਦੀਆਂ ਕਈ ਪੁਸਤਕਾਂ ਵਿਚੋਂ ਖਿੰਡੀਆਂ ਪੁੰਡੀਆਂ ਪਈਆਂ ਸਨ, ਅੱਜ ਇਕੱਠੀਆਂ ਕਰਕੇ ਲਿਪੀ ਬਦਲ ਕੇ ਛਾਪੀਆਂ ਜਾ ਰਹੀਆਂ ਹਨ। – ਸੰਪਾਦਕ

## 1. ਅਮਨ ਕਿਤੇ ਨਹੀਂ

ਤੁਸੀਂ ਸ਼ਾਇਰ ਲੋਕ ਚੰਗੇ ਓ
ਅਮਨ ਦੀ ਗੱਲ ਕਰਦੇ ਓ
ਮਿਹਰ ਕਰੋ ਜੋ ਅਮਨ ਦਾ ਪਤਾ ਚਾ ਦੱਸੋ
ਅਮਨ ਕਿੱਥੇ ਵੱਸਦਾ ਏ?
ਤੇਰੇ ਸ਼ਹਿਰ ਵਿਚ ਨਹੀਂ
ਮੇਰੇ ਪਿੰਡ ਵਿਚ ਨਹੀਂ
ਘੁੱਗੀ ਨਿਮਾਣੀ ਦਾ ਆਹਲਣਾ ਨਹੀਂ
ਕਿ ਪਿਪਲਾਂ ਵਾਲੇ ਖੂਹ ਤੇ ਨਹੀਂ
ਅਮਨ ਕਿਧਰੇ ਵੀ ਨਹੀਂ।
ਘਰ ਦੀਆਂ ਚਹੁੰ ਕੰਧਾਂ ਅੰਦਰ
ਕਈ ਫ਼ਿਕਰਾਂ ਕਈ ਖ਼ਤਰੇ
ਕਈ ਅੰਦੇਸ਼ੇ, ਕਈ ਜੰਗਾਂ,
ਕਈ ਮਸਲੇ ਹਨ।
ਬੁੱਢੜੀ ਮਾਈ ਨੂੰ ਡਾਕੂ ਲੁੱਟੇ ਨਿੱਤ ਨਿੱਤ
ਗਲੀ ਗਲੀ ਬਾਲਾਂ ਦਾ ਕਾਤਿਲ ਖੜਾ
ਸੜਕ ਸੜਕ ਕਲਾਸ਼ਨੀਕੋਵ ਚੱਲਦੀ

ਤੇ ਰੇਪ ਵਾਲੇ ਗੈਂਗੀ ਹਰ ਥਾਂ, ਸ਼ਹਿਰ ਗਿਰਾਂ
ਅਮਨ ਦੀ ਜੂਹ ਉਜਾੜੀ ਜਾਂਦੇ
ਕੀ ਹਾਕਮ, ਕੀ ਗੁੰਡੇ ਰਲ ਕੇ
ਆਪਣੇ ਦੇਸ਼ ਅੱਜ ਅਮਨ ਦੀ
ਗੱਲ ਔਖੀ ਥੀ ਗਈ ਏ
ਚੱਲ ਬਾਹਰ ਕਿਤੇ ਚੱਲ ਕੇ ਪੁੱਛੀਏ
ਕਿਸ ਭਾਅ ਵਿਕੇਂਦੀ ਏ ਦਾਤ
ਬੋਸਨੀਆ ਦੇ ਸ਼ਹਿਰ ਵਿਚ
ਕਸ਼ਮੀਰ ਦੀਆਂ ਵਾਦੀਆਂ ਵਿਚ
ਅਫ਼ਗਾਨ ਪਹਾੜਾਂ ਉੱਤੇ
ਇਰਾਕ ਦੇ ਸ਼ਹਿਰਾਂ ਕੋਲੋਂ ਪੁੱਛ ਲਈਏ
ਬੰਬਈ ਦੀਆਂ ਗਲੀਆਂ ਵੇਖਣ ਚੱਲੀਏ।
ਹੈ ਰਾਤ! ਸਦ ਹੈਫ਼!
ਇਨਸਾਨ ਦੀਆਂ ਲਾਸ਼ਾਂ
ਬੇਕਫ਼ਨ ਹਰ ਥਾਂ ਹਰ ਪਾਸੇ
ਅਮਨ ਦੀ ਆਬਰੂ- ਰੇਜ਼ੀ ਹਰ ਥਾਂ, ਹਰ ਪਾਸੇ
ਫੇਰ ਵੀ ਉਹ ਕਹਿੰਦੇ ਨੇ,
"ਫ਼ਿਕਰ ਦੀ ਗੱਲ ਨਹੀ"
ਕੱਲ੍ਹ ਨੂੰ ਐਥੇ ਵੀ ਸ਼ਹੀਦੀ ਕਬਰਾਂ
ਫੁੱਲ ਚੜ੍ਹਾਵੇ, ਮੰਗ ਲੈਣਗੀਆਂ,
ਜਿਵੇਂ ਅੱਜ ਹੀਰੋਸ਼ੀਮਾ ਨੂੰ
ਗੁਲਾਬੀ ਫੁੱਲਾਂ ਦੇ ਗੁਲਦਸਤੇ ਚੜ੍ਹਦੇ
ਵੀਅਤਨਾਮ ਵਾਲੇ ਤਾਂ ਅਣਖੀ ਬੰਦੇ
ਬਗਦਾਦ ਵਾਲਿਆਂ ਦੇ
ਸਬਰ ਦਾ ਕੋਈ ਅੰਤ ਨਹੀਂ
ਪਰ ਫਲਸਤੀਨ ਦੀਆਂ ਉੱਜੜੀਆਂ ਗਲੀਆਂ
ਅੱਜ ਵੀ ਬੁੱਕ ਬੁੱਕ ਰੋਂਦੀਆਂ।
ਰੋਣਾ ਤਾਂ ਕਦੇ ਮੈਨੂੰ ਵੀ ਆਉਂਦਾ
ਜਦ ਕੋਈ ਆ ਕੇ ਦੱਸਦੇ
ਰਾਵੀ ਕੰਢੇ, ਮੋਰ ਮੁੱਕ ਗਏ
ਨਿੱਕੀ ਕਾਕੀ ਦੀ ਇੱਜ਼ਤ ਲੁੱਟ ਗਈ
ਸੱਸੇ ਦੇ ਬਾਗ ਵਿਚ
ਚਿੱਟੇ ਗੁਲਾਬਾਂ ਦੇ ਬੂਟੇ ਸੁੱਕ ਗਏ
ਤਾਲਿਬ-ਇਲਮਾਂ ਦਾ ਕਤਲ ਹੋਇਆ
ਲੈਨਿਨ ਗਰਾਡ ਹੁਣ ਰੱਤੜੇ ਫੁੱਲਾਂ ਦਾ
ਸ਼ਹਿਰ ਵੀ ਨਹੀਂ ਰਿਹਾ
ਬੁਰਾ ਨਾ ਮੰਨੀ ਵੀਰਾ ਜੇ ਮੈਂ ਆਖਾਂ
ਤੂੰ ਨਿਰਾ ਸ਼ਾਇਰ ਹੋ ਕੇ
ਦੁਨੀਆਂ ਤੋਂ ਪਛੜ ਗਿਆ ਏਂ।
ਛੱਡ ਪੁਰਾਣੀਆਂ ਤਸ਼ਬੀਹਾਂ ਦੀ ਗੱਲ
ਕੋਈ ਨਵਾਂ ਹਿਸਾਬ ਚਾ ਕਰ ਲਏ ਬਹਿ ਕੇ
ਤੈਨੂੰ ਪਤਾ ਹੀਰੋਸ਼ੀਮਾ ਉੱਤੇ
ਸੁੱਟੇ ਗਏ ਬੰਬ ਦਾ ਵਜ਼ਨ?
ਕੁੱਲ ਤੇਰਾਂ ਕਿਲੋ ਟੰਨ।
ਬੱਸ 13 ਹਜ਼ਾਰ ਟਨ ਦਾ
ਨਿੱਕਾ ਜਿਹਾ ਖਿਡੌਣਾ ਸੀ ਉਹ
ਪਰ ਅੱਜ ਪੰਜਾਹ ਵਰ੍ਹੇ ਹੰਢਾ ਕੇ
ਉਹ ਸੌ ਗੁਣਾ ਵੱਡਾ ਹੋ ਚੁੱਕਾ
ਓਸ ਵੇਲੇ ਉਹਨਾਂ ਕੋਲ ਤੀਸਰਾ ਦਾਨਾ
ਤਿਆਰ ਨਹੀਂ ਸੀ
ਸੋ ਤੀਸਰਾ ਬਚ ਗਿਆ
ਤੀਸਰਾ ਸ਼ਹਿਰ ਟੋਕੀਓ ਨਹੀਂ
ਮਾਸਕੋ ਸੀ।
ਮਾਸਕੋ ਜੋ ਅੱਜ ਮੰਗਤਾ
ਕੱਲ੍ਹ ਦਿਆਲੂ ਸੀ
ਫਾਸ਼ਿਜ਼ਮ ਦੀ ਸਵਾਹ ਵਿਚੋਂ
ਅਮਨ ਦਾ ਅਸਲੀ ਦੁਸ਼ਮਣ
ਵੱਡਾ ਸਾਮਰਾਜ ਪੰਜਾਹ ਵਰ੍ਹੇ ਦਾ ਹੋ ਚੁੱਕਾ
ਅੱਜ ਉਹਦੇ ਕੋਲ ਬੰਬ ਗੋਲੇ ਬਹੁਤ ਨੇ
ਦੁਨੀਆਂ ਕੋਲ ਸ਼ਹਿਰ ਥੋੜ੍ਹੇ



ਤਬਾਹ ਕਰਨ ਦੀ ਤਾਕਤ
ਕੁੱਲ ਦੁਨੀਆਂ ਅੱਠ ਵਾਰੀ
ਸੜ ਕੇ ਬੁੱਝ ਸਕਦੀ ਏ
ਜ਼ਿੰਦਗੀ ਸਦਾ ਲਈ ਮੁੱਕ ਸਕਦੀ ਏ
ਪਰ ਜੇ ਬੰਬ ਗੋਲੇ ਨਾ ਵੀ ਚੱਲਣ ਤਾਂ
ਅਮਨ ਤੇ ਜ਼ਿੰਦਗੀ ਨੂੰ
ਖ਼ਤਰਾ ਟਲਦਾ ਨਹੀਂ
ਕਿਉਂ ਸੋ ਅਮਨ ਜ਼ੁਲਮ ਦੇ ਨਾਲ
ਰਹਿ ਨਹੀਂ ਸਕਦਾ
ਓਸੇ ਤਰ੍ਹਾਂ ਜਿਵੇਂ ਭੁੱਖ ਦੀ ਡੈਣ,
ਇਕ ਨਾਜ਼ਕ ਜਿਹੀ ਬਾਲੜੀ ਦਾ,
ਹੁਸਨ ਤੇ ਮਾਸ ਚੱਟ ਜਾਂਦੀ ਏ।
ਅੱਜ ਦੁਨੀਆਂ ਤੇ
ਜ਼ੁਲਮ ਵੀ ਵੱਧ ਗਿਆ ਏ
ਸੌ ਕਰੋੜ ਭੁੱਖੇ ਢਿੱਡ ਅੱਗੋਂ ਹੋਰ ਵਧ ਰਹੇ ਨੇ
ਇਨਸਾਨ ਦੀ ਜਾਨ ਨੂੰ ਖ਼ਤਰਾ
ਆਲਮੀ ਅਮਨ ਨੂੰ ਖ਼ਤਰਾ
ਸਦਾ ਕੋਲੋਂ ਬਹੁਤਾ
ਆਪ ਸ਼ਾਇਰੀ ਨੂੰ ਖ਼ਤਰਾ ਏ
ਅੱਜ ਸ਼ਾਇਰ ਨੂੰ ਚਾਹੀਦਾ ਅਮਨ ਤੇ ਨਜ਼ਮ
ਦੋਵਾਂ ਦੀ ਹਿਫ਼ਾਜ਼ਤ ਕਰੇ
ਸੌ ਹਜ਼ਾਰ ਐਟਮ ਬੰਬਾਂ ਦਾ ਤੋੜ ਲੱਭ ਕੇ
ਸੌ ਕਰੋੜ ਭੁੱਖਿਆਂ ਲਈ ਕਣਕਾਂ ਬੀਜ ਕੇ
ਨਿੱਕੀ ਗੁਜਰੀ ਦੇ ਪੀਂਘ ਝੂਟਣ ਲਈ
ਉੱਚੀਆਂ ਲੰਮੀਆਂ ਟਾਹਲੀਆਂ ਲਾ ਕੇ
ਰੇਪ-ਗੈਂਗਾਂ ਦਾ ਬੀ ਮਾਰ ਕੇ
ਜੇ ਕੋਈ ਕਰ ਸਕਦਾ ਏ
ਤਾਂ ਜ਼ਿੰਦਗੀ ਦੀ
ਤਾਂ ਜ਼ਿੰਦਗੀ ਦੀ ਭਾਲ ਕਰੇ। •

## 2. ਲਫ਼ਜ਼ ਬੋਲਿਆ

ਅਜ਼ਲ ਤੋਂ ਇਹ ਦੁਨੀਆਂ
ਆਵਾਜ਼ਾਂ ਨਾਲ ਭਰੀ ਹੋਈ ਸੀ
ਪਰ ਆਦਮੀ ਅਜ਼ਲ ਤੋਂ ਬੋਲਦਾ ਨਹੀਂ ਸੀ
ਲੱਖਾਂ ਹਜ਼ਾਰਾਂ ਸਾਲਾਂ ਪਿੱਛੋਂ
ਕਿਤੇ ਲਫ਼ਜ਼ ਜੰਮਿਆ
ਜੰਮਦਿਆਂ ਸਾਰ ਬੋਲਣ ਲੱਗ ਪਿਆ
ਆਦਮੀ ਨੂੰ ਬੜਾ ਚੰਗਾ ਲੱਗਾ
ਉਹਨੇ ਸਾਥੀ ਬਣਾ ਲਿਆ
ਕਈ ਜ਼ਮਾਨੇ ਆਦਮੀ ਤੇ ਲਫ਼ਜ਼
ਆੜੀ ਆੜੀ ਖੇਡਦੇ ਰਹੇ
ਇੱਕ ਦੂਜੇ ਨਾਲ ਰਹਿੰਦੇ
ਆਪਸ ਵਿਚ ਗੱਲਾਂ ਕਰਦੇ ਰਹੇ।

ਫੇਰ ਜਦੋਂ ਦੁਨੀਆਂ ਉੱਤੇ
ਮਾਲਕੀ ਦਸਤੂਰ ਬਣੇ
ਆਦਮੀ ਨੇ ਆਪਣੇ
ਸਾਥੀ ਨਾਲ ਚਲਾਕੀ ਚੱਲੀ
ਲਫ਼ਜ਼ ਲਿਖ ਕੇ ਖਾਤੇ ਵਿਚ ਰੱਖ ਲਿਆ
ਫੇਰ ਸਾਰ ਨਾ ਪੁੱਛੀ
ਲਿਖਿਆ ਲਫ਼ਜ਼ ਰੋਣ ਲੱਗ ਪਿਆ
ਕੋਈ ਪੁੱਛੇ ਕਿਸ ਗੱਲੋਂ?

ਲਫ਼ਜ਼ ਬੋਲਿਆ,
'ਲਿਖੇ ਜਾਣ ਤੋਂ ਪਹਿਲਾਂ ਮੈਂ ਆਜ਼ਾਦ ਸਾਂ
ਅਰਥਾਂ ਦੇ ਸੱਤ ਅਸਮਾਨ
ਮੇਰੇ ਅੱਗੇ ਖੁੱਲ੍ਹੇ ਪਏ ਸੀ
ਹੁਣ ਕੀ ਹੈ, ਮੈਂ ਗੁਲਾਮ ਹਾਂ
ਗੁਲਾਮ ਵੀ ਕੀਹਦਾ ਕੀਹਦਾ?
ਇੱਕ ਜੁਮਲੇ ਦਾ

ਤੇ ਤੈਨੂੰ ਕਵਿਤਾ ਅਤੇ ਗੁਰੀਲਾ ਯੁੱਧ ਦੇ
ਦੁਵੱਲੇ ਸੰਬੰਧਾਂ ਦੀ ਗੱਲ ਸਮਝਾਵਾਂਗੇ।
ਉਂਝ ਅਸੀਂ ਖ਼ਾਹਸ਼ਮੰਦ ਬੀਬੀਆਂ ਨੂੰ
ਪੁੱਤਾਂ ਦੇ ਵਰ ਦੇ ਚੱਲੇ ਹਾਂ
ਨਿਓਟਿਆਂ ਨੂੰ ਓਟ
ਤੇ ਲੋੜਵੰਦਾਂ ਨੂੰ ਕਵਿਤਾ ਦੇ ਨੁਸਖ਼ੇ।"
ਯਾਦ ਰੱਖੀਂ
ਅਸੀਂ ਤੇਰੀ ਉਮਰ ਭਰ ਦੀ ਕਮਾਈ ਨੂੰ
ਇੱਕੋ ਹੀ ਫ਼ਿਕਰੇ ਨਾਲ
ਮਿੱਟੀ-ਘੱਟੇ ਵਿਚ ਰੋਲ ਸਕਦੇ ਹਾਂ
ਤੇ ਦੂਜੇ ਵਾਕ ਨਾਲ ਤੈਨੂੰ
ਸੱਤਵੇਂ ਆਸਮਾਨ ਉੱਤੇ ਚਾੜ੍ਹ ਸਕਦੇ ਹਾਂ"

ਉਹ ਚਲੇ ਗਏ
ਤਾਂ ਮੈਂ ਪਛਤਾਇਆ
ਕਾਸ਼!
ਉਹਨਾਂ ਦਾ ਸਿਰਨਾਵਾਂ ਹੀ
ਪੁੱਛ ਲਿਆ ਹੁੰਦਾ!!

### ਭਾਗ ਦੂਜਾ

#### I.

ਪਹਿਲੀ ਵੇਰ ਉਹ ਅਚਾਨਕ ਮਿਲੇ
ਤੇ ਆਖਣ ਲੱਗੇ
"ਸੁਣਾਓ, ਨਵਾਂ ਕੀ ਲਿਖਿਆ ਹੈ?
ਮੈਂ ਆਖਿਆ,
ਕੁਝ ਕਵਿਤਾਵਾਂ ਲਿਖੀਆਂ ਨੇ
ਕਦੇ ਮੌਕਾ ਮਿਲਿਆ ਤਾਂ ਸੁਣਾਵਾਂਗਾ
ਕਹਿਣ ਲੱਗੇ, 'ਮੌਕਾ?'
ਕਵਿਤਾ ਦਾ ਵੀ ਕੋਈ ਖ਼ਾਸ ਮੌਕਾ ਹੁੰਦੈ?
"ਹਾਂ ਇਹ ਤੁਰੇ-ਤੁਰੇ ਜਾਂਦੇ ਨਹੀਂ ਸੁਣਾ ਹੁੰਦੀ"
ਮੈਂ ਕਿਹਾ
ਕਵੀ ਕੋਈ ਮਰਾਸੀ ਨਹੀਂ ਹੁੰਦਾ
ਕਿ ਅਚਾਨਕ ਮਿਲਣ ਉੱਤੇ
ਭੇਟਾਂ ਗਾਉਣ ਲੱਗ ਪਵੇ
ਤੇ ਨਾ ਹੀ ਕੋਈ ਚਾਬੀ ਵਾਲਾ ਖਿਡੌਣਾ
ਕਿ ਬਟਨ ਨੱਪਿਆ ਆਵਾਜ਼ਾਂ ਕੱਢੇ।"
ਸੁਣ ਕੇ ਉਹ ਵੱਟ ਜਿਹਾ ਖਾ ਗਏ
ਤੇ ਕਹਿਣ ਲੱਗੇ,
'ਸਾਡੇ ਵਰਗੇ ਪਾਰਖੂ
ਕਿੱਥੇ ਲੱਭਣੇ ਸੀ ਤੁਹਾਨੂੰ?
ਖ਼ੈਰ, ਤੁਹਾਡੀ ਮਰਜ਼ੀ।"
ਮੈਂ ਤੱਕਿਆ
ਪਾਰਖੂਆਂ ਦੇ ਮੱਥੇ ਉੱਤੇ ਤਿਊੜੀ ਸੀ
ਤੇ ਹਿਰਦੇ ਅੰਦਰ ਹੈਂਕੜ ਦੀ ਹਵਾੜ।

#### II.

ਦੂਜੀ ਵਾਰ ਜਦੋਂ ਮਿਲੇ
ਤਾਂ ਕੁਝ ਖਿਝੇ ਖਿਝੇ ਜਿਹੇ ਲੱਗਦੇ ਸੀ
ਗੱਲੀਂ-ਗੱਲੀਂ ਕਹਿਣ ਲੱਗੇ
"ਤੂੰ ਆਲੋਚਕਾਂ ਨੂੰ 'ਖ਼ਲੀਫ਼ੇ
ਤੇ ਪਤਾ ਨਹੀਂ ਹੋਰ ਕੀ ਕੀ
ਆਖਦਾ ਰਹਿੰਦਾ ਏਂ
ਦਰਿਆਵਾਂ ਵਿਚ ਰਹਿਣਾ
ਤੇ ਮਗਰ-ਮੱਛਾਂ ਨਾਲ ਵੈਰ।"
ਗੱਲ ਸੁਣ ਕੇ ਮੈਂ ਹੈਰਾਨ
ਤੇ ਕੁਝ ਪ੍ਰੇਸ਼ਾਨ ਜਿਹਾ ਹੋ ਗਿਆ
ਕਹਿਣ ਲੱਗਾ,
"ਤੁਸੀਂ ਕਵਿਤਾ ਦੇ ਪਾਰਖੂ ਹੋ ਜਾਂ ਪੁਲਸੀਏ
ਪਤਾ ਤਾਂ ਲੱਗੇ, ਤੁਸੀਂ ਮੈਨੂੰ
ਕਿਹੜਾ ਹਰਫ਼ੇ-ਇਲਾਹੀ
ਸਮਝਾਉਣ ਆਏ ਹੋ?"
ਕਹਿਣ ਲੱਗੇ,
ਤੇਰੀ "ਸੰਵੇਦਨਾ ਆਧੁਨਿਕ ਨਹੀਂ ਹੈ"
ਤੇ ਕਾਵਿ-ਦ੍ਰਿਸ਼ਟੀ ਰਵਾਇਤੀ



ਤੂੰ ਆਉਣ ਵਾਲੇ ਭਲਕ ਦਾ ਨਹੀਂ
ਬੀਤ ਗਏ ਵੇਲਿਆਂ ਦਾ
ਕਲਮ-ਘਸੀਟ ਹੈਂ।"
ਗੱਲ ਸੁਣ ਕੇ ਮੈਂ ਹੱਸਿਆ
ਵਿਅੰਗਾਤਮਿਕ ਹਾਸਾ!
ਤੇ ਆਖਣ ਲੱਗਾ,
"ਗੱਲ ਆਧੁਨਿਕ ਜਾਂ
ਪੁਰਾਤਨ ਹੋਣ ਦੀ ਨਹੀਂ ਹੁੰਦੀ
ਗੱਲ ਲੋਕਾਂ ਦੇ ਦਰਦ ਦੀ ਹੁੰਦੀ ਹੈ।
ਜਿਹੜਾ ਕਵੀ ਇਸ ਪੀੜ ਨੂੰ
ਪਹਿਚਾਣਦਾ ਹੈ
ਉਸਨੂੰ ਜੋ ਮਰਜ਼ੀ ਕਹਿ ਲਵੋ
ਕੋਈ ਫ਼ਰਕ ਨਹੀਂ ਪੈਂਦਾ
ਫ਼ਰਕ ਜੇ ਪੈਂਦਾ ਹੈ ਤਾਂ
ਤੁਹਾਡੇ ਵਰਗਿਆਂ ਦੀ
ਹਉਮੈਂ ਤੇ ਹੈਂਕੜ ਨੂੰ ਪੈਂਦਾ।"
ਗੱਲ ਸੁਣ ਕੇ ਉਹ ਮੇਰੇ
ਮੂੰਹ ਵੱਲ ਵੇਖਣ ਲੱਗ ਪਏ
ਲੱਗਿਆ ਜਿਵੇਂ ਉਨ੍ਹਾਂ ਦੀ ਖਿਝ ਦਾ ਰੰਗ
ਹੋਰ ਗੂੜ੍ਹਾ ਕਾਲਾ ਹੋ ਗਿਆ ਹੋਵੇ।

#### III.

ਮੇਰਾ ਵਿਅੰਗ ਸੁਣ ਕੇ ਉਹ ਤਿਲਮਿਲਾ ਉੱਠੇ
ਤੇ ਕਹਿਣ ਲੱਗੇ,
"ਸਾਡਾ ਡੰਗਿਆ ਤਾਂ
ਕਦੇ ਪਾਣੀ ਨਹੀਂ ਮੰਗਦਾ ਹੁੰਦਾ,
ਤੇਰੀ ਇਹ ਜੁਰਅਤ?"
"ਹਾਂ" ਕਵੀ ਨੇ ਵਿਅੰਗ ਨਾਲ ਕਿਹਾ
ਮੇਰੀ ਇਹ ਜੁਰਅਤ।
"ਮੈਂ ਤੇ ਤੁਹਾਡੇ ਘੜੇ ਦੀ ਮੱਛੀ ਹਾਂ
ਜਿਸ ਨੂੰ ਜਦੋਂ ਮਰਜ਼ੀ
ਕੱਢੋ ਤੇ ਤਲ ਕੇ ਖਾ ਲਵੋ,
ਕਵੀ ਦਾ ਕੀ ਹੈ?
ਇਹ ਤੇ ਅਸੀਲ ਗਊ ਹੁੰਦੀ ਹੈ
ਤੇ ਜਾਂ ਫਿਰ ਘਰ ਦੀ ਮੁਰਗੀ
ਕਿ ਜਿਸ ਨੂੰ ਘਰ ਦੀ ਦਾਲ ਸਮਝ ਕੇ,
ਲੋੜੇ ਵੇਲੇ ਪਕਾ, ਖਾ ਲਈਦਾ ਹੈ
ਸੁਣ ਕੇ ਉਹ ਹੋਰ ਔਖੇ ਹੋ ਗਏ
ਤੇ ਕਹਿਣ ਲੱਗੇ,
"ਤੂੰ ਅਜੇ ਸਾਡੀ ਕਲਮ ਦੇ
ਜਲਵੇ ਨਹੀਂ ਵੇਖੇ।"
"ਹਾਂ ਤੁਹਾਡਾ ਅਨੁਮਾਨ ਠੀਕ ਹੈ
ਸੱਚਮੁਚ ਮੈਂ ਅਜੇ ਤੀਕ
ਤੁਹਾਡੇ ਜਲਵੇ ਨਹੀਂ ਤੱਕੇ"
ਉਹਨਾਂ ਨੂੰ ਸ਼ਾਇਦ
ਕਿਤੇ ਜਾਣ ਦੀ ਕਾਹਲੀ ਸੀ
ਨਹੀਂ ਤੇ ਸੰਭਵ ਸੀ
ਉਹ ਮੈਨੂੰ ਆਪਣੇ ਜਲਵੇ
ਵਿਖਾਲ ਕੇ ਹੀ ਜਾਂਦੇ।

#### IV.

ਅਗਲੀ ਵਾਰ ਉਹ ਜਦ ਟੱਕਰੇ
ਤਾਂ ਪੁੱਛਣ ਲੱਗੇ,
"ਭਲਾ ਕ੍ਰਾਂਤੀ ਲਈ ਕਿਸੇ ਭਵਨ ਦੀ
ਕੀ ਲੋੜ ਹੁੰਦੀ ਹੈ?"
ਤੇਰੀ ਇਕ ਕਵਿਤਾ ਵਿਚ
ਭਵਨ ਦਾ ਜ਼ਿਕਰ ਆਉਂਦੈ।"
ਸੁਣ ਕੇ ਮੈਂ ਹੱਸਿਆ
ਹੈਰਾਨ ਹੋਇਆ
"ਹਾਂ ਤੁਹਾਡੀ ਗੱਲ ਦਰੁਸਤ ਹੈ
ਕ੍ਰਾਂਤੀ ਲਈ ਕਿਸੇ ਪਾਰਟੀ-ਕੇਂਦਰ
ਦੀ ਲੋੜ ਨਹੀਂ ਹੁੰਦੀ।"
ਕ੍ਰਾਂਤੀ ਤਾਂ ਟਪਕੇ ਦਾ ਅੰਬ ਹੁੰਦੀ ਹੈ
ਜੋ ਅਚਾਨਕ ਹੀ, ਪੱਕ ਕੇ

ਤੁਹਾਡੀ ਝੋਲੀ ਵਿਚ ਆਣ ਡਿੱਗਦਾ ਹੈ।
ਜਾਂ ਇਹ ਵੀਰਾਨ ਧਰਤੀ ਚੋਂ ਉੱਗੀ
ਕੋਈ ਆਪ-ਮੁਹਾਰੀ ਖੁੰਬ ਹੁੰਦੀ ਹੈ
ਜਿਸ ਨੂੰ ਸਹਿਜ ਨਾਲ
ਚੁੱਕ ਕੇ ਟੋਕਰੀ ਵਿਚ ਪਾ ਲਈਦਾ ਹੈ।
ਇਸ ਲਈ ਕਿਸੇ ਕੇਂਦਰੀ ਦਫ਼ਤਰ
ਜਾਂ ਭਵਨ ਦੀ ਭਲਾ ਕਾਹਦੀ ਲੋੜ
"ਨਹੀਂ, ਨਹੀਂ ਸਾਡਾ
ਇਹ ਮਤਲਬ ਨਹੀਂ ਸੀ
ਉਹ ਕਹਿਣ ਲੱਗੇ
"ਅਸੀਂ ਤਾਂ ਕਿਹਾ ਸੀ,
ਕਿ ਗੁਰੀਲਾ-ਯੁੱਧ ਲਈ ਕਿਸੇ ਭਵਨ
ਦੀ ਲੋੜ ਨਹੀਂ ਹੁੰਦੀ।"
"ਵੇਖੋ ਭਾਈ ਵੀਰਨੋ!
ਗੁਰੀਲਾ-ਯੁੱਧ ਬਾਰੇ ਤਾਂ
ਕੋਈ ਤੁਹਾਡੇ ਵਰਗਾ ਗੁਰੀਲਾ ਸਿਧਾਂਤਕਾਰ
ਹੀ ਵਧੇਰੇ ਜਾਣਦਾ ਜਾਂ ਦੱਸ ਸਕਦੈ।
ਮੇਰੇ ਨਾਲ ਤਾਂ ਰਚਨਾ ਦੀ ਗੱਲ ਕਰੋ"
ਪਾਰਖੂ ਦੁਬਿਧਾ ਵਿਚ ਪੈ ਗਏ
ਗੱਲ ਤਾਂ ਕਵਿਤਾ ਤੋਂ ਚੱਲੀ ਸੀ
ਤੇ ਗੁਰੀਲਾ-ਯੁੱਧ ਤੀਕਰ ਪਹੁੰਚ ਗਈ ਸੀ।
ਚਲੋ, ਇਕ ਗੱਲ ਤਾਂ ਚੰਗੀ ਹੋਈ
ਕਿ ਇਸ ਬਹਾਨੇ ਦੋ ਗੁਰੀਲਿਆਂ
ਦੇ 'ਦਰਸ਼ਨ' ਹੋ ਗਏ!!
ਮੇਰੇ ਧੰਨ ਭਾਗ!!
ਨਹੀਂ ਤਾਂ ਮੈਂ ਸਾਰੀ ਉਮਰ
ਪਛਤਾਉਂਦੇ ਰਹਿਣਾ ਸੀ।

V.

ਹੁਣ ਜੇ ਕਦੇ ਮਿਲੇ
ਤਾਂ ਖ਼ੂਬ ਭਖੇਗੀ ਗੱਲ
ਸੰਭਵ ਹੈ ਉਹ ਬੁੱਕਲ ਵਿਚ
ਜ਼ਹਿਰ ਭਰਿਆ ਖੰਜਰ ਲੁਕੋ ਕੇ ਆਉਣ
ਕਵਿਤਾ ਦੀ ਹੱਤਿਆ ਲਈ।
ਤੇ ਜਾਂ ਇਹ ਨਿੰਦਿਆ ਦੀ ਵਿਸ਼ ਵਿਚ
ਡੁਬੋ ਕੇ ਲਿਆਉਣ ਆਪਣੀ ਹਉਮੈ ਨੂੰ।
ਇਹ ਵੀ ਸੰਭਵ ਹੈ
ਉਹ ਨਾ ਹੀ ਆਉਣ।
ਜੇ ਆਏ, ਤਾਂ "ਜੀ ਆਇਆਂ" ਕਹਾਂਗਾ
ਆਖਾਂਗਾ, "ਪਿਆਰਿਓ!
ਆਲੋਚਨਾ ਕਿਸੇ ਰਚਨਾਕਾਰ ਨੂੰ
ਡਰਾਉਣ ਲਈ ਕੋਈ
ਗੁਪਤ-ਸ਼ਸਤਰ ਨਹੀਂ ਹੁੰਦੀ।
ਨਾ ਰਾਜਸੀ ਕਿੜਾਂ ਕੱਢਣ ਦਾ
ਕੋਈ ਉਹਲਾ ਬਹਾਨਾ।
ਇਹ ਤਾਂ ਜੌਹਰੀ ਦੀ ਅੱਖ ਹੁੰਦੀ ਹੈ
ਤੇ ਸੁਨਿਆਰੇ ਦੀ ਕੁਠਾਲੀ
ਜਿਸ ਵਿਚ ਖਰੇ ਖੋਟੇ ਦੀ ਪਰਖ
ਹੁੰਦੀ ਹੈ।
ਕਦੇ ਵੱਟਾਂ ਮਾਰਿਆ, ਵਾੜਾਂ ਗੱਡਿਆਂ
ਦਰਿਆਵਾਂ ਦੇ ਵਹਿਣ ਨਹੀਂ ਰੁਕਦੇ ਹੁੰਦੇ
ਤੇ ਨਾ ਕਵਿਤਾ ਦੀ ਆਮਦ ਅਟਕਦੀ ਹੈ"
ਮੇਰਾ ਨਹੀਂ ਖ਼ਿਆਲ ਉਹ ਦੁਬਾਰਾ ਮਿਲਣ!
ਮਿਲਣ ਦੀ ਗੁੰਜਾਇਸ਼ ਤਾਂ
ਕੋਈ ਪ੍ਰਤੀਤ ਨਹੀਂ ਹੁੰਦੀ।

VI.

ਲਓ ਜੀ
ਉਹੀ ਗੱਲ ਹੋਈ
ਜਿਸਦਾ ਖਦਸ਼ਾ ਸੀ
ਉਹ ਮਿਲੇ ਤਾਂ ਜਾਪਿਆ
ਜਿਵੇਂ ਕੋਈ ਜਵਾਲਾ-ਮੁਖੀ ਫਟ ਗਿਆ ਹੋਵੇ
ਪੈਂਦੀ ਸੱਟੇ ਕਹਿਣ ਲੱਗੇ,
"ਤੂੰ ਕਵਿਤਾ ਕੀ ਲਿਖਣੀ ਹੈ,
ਚੰਗਾ ਹੋਵੇ, ਪੱਤਰਕਾਰੀ ਕਰਿਆ ਕਰ।



ਤੇ ਜਾਂ ਫਿਰ ਵਾਹੀ-ਜੋਤੀ।
ਕਵਿਤਾ ਤੂੰ ਛੱਡ ਦੇ ਸਾਡੇ
ਵਰਗੇ 'ਵਿਦਵਾਨਾਂ' ਉੱਤੇ।"
ਮੈਂ ਆਖਿਆ,
"ਮੇਰੇ ਧੰਨ ਭਾਗ
ਤੁਸਾਂ ਕੰਮ ਦੀ ਵੰਡ ਸੁਹਣੀ ਕਰ ਦਿੱਤੀ ਹੈ।
ਮੈਂ ਤਾਂ ਏਨੇ ਵਰ੍ਹੇ
ਐਵੇਂ ਹੀ ਲੰਘਾ ਦਿੱਤੇ
ਕਾਗਜ਼ ਕਾਲੇ ਕਰਦਿਆਂ
ਕਿਸੇ ਨੇ ਅੱਜ ਤੀਕ ਦੱਸਿਆ ਹੀ ਨਹੀਂ ਸੀ
ਇਹ ਅਲੌਕਿਕ ਭੇਤ"
ਉਹ ਦਿਨ ਜਾਵੇ ਤੇ ਇਹ ਦਿਨ ਆਵੇ
ਅਸਾਂ ਨਹੀਂ ਫਿਰ ਲਿਖੀ ਕੋਈ ਕਵਿਤਾ
ਬੱਸ ਜਦੋਂ ਮਨ ਕਾਹਲਾ ਪਵੇ
ਤਾਂ ਉਹਨਾਂ ਗੁਰੀਲਿਆਂ ਦੀ ਕੋਈ
ਪ੍ਰਯੋਗਵਾਦੀ ਕਵਿਤਾ ਪੜ੍ਹ ਛੱਡੀਦੀ ਹੈ
ਤੇ ਬੱਸ!

VII.

ਦੇਰ ਹੋਈ
ਇੱਕ ਵਾਰ ਮੈਂ ਗਲਤੀ ਕਰ ਬੈਠਾ
ਤੇ ਅੱਜ ਤੀਕਰ ਪਛਤਾਉਂਦਾ ਹਾਂ,
ਮੈਂ ਆਪਣਾ ਇੱਕ ਗ੍ਰੰਥ
ਇਹਨਾਂ ਪਾਰਖੂਆਂ ਨੂੰ ਰਾਏ ਦੇਣ ਲਈ
ਘੱਲ ਬੈਠਾਂ।
ਬੜੀ ਦੇਰ ਉਡੀਕਣ ਤੋਂ ਬਾਅਦ
ਉਹਨਾਂ ਉਸ ਗ੍ਰੰਥ ਬਾਰੇ
ਆਪਣੀ ਪਤ੍ਰਿਕਾ ਵਿਚ
ਦੋ ਨਿੱਕੇ ਨਿੱਕੇ ਵਾਕ ਲਿਖੇ,
ਚਿੜੀ ਦੇ ਪਹੁੰਚੇ ਜਿੰਨੇ
ਤੇ ਕਿੱਸਾ ਖ਼ਤਮ।
ਸੋਚਿਆ, ਸ਼ਾਇਦ ਸ਼ਬਦਾਂ
ਜਾਂ ਖ਼ਿਆਲਾਂ ਦਾ ਕਾਲ ਪੈ ਗਿਆ ਹੋਵੇ
ਪੂਰੇ ਪੰਜਾਬ ਵਿਚ।
ਲਓ ਜੀ ਆਪਾਂ ਉਹਨਾਂ ਦੋਵਾਂ ਵਾਕਾਂ ਨੂੰ
ਫਰੇਮ ਕਰਵਾ ਕੇ
ਸਾਹਮਣੀ ਕੰਧ ਉੱਤੇ ਲਟਕਾ ਛੱਡਿਆ ਹੈ
ਜਿੱਥੋਂ ਆਉਂਦੇ ਜਾਂਦੇ
ਉੱਠਦੇ ਬਹਿੰਦੇ ਪਾਠ ਕਰਦੇ
ਜੀ ਪਰਚਾਅ ਲਈਦਾ ਹੈ।
ਇਸ ਤੋਂ ਬਾਅਦ ਸਾਡੀ ਹਿੰਮਤ
ਹੀ ਨਹੀਂ ਹੋਈ
ਕੋਈ ਹੋਰ ਪੁਸਤਕ ਭੇਂਟ ਕਰਨ ਦੀ।
ਮਿੱਤਰ ਅਕਸਰ ਪੁੱਛਦੇ ਰਹਿੰਦੇ ਨੇ
ਕਿ ਉਹਨਾਂ ਨਾਲ ਸੰਬੰਧ ਕੈਸੇ ਨੇ ਤੁਹਾਡੇ?
ਮੈਂ ਆਖਦਾਂ
"ਬੜੇ ਹੀ ਖ਼ੁਸ਼ਗਵਾਰ"
ਤੇ ਮੈਂ ਉਹਨਾਂ ਦੇ ਕੰਧ ਨਾਲ ਲਟਕਦੇ
ਦੋ ਵਾਕਾਂ ਨੂੰ ਪੜ੍ਹ ਕੇ ਮੁਸਕਰਾ ਪੈਂਦਾ ਹਾਂ।

VIII.

ਐਤਕੀਂ ਪੁਸਤਕ ਮੇਲੇ ਉੱਤੇ
ਅਚਾਨਕ ਫਿਰ ਮੁਲਾਕਾਤ ਹੋ ਗਈ
ਉਹਨਾਂ ਸਿਰਾਂ ਉੱਤੇ
ਵੱਡੇ ਵੱਡੇ ਗ੍ਰੰਥ ਚੁੱਕੇ ਹੋਏ ਸੀ
ਮੈਂ ਪੁੱਛਿਆ, "ਭਲੇ ਲੋਕੋ
ਇਹ ਗ੍ਰੰਥ ਕਿੱਥੋਂ ਮਿਲੇ ਨੇ?
ਕਹਿਣ ਲੱਗੇ,
ਇਹ ਪ੍ਰਾਚੀਨ ਕਾਵਿ-ਸ਼ਾਸਤਰ ਦੀਆਂ
ਸਮੁੱਚੀਆਂ ਵੀਹ ਜਿਲਦਾਂ ਹਨ
ਏਥੋਂ ਸਸਤੇ ਭਾਅ ਮਿਲ ਗਈਆਂ ਹਨ
ਵੇਖ ਕੇ ਮੈਂ ਸੋਚਿਆ ;
ਹੁਣ ਕਵੀਆਂ ਦੀ ਖ਼ੈਰ-ਸੁੱਖ ਨਹੀਂ!
ਇਹ ਤਾਂ ਅੱਗੇ ਹੀ ਮਾਣ ਨਹੀਂ ਸਨ
ਤੇ ਹੁਣ ਇਹ ਵੀਹ ਗ੍ਰੰਥ!! ਤੌਬਾ! ਤੌਬਾ!!
'ਯਾ ਖ਼ੁਦਾ! ਬਚਾਵੀਂ ਕਵੀ-ਭਰਾਵਾਂ ਨੂੰ"

ਅਰਦਾਸ ਕਰਦੇ ਮੈਨੂੰ
ਤਸੀਹਾ-ਕੇਂਦਰ ਯਾਦ ਆਉਣ ਲੱਗੇ
ਵਿਚਾਰੇ ਕਵੀ!
ਨਾ ਇਹਨਾਂ ਨੂੰ ਘਰ ਢੋਈ ਮਿਲਦੀ ਹੈ
ਨਾ ਬਾਹਰ
ਈਦ ਕੀ ਤੇ ਬਕਰੀਦ ਕੀ
ਇਹਨਾਂ ਨੇ ਤਾਂ ਬਲੀ ਦੇ ਬੱਕਰੇ
ਹੀ ਬਣਨਾ ਹੁੰਦੈ।
ਸੋਚਿਆ, ਠੀਕ ਹੀ ਰਾਏ ਦਿੱਤੀ ਸੀ
ਉਹਨਾਂ ਪਿਛਲੇ ਦਿਨੀਂ ਮੈਨੂੰ
ਕਿ ਕਵਿਤਾ ਲਿਖਣੀ
ਇਹਨਾਂ ਗ੍ਰੰਥ-ਪੂਜਕਾਂ ਜੋਗੀ
ਛੱਡ ਦਿੱਤੀ ਜਾਵੇ।
ਤੇ ਆਪ ਜ਼ਿੰਦਗੀ ਦੀ ਪੁਸਤਕ ਨੂੰ
ਗਹੁ ਨਾਲ ਪੜ੍ਹਿਆ ਜਾਵੇ।

IX.

ਰਿਕਸ਼ੇ ਉੱਤੇ ਹਵਾਲਾ ਗ੍ਰੰਥਾਂ ਦੀ ਪੰਡ ਲੱਦੀ
ਘੁੰਮਦੇ ਫਿਰਦੇ
ਇੱਕ ਦਿਨ ਉਹ ਘਰ ਹੀ ਆਣ ਵੱਜੇ।
ਮੈਂ ਹੈਰਾਨ ਤਾਂ ਹੋਣਾ ਹੀ ਸੀ!
ਸੋਚਿਆ ਸਾਹਿਤ ਵਿਚੋਂ ਤਾਂ
ਇਹਨਾਂ ਮੈਨੂੰ ਪਹਿਲਾਂ ਹੀ
ਛੇਕਿਆ ਹੋਇਆ ਸੀ
ਹੁਣ ਇਹ ਘਰੋਂ ਵੀ ਕਢਵਾਉਣਗੇ।
"ਸੁਣਾਓ!
ਕੀ ਭੀੜਾਂ ਬਣੀਆਂ ਨੇ 'ਪੰਥ' ਉੱਤੇ?
ਕਹਿਣ ਲੱਗੇ,
ਬੱਸ ਤੁਹਾਡੀ ਹੀ ਤਲਾਸ਼ ਸੀ
ਗ੍ਰੰਥਾਂ ਵਿਚੋਂ ਕਾਵਿ-ਸ਼ਾਸਤਰ ਦੇ
ਕੁਝ ਨਵੇਂ ਨੁਸਖ਼ੇ ਲੱਭੇ ਸੀ
ਸੋਚਿਆ, ਤੁਹਾਨੂੰ ਵੀ ਸਮਝਾ ਆਈਏ।"
ਮੈਂ ਆਖਿਆ, "ਮੇਰੇ ਧੰਨ ਭਾਗ!
ਮੈਂ ਕਿਤੇ ਗਵਾਚ ਤਾਂ ਨਹੀਂ ਸੀ ਗਿਆ
ਹੁਕਮ ਕਰਦੇ, ਤਾਬਿਆਦਾਰ,
ਖ਼ੁਦ ਖ਼ਿਦਮਤ ਵਿਚ ਹਾਜ਼ਰ ਹੁੰਦਾ
ਮੁਲਜ਼ਮ ਕੀ ਤੇ ਨਖ਼ਰਾ ਕੀ?"
'ਮੁਲਜ਼ਮ' ਸ਼ਬਦ ਸੁਣ ਕੇ ਉਹ
ਤਲਖ਼ ਹੋਣ ਦੀ ਥਾਂ
ਹੱਸ ਪਏ (ਮਜਬੂਰੀ ਹਾਸਾ)
ਤੇ ਆਖਣ ਲੱਗੇ,
'ਤੁਹਾਡੀ ਇਸ ਤਨਜ਼ ਦਾ ਜਵਾਬ ਨਹੀਂ!!
ਮੈਂ ਕਿਹਾ,
"ਬੱਸ ਏਸੇ ਤਨਜ਼ ਦੇ ਹੀ ਸਾਰੇ ਪੁਆੜੇ ਨੇ!
ਨਹੀਂ ਤਾਂ ਅਸੀਂ ਵੀ
ਕਵਿਤਾ ਦੇ ਸ਼ਾਹ-ਅਸਵਾਰਾਂ ਵਿਚ
ਸ਼ਾਮਲ ਹੋਣਾ ਸੀ
ਤੇ ਪਾਰਖੂਆਂ ਦੇ ਮਨਜ਼ੂਰੇ-ਨਜ਼ਰ।"
ਆਖਣ ਲੱਗੇ, ਇਹ ਡੰਗ, ਇਹ ਚੋਭਾਂ
ਕੁਝ ਕਹਿਣ ਸੁਣਨ ਦੀ
ਲੋੜ ਹੀ ਨਹੀਂ ਰਹਿ ਗਈ।"
ਉਹ ਤੁਰੇ,
ਮੈਂ ਸ਼ੁਕਰ ਕੀਤਾ!

X.

ਮੈਨੂੰ ਉਹ ਦਿਨ ਨਹੀਂ ਭੁੱਲਦਾ
ਜਦੋਂ ਲੰਮੀ ਬੀਮਾਰੀ ਨੇ
ਮੇਰਾ ਕੁਰੰਗ ਰੋਲ ਛੱਡਿਆ ਸੀ
ਕਿ ਪੈਰ ਪੁਟਦਿਆਂ
ਜਿਸਮ ਦੇ ਜੋੜ ਜਰਕਦੇ ਸੀ।
ਮਾੜੀ ਕਿਸਮਤ!
ਕਿ ਗੋਸ਼ਟੀ ਵੀ ਮੇਰੀ ਕਿਤਾਬ ਉੱਤੇ ਹੀ ਸੀ
ਸੋਚਿਆ,
ਪਹਿਲਾਂ ਡਾਕਟਰਾਂ ਨੇ
ਟੈਸਟਾਂ ਦੇ ਬਹਾਨੇ
ਸਰਿੰਜਾਂ ਨਾਲ



ਮੇਰੇ ਲਹੂ ਦਾ ਆਖ਼ਰੀ ਤੁਪਕਾ ਵੀ
ਨਿਚੋੜ ਲਿਆ ਸੀ
ਤੇ ਹੁਣ ਇਹ ਦਲੀਲਾਂ ਦਾ ਦੰਗਲ!
ਹਮਲੇ-ਦਰ-ਹਮਲੇ
ਹੁਣ ਨਹੀਂ ਬਚਦਾ ਮੈਂ ਜੀਊਂਦਾ!
ਆਪਣੇ ਸ਼ਸ਼ਤਰਧਾਰੀ ਜਥੇ ਨਾਲ
ਉਹ ਆਏ, ਪੂਰੇ ਜਲਾਲ ਵਿਚ
ਤੇ ਇੰਝ ਬੈਠ ਗਏ
ਜਿਵੇਂ ਕੋਈ ਮੋਰਚਾ ਮੱਲ ਕੇ ਬੈਠਦਾ ਹੈ,

ਸ਼ੁਰੂ ਹੋਈ ਗੋਸ਼ਟੀ
ਤੇ ਲੱਗੇ ਹੋਣ, ਹਮਲੇ ਤੇ ਜਵਾਬੀ ਹਮਲੇ!
ਸ਼ਬਦਾਂ ਦੇ ਇਸ ਯੁੱਧ ਵਿਚ
ਉਹਨਾਂ ਮੇਰੇ ਜਿਸਮ ਦਾ
ਤੂੰਬਾ ਤੂੰਬਾ ਉਡਾ ਛੱਡਿਆ
ਆਲੋਚਨਾ ਕਿਤਾਬ ਉੱਤੇ ਨਹੀਂ
ਮੇਰੀ ਜ਼ਾਤ ਉੱਤੇ ਹੋਣ ਲੱਗੀ।
ਸੋਚਿਆ, ਇਹ ਵੀ ਦਿਨ ਵੇਖਣੇ ਸੀ
ਕਿ ਸਰਜਨਾਂ ਤੋਂ ਮੁਕਤ ਹੋਇਆ
ਮੈਂ 'ਕਸਾਈਆਂ' ਦੇ ਵੱਸ ਪੈ ਗਿਆ ਸੀ।
ਮੈਨੂੰ ਨਹੀਂ ਪਤਾ
ਵਾਰ ਤੇ ਵਾਰ ਝੱਲਦੇ
ਕਦੋਂ ਮੈਂ ਮੂਰਛਿਤ ਹੋ ਕੇ ਡਿੱਗ ਪਿਆ ਸੀ
ਗੋਸ਼ਟੀ ਮੁੱਕੀ
ਮੈਂ ਪਾਣੀ ਦਾ ਗਿਲਾਸ ਪੀਤਾ
ਅੱਖਾਂ ਪੁੱਟੀਆਂ
ਤੇ ਡਿੱਗਦਾ ਢਹਿੰਦਾ ਘਰ ਪਰਤ ਆਇਆ।
ਕਈ ਦਿਨ ਤੀਕ ਮੇਰੇ ਜੋੜ ਕਸਕਦੇ ਰਹੇ
ਤੇ ਰੂਹ ਖੱਖੜੀ ਖੱਖੜੀ ਹੁੰਦੀ ਰਹੀ
ਅੱਜ ਸੋਚਦਾ ਹਾਂ,
ਉਹ ਕੋਈ ਗਿਆਨ ਗੋਸ਼ਟੀ ਸੀ
ਜਾਂ ਜਿਊਂਦੇ ਕਵੀ ਦਾ ਪੋਸਟ-ਮਾਰਟਮ?

XI.

ਐਤਕੀਂ ਇਕ ਗੋਸ਼ਟੀ ਸਮੇਂ
ਉਹਨਾਂ ਦੇ ਅਚਾਨਕ ਦਰਸ਼ਨ ਹੋ ਗਏ
ਗੋਸ਼ਟ ਜਿੱਥੇ ਇੱਕ ਦੂਜੇ ਦੀਆਂ
ਭੇਟਾਂ ਗਾਉਣ ਦਾ ਟੂਰਨਾਮੈਂਟ ਸੀ।
ਜੇ ਇੱਕ ਜਣਾ ਕਿਸੇ ਨੂੰ
ਸੁਕਰਾਤ ਦਾ ਸ਼ਾਗਿਰਦ ਦੱਸਦਾ
ਤਾਂ ਦੂਸਰਾ ਉਸਨੂੰ
ਅਫਲਾਤੂਨ ਦਾ ਉਸਤਾਦ!
ਮੈਂ ਤੱਕਿਆ
ਇੱਕ ਪਾਸੇ ਧਾਰਮਿਕ ਜਨੂੰਨ ਦਾ
ਜ਼ਹਿਰੀਲਾ ਟੋਬਾ ਸੀ
ਤਾਂ ਦੂਸਰੇ ਪਾਸੇ
ਮਾਅਰਕੇਬਾਜ਼ੀ ਦਾ ਬਰਸਾਤੀ ਨਾਲਾ।
ਲੱਗਦਾ ਸੀ
ਜਿਵੇਂ ਉਹ ਇਕੋ ਹੀ ਸਿੰਘਾਸਨ ਦੇ
ਪੀਲ-ਪਾਵੇ ਹੋਣ।
ਕਦੇ ਉਹ ਮੈਨੂੰ ਮੁੱਕੇਬਾਜ਼ੀ ਦੇ ਮਾਹਰ
ਤੇ ਕਦੇ ਅਦਬੀ ਇਕੱਠਾਂ ਦੇ
ਹਥਿਆਰਬੰਦ ਦਸਤੇ ਪ੍ਰਤੀਤ ਹੁੰਦੇ।
ਜਲਵਾ ਵੇਖ
ਮੈਂ ਹੈਰਾਨ ਤਾਂ ਹੋਣਾ ਹੀ ਸੀ
ਕੁਝ ਪ੍ਰੇਸ਼ਾਨ ਵੀ ਹੋਇਆ।
ਸੋਚਿਆ, ਮੈਂ ਕਿੱਥੇ ਆਣ ਫਸਿਆ ਸੀ
ਕੁੜਿੱਕੀ ਜਿਹੀ ਵਿਚ,
ਕਿ ਜਿੱਥੇ ਖੁੱਲ੍ਹ ਕੇ ਗੱਲ ਕਰਨੀ
ਸਿਰ ਪੜਵਾਉਣ ਲਈ ਸੱਦਾ ਦੇਣ ਦੇ
ਬਰਾਬਰ ਸੀ।
ਹੈਰਾਨ ਹੁੰਦਿਆਂ ਮੇਰੇ ਮੂੰਹੋਂ ਨਿਕਲਿਆ
"ਯਾ ਖ਼ੁਦਾ!
ਇਹ ਕਿਸ ਮਿੱਟੀ ਦੇ ਪੁਤਲੇ ਨੇ

ਤੇ ਕਿਹਨਾਂ ਦਰਿਆਵਾਂ ਦੇ ਤਾਰੂ?
ਦਾਨਸ਼ਮੰਦ ਐਵੇਂ ਨਹੀਂ ਸੀ ਕਲਪਦੇ ਹੁੰਦੇ
ਕਿ ਬੰਦਾ ਜਦੋਂ
ਕੁਰਸੀ ਦੀਆਂ ਲੱਤਾਂ ਨੂੰ ਚੰਬੜਦਾ ਹੈ
ਤਾਂ ਉਸ ਦੀਆਂ ਆਪਣੀਆਂ ਲੱਤਾਂ
ਨਿਰਬਲ ਹੋ ਜਾਂਦੀਆਂ ਨੇ
ਤੇ ਉਹ ਫਹੁੜੀਆਂ ਦੀ ਤਲਾਸ਼ ਲਈ
ਭਟਕਦਾ ਰਹਿੰਦਾ ਹੈ।
ਦੁਖੀ ਹੋਏ ਨੇ ਮੈਂ ਖ਼ੁਦ ਨੂੰ ਸਮਝਾਇਆ,
"ਭਲਿਆ ਲੋਕਾ!
ਹੁਣ ਤੂੰ ਇਹਨਾਂ ਕੋਲੋਂ
ਨਰੋਏ ਅਦਬ ਦੀ ਪਛਾਣ ਦੀ ਆਸ ਲਾਹਦੇ
ਤੇ ਇਹਨਾਂ ਦੀਆਂ ਭਟਕਦੀਆਂ ਰੂਹਾਂ ਦੀ
ਸ਼ਾਂਤੀ ਲਈ ਅਰਦਾਸ ਕਰਿਆ ਕਰ।"

XII

ਆਓ ਹੁਣ ਪੜ੍ਹੀਏ
ਅੰਤ ਉੱਤੇ ਸਮਾਪਤੀ ਸ਼ਲੋਕ
ਤੇ ਇਸ ਗਿਆਨ-ਗੋਸ਼ਟੀ ਦਾ
ਸਮਾਪਨ ਕਰੀਏ,
ਬਹੁਤ ਹੋ ਚੁੱਕੇ ਨੇ ਹਮਲੇ
ਤੇ ਜਵਾਬੀ ਹਮਲੇ
ਕਵਿਤਾਵਾਂ ਕੋਈ ਤੂੜੀ ਦੇ
ਕੱਖ ਨਹੀਂ ਹੁੰਦੀਆਂ
ਕਿ ਫੂਕ ਮਾਰਿਆਂ
ਉੱਡ-ਪੁੱਡ ਜਾਣ ਹਵਾ ਵਿਚ।
ਤੇ ਆਲੋਚਕ ਕੋਈ
ਵਲੀ-ਪੈਗੰਬਰ ਨਹੀਂ ਹੁੰਦਾ
ਕਿ ਉਸਦਾ ਬੋਲਿਆ ਹਰ ਵਾਕ
ਆਇਤ ਦਾ ਰੁਤਬਾ ਪ੍ਰਾਪਤ ਕਰ ਜਾਵੇ
ਹਮਲੇ-ਦਰ-ਹਮਲੇ ਵਿਚੋਂ ਹੀ
ਫੁੱਟਦੇ ਨੇ ਨਵੇਂ ਖ਼ਿਆਲਾਂ ਦੇ ਚੰਗਿਆੜੇ
ਤੇ ਬਲਦੇ ਨੇ ਰੌਸ਼ਨੀ ਦੇ ਸਤਰੰਗੇ ਸ਼ਮ੍ਹਾਂਦਾਨ।
ਤੇ ਇਹ ਸਿਲਸਿਲਾ ਕਦੇ ਰੁਕਦਾ ਨਹੀਂ ਹੁੰਦਾ
ਆਓ ਦੋ ਚਾਰ ਦਿਨਾਂ ਲਈ
ਕਰ ਲਈਏ ਯੁੱਧ-ਵਿਰਾਮ
ਤੇ ਆਪਣੇ ਅੰਦਰ ਝਾਤੀ
ਮਾਰ ਕੇ ਵੇਖੀਏ
ਕਿ ਕਿਤੇ ਅਸੀਂ ਕਿਸੇ ਭਰਮ-ਭੁਲੇਖੇ
ਦਾ ਸ਼ਿਕਾਰ ਤਾਂ ਨਹੀਂ ਹੋ ਗਏ।
ਕਵਿਤਾ ਦਾ ਸਫ਼ਰ
ਐਸਾ ਕੰਡਿਆਲਾ ਮਾਰਗ ਹੈ
ਕਿ ਪੈਰ ਪੈਰ ਉੱਤੇ
ਮਾਛੀਵਾੜੇ ਦਾ ਜੰਗਲ ਹੈ
ਤੇ ਚੁਣੌਤੀਆਂ ਦਾ ਖ਼ੂਨੀ ਸਤਲੁਜ।
ਤੇ ਜਿਹੜਾ ਇਸ ਬਿਖ਼ੜੇ ਮਾਰਗ ਦਾ
ਮੁਸਾਫ਼ਰ ਬਣਦਾ ਹੈ
ਉਹ ਆਲੋਚਨਾ ਤੇ ਨਿੰਦਿਆ ਦੀਆਂ
ਤਿੱਖੀਆਂ ਨਹੁੰਦਰਾਂ ਨੂੰ ਵੇਖ
ਪਿੱਛੇ ਨਹੀਂ ਪਰਤ ਆਉਂਦਾ।
ਅਤੇ ਇਸ ਕਾਵਿ ਯਾਤਰਾ ਦਾ ਕੋਈ ਅੰਤਿਮ
ਮੀਲ-ਪੱਥਰ ਨਹੀਂ ਹੁੰਦਾ।
ਆਓ ਆਪਣੇ ਆਪਣੇ ਜ਼ੱਰਾ ਬਕਤਰਾਂ
ਦੇ ਛੇਕਾਂ ਤੇ ਜਿਸਮ ਦੇ ਜ਼ਖ਼ਮਾਂ ਦਾ
ਜਾਇਜ਼ਾ ਲਈਏ
ਤੇ ਉਹਨਾਂ ਆਮ ਲੋਕਾਂ
ਦਾ ਵੀ ਧਿਆਨ ਧਰੀਏ
ਜਿਹਨਾਂ ਲਈ ਇਹ ਸਾਰਾ ਕੁਝ
ਸਿਰਜਿਆ ਜਾਂਦਾ ਹੈ
ਤੇ ਜਿਹੜੇ ਹਰ ਚਰਚਾ ਵਿਚ
ਅਣਡਿੱਠ ਕੀਤੇ ਜਾਂਦੇ ਹਨ। •

(ਦਸੰਬਰ ਨਵੰਬਰ, 2007)





## 1. ਗ਼ਜ਼ਲਾਂ

ਮਸਊਦ ਚੌਧਰੀ ਲਾਹੌਰ

ਦੋਹਾਂ ਡੰਗਿਆ ਗੁਲਾਬਾਂ ਨੂੰ, ਨਾ ਤੂੰ ਚੰਗਾ, ਨਾ ਮੈਂ ਚੰਗਾ,
ਤੇ ਕੀਤਾ ਕੈਦ ਰੰਗਾਂ ਨੂੰ, ਨਾ ਤੂੰ ਚੰਗਾ, ਨਾ ਮੈਂ ਚੰਗਾ।

ਤੇਰੀ ਜ਼ਿੱਦ ਨੇ ਮਸੀਤਾਂ ਨੂੰ ਜਲਾ ਕੇ ਰਾਖ ਕਰ ਦਿੱਤਾ,
ਗਿਰਾਇਆ ਮੈਂ ਵੀ ਮੰਦਰਾਂ ਨੂੰ, ਨਾ ਤੂੰ ਚੰਗਾ, ਨਾ ਮੈਂ ਚੰਗਾ।

ਤੂੰ ਪੰਜਾਂ ਪਾਣੀਆਂ ਵਿਚ ਨਫ਼ਰਤਾਂ ਦਾ ਜ਼ਹਿਰ ਭਰ ਦਿੱਤਾ,
ਭੁਲਾਇਆ ਮੈਂ ਵੀ ਹੱਦਾਂ ਨੂੰ, ਨਾ ਤੂੰ ਚੰਗਾ, ਨਾ ਮੈਂ ਚੰਗਾ।

ਮੈਂ ਸੂਰਜ ਚਾੜ੍ਹਿਆ ਸੂਲੀ, ਤੂੰ ਚਾਨਣ 'ਨੇਰ ਕਰ ਦਿੱਤਾ,
ਵਧਾਇਆ ਮਿਲ ਕੇ ਜ਼ੁਲਮਾਂ ਨੂੰ, ਨਾ ਤੂੰ ਚੰਗਾ, ਨਾ ਮੈਂ ਚੰਗਾ।

ਵਣਜ ਬਾਰੂਦ ਦਾ ਫਸਲਾਂ ਦੀ ਥਾਂ ਕੀਤਾ ਅਸਾਂ ਰਲ ਕੇ
ਤੇ ਮਾਰੀ 'ਵਾਜ ਭੁੱਖਾਂ ਨੂੰ, ਨਾ ਤੂੰ ਚੰਗਾ ਤੇ ਨਾ ਮੈਂ ਚੰਗਾ।

ਪਨੀਰੀ ਲਾ ਕੇ ਜ਼ੁਲਮਾਂ ਦੀ, ਬਿਆਈ ਕੀਤੀ 'ਨੇਰਾਂ ਦੀ,
ਲੁਕਾਇਆ ਆਪ ਫਜਰਾਂ ਨੂੰ, ਨਾ ਤੂੰ ਚੰਗਾ, ਨਾ ਮੈਂ ਚੰਗਾ।

ਅਸਾਂ ਰੁੱਖ ਭੁੱਖ ਦਾ ਲਾਇਆ, ਤੁਸਾਂ ਗੁਰਬਤ ਵਿਆਹੀ ਏ,
ਇਹ ਤੋਹਫੇ ਦਿੱਤੇ ਲੋਕਾਂ ਨੂੰ, ਨਾ ਤੂੰ ਚੰਗਾ, ਨਾ ਮੈਂ ਚੰਗਾ।

ਮੁਹੱਬਤ, ਪਿਆਰ ਦੇ ਸੁਫਨੇ, ਵਿਆਹੁੰਦੇ ਕਿਸ ਤਰ੍ਹਾਂ ਦੋਵੇਂ,
ਵਿਚੋਲਾ ਪਾਇਆ ਮੁੱਲਾਂ ਨੂੰ, ਨਾ ਤੂੰ ਚੰਗਾ, ਨਾ ਮੈਂ ਚੰਗਾ।

ਅਸਾਂ 'ਮਸਊਦ' ਪਾਏ ਪਾੜ ਧਰਤੀ ਦੇ ਸਰੀਰ ਅੰਦਰ,
ਤੇ ਲਾਈ ਲੀਕ ਸਾਂਝਾਂ ਨੂੰ, ਨਾ ਤੂੰ ਚੰਗਾ, ਨਾ ਮੈਂ ਚੰਗਾ।

2.

ਕੁਝ ਉਹਨੇ ਆਪਣੀ ਸੋਚ ਜਾ ਕਿਬਲਾ ਬਦਲ ਲਿਆ,
ਕੁਝ ਮੈਂ ਵੀ ਆਪਣੇ ਇਸ਼ਕ ਦਾ ਸਿਜਦਾ ਬਦਲ ਲਿਆ।

ਅੱਖੀਆਂ ਤਰਸ ਤਰਸ ਗਈਆਂ, ਜਿਸ ਇਨਕਲਾਬਾਂ ਨੂੰ,
ਆਇਆ ਜਦੋਂ ਉਹ ਵਕਤ ਤੇ ਨਾਹਰਾ ਬਦਲ ਲਿਆ।

ਇੱਕ ਮਾਂ ਨੇ ਕੱਟ ਕੇ ਆਂਦਰਾਂ, ਗੁਰਬਤ ਤੋਂ ਡਰਦਿਆਂ,
ਬਾਲਾਂ ਦੇ ਰਿਜ਼ਕ ਵਾਸਤੇ, ਬੱਚਾ ਬਦਲ ਲਿਆ।

ਆਉਣਾ ਅਖ਼ੀਰ ਇਹਨਾਂ ਸਮੁੰਦਰ ਦੀ ਗੋਦ ਵਿਚ,
ਹੋਇਆ ਕੀ ਜੇ ਪਾਣੀਆਂ ਰਸਤਾ ਬਦਲ ਲਿਆ।

ਜਿਸ ਵਕਤ ਬੰਦੀਵਾਨ ਨੇ ਚੜ੍ਹਨਾ ਸੀ ਦਾਰ ਤੇ,
ਜੇਲ੍ਹਰ ਨੇ ਓਸ ਰਾਤ ਨੂੰ ਪਹਿਰਾ ਬਦਲ ਲਿਆ।

ਕੁਝ ਕਾਗਜ਼ੀ ਸੀ ਬੇੜੀਆਂ, ਕੁਝ ਪਾਣੀਆਂ ਦਾ ਸ਼ੋਰ,
ਉਤੋਂ ਮੁਕੱਦਰਾਂ ਨੇ ਵੀ ਪਾਸਾ ਬਦਲ ਲਿਆ।

ਫਿਤਰਤ ਤੇਰੀ ਦੀ ਵੇਖੀਆਂ ਆਤਸ਼-ਫਸ਼ਾਨੀਆਂ,
ਲਹਿਜਾ ਬਦਲ ਲਿਆ, ਕਦੀ ਚਿਹਰਾ ਬਦਲ ਲਿਆ।

ਮੇਰੀ ਕਬਰ ਨੂੰ ਕੋਈ ਪਛਾਣੇ ਤੇ ਕਿਸ ਤਰ੍ਹਾਂ,
ਮਿੱਤਰਾਂ ਨੇ ਰਾਤੀਂ ਆਣ ਕੇ ਰੁਤਬਾ ਬਦਲ ਲਿਆ।

ਕੱਸੀ ਹੋਈ ਕਮਾਨ ਤੇ ਦੁਸ਼ਮਣ ਵੀ ਜਦ 'ਚ ਸੀ,
ਖੌਰੇ ਕੀ ਸੋਚ ਕੇ ਮੈਂ ਨਿਸ਼ਾਨਾ ਬਦਲ ਲਿਆ।

ਕਮਰੇ ਸੀ ਸਾਰੇ ਫੋਮ ਦੇ ਛੱਤਾਂ ਬਰਫ਼ ਦੀਆਂ,
ਸੂਰਜ ਨੂੰ ਘਰ 'ਚ ਵਾੜ ਕੇ ਨਕਸ਼ਾ ਬਦਲ ਲਿਆ।

ਚਿਹਰੇ 'ਤੇ ਉਸਦੇ ਵੇਖ ਕੇ ਲਾਲੀ ਫਰੇਬ ਦੀ,
'ਮਸਊਦ' ਨੇ ਵੀ ਜਾਣ ਕੇ ਰਸਤਾ ਬਦਲ ਲਿਆ।



# ਗ਼ਜ਼ਲਾਂ

**ਬਾਬਾ ਨਜਮੀ**

ਇਕੀਵੀਂ ਸਦੀ 'ਚ ਦਾਖਲ ਹੋਣਾ ਕਿਹੜੇ ਮੂੰਹ ਦੇ ਨਾਲ,
ਉਹ ਵੀ ਕਰਜ਼ੇ ਹੇਠ ਨੇ ਹਾਲੇ ਜੰਮਣੇ ਜਿਹੜੇ ਬਾਲ।

ਕੋਈ ਕੋਈ ਅਪਣੇ ਪੈਰਾਂ ਉੱਤੇ ਪੂਰੇ ਨਾਲ ਈਮਾਨ,
ਟਾਵੇਂ ਟਾਵੇਂ ਚੁੱਲ੍ਹੇ ਉੱਤੇ ਪੱਕੇ ਟੁੱਕ ਹਲਾਲ।

ਕਿੰਝ ਨਾ ਆਖਾਂ ਉਲਟੀ ਗੰਗਾ ਵਗਦੀ ਪਈ ਏ ਵੇਖ,
ਰੱਜੇ ਮੂੰਹ ਲਪਕਾ ਕੇ ਬੈਠੇ, ਭੁੱਖੇ ਪਾਣ ਧਮਾਲ।

ਜੁੱਸੇ ਨਾਲੋਂ ਬੇਹਿੰਮਤੀ ਦੀ ਧਾੜ ਤੇ ਛੰਡ ਕੇ ਵੇਖ,
ਦਰਿਆਵਾਂ ਦੇ ਚੌੜੇ ਸੀਨੇ ਬਣ ਸਕਦੇ ਨੇ ਖਾਲ।

ਰਾਤੀਂ ਵੀ ਚੌਧਰਾਣੀ ਮੈਨੂੰ ਅੱਖ ਨਹੀਂ ਦੇਂਦੀ ਲਾਣ,
ਕਿਹੜੇ ਵੇਲੇ ਬਹਿ ਕੇ ਧੋਵਾਂ ਗਜ ਗਜ ਲੰਮੇ ਵਾਲ

**2.**

**ਸੁਲੱਖਣ ਸਰਹੱਦੀ**

ਚਿਹਰੇ ਤੋਂ ਰਹਿੰਦੀ ਹੱਸਦੀ ਦਿਲ ਤੋਂ ਉਦਾਸ ਹੈ।
ਪਾਣੀ ਦੇ ਅੰਦਰਵਾਰ ਵੀ ਕਿੰਨੀ ਪਿਆਸ ਹੈ।

ਆਰੀ ਤੇ ਜਿਸਮ ਵਾਂਗ ਜੋ ਰਹਿੰਦੀ ਕਰਾਸ ਵਿਚ,
ਉਸ ਕੁੜੀ ਦੇ ਗਲ 'ਚ ਵੀ ਰਹਿੰਦਾ ਕਰਾਸ ਹੈ।

ਇਕ ਸਾਹ ਤੋਂ ਦੂਜੇ ਸਾਹ 'ਚ ਹੈ ਅੱਗ ਦੀ ਲਕੀਰ ਵਿਥ,
ਕੈਸੀ ਹੈ ਇਹ ਤਰਾਸਦੀ ਕੈਸਾ ਤਰਾਸ ਹੈ।

ਖੰਜਰ ਨੇ ਰਾਤੀਂ ਇਸ ਤਰ੍ਹਾਂ ਲਿਸ਼ਕੋਰਾਂ ਮਾਰੀਆਂ,
ਭਾਵੇਂ ਕਿ ਦਿੱਲੀ ਦੂਰ ਸੀ ਲੱਗੀ ਕਿ ਪਾਸ ਹੈ।

ਉੱਡਦੀ ਹੈ ਰੇਤ ਉਸ ਜਗ੍ਹਾ ਜਿੱਥੇ ਸੀ ਇਕ ਨਦੀ,
ਇਸ ਜੂਹ ਨੂੰ ਲੰਘੇ ਪਾਣੀਆਂ ਦੀ ਹੁਣ ਵੀ ਆਸ ਹੈ।

ਨਾ ਪਿਆਸ ਜਗਦੀ ਹੈ ਕਿਤੇ ਨਾ ਤ੍ਰਿਪਤੀ ਛਲਕਦੀ,
ਇਹ ਘਰ ਵੀ ਕੀ ਹੈ ਸ਼ੀਸ਼ੇ ਦਾ ਟੁੱਟਾ ਗਲਾਸ ਹੈ।

ਨ੍ਹੇਰੇ ਦੇ ਲਖ ਤੂਫ਼ਾਨ ਵੀ ਡਰਦੇ ਨੇ ਓਸ ਤੋਂ,
ਜਿਸ ਘਰ ਦੀ ਅੱਖ 'ਚ ਜਗ ਰਹੀ ਦੀਵੇ ਦੀ ਆਸ ਹੈ।

ਇਸ ਪਿੰਜਰੇ ਵਿਚ ਮੌਜ ਹੈ ਝੱਖੜ ਨਾ ਬਿਜਲੀਆਂ,
ਇਕ ਦਿਲ ਹੈ ਖੁੱਲ੍ਹੇ ਗਗਨਾਂ ਬਿਨ ਰਹਿੰਦਾ ਉਦਾਸ ਹੈ।

## 3. (ਹਿੰਦੀ ਗ਼ਜ਼ਲ)

ਵਸ਼ਿਸ਼ਠ ਅਨੂਪ

ਲਹੂ ਲਹਾਨ ਜਿਗਰ ਲੈ ਕੇ ਮੁਸਕਰਾਤੇ ਹੈਂ,
ਹਮ ਇਸ ਤਰ੍ਹਾਂ ਸੇ ਉਨਕਾ ਹੌਸਲਾ ਬੜ੍ਹਾਤੇ ਹੈਂ।

ਸਾਰੇ ਤੀਰਥੋਂ ਕਿ ਪੁੰਨ ਇਸ ਤਰ੍ਹਾਂ ਕਮਾਤੇ ਹੈਂ,
ਗ਼ਮ ਮੇਂ ਡੂਬੇ ਹੋਏ ਇਨਸਾਨ ਕੋ ਹੰਸਾਤੇ ਹੈਂ।

ਏਕ ਉਮੀਦ ਫਜ਼ਾਓ ਮੇਂ ਜਗਮਗਾਤੀ ਰਹੇ
ਹਮ ਆਂਧੀਓਂ ਮੇਂ ਦੀਏ ਇਸ ਲੀਏ ਜਗਾਤੇ ਹੈਂ।

ਹਮ ਤੋ ਅਰਬੋਂ ਹੈਂ ਹਮੇਂ ਕੋਈ ਕਿਆ ਮਿਟਾਏਗਾ,
ਤੁਮਹਾਰੇ ਜੈਸੇ ਯਹਾਂ ਰੋਜ਼ ਆਤੇ ਜਾਤੇ ਹੈਂ।

ਸੁਨਾ ਹੈ ਕਰਨੇ ਚਲੇ ਹੈਂ ਵੋਹ ਵਤਨ ਕਾ ਸੌਦਾ,
ਵਤਨ ਕੇ ਨਾਮ ਕੀ ਜੋ ਰੋਜ਼ ਕਸਮੇ ਖਾਤੇ ਹੈਂ।



## 4.

ਸੁਲਤਾਨ ਖਾਰਵੀ

ਕਰੋ ਦੁਆ ਜੇ ਰਾਤਾਂ ਵਾਲੇ, ਆਉਣ ਨਾ ਵਿਚ ਨਸਾਬਾਂ ਦੇ।
ਜੁਗਨੂੰ, ਦੀਵੇ, ਚੰਨ ਇੱਕ ਸੂਰਜ, ਹੋਵਣ ਲਫ਼ਜ਼ ਕਿਤਾਬਾਂ ਦੇ।

ਇਹ ਨਹੀਂ ਮਤਲਬ ਭਈ ਇਸ ਡਰ ਤੋਂ, ਤੁਸੀਂ ਮੁਹੱਬਤ ਕਰਨ ਨਾ,
ਖਿੜਦੇ ਨੇ ਕੁਝ ਦਿਨ ਲਈ ਕੰਡੇ, ਵੀ ਪਰ ਵਿਚ ਗੁਲਾਬਾਂ ਦੇ।

ਕਿਹੜੀ ਜੂਹੇ ਰੱਬ ਚੁਕਾਇਆ, ਸਾਨੂੰ ਭਾਰ ਨਦਾਮਤ ਦਾ,
ਪੱਖੀ ਵਾਸਾ ਵਰਗਾ ਜੀਵਨ, ਬੀਤਿਆ ਵਿਚ ਨਵਾਬਾਂ ਦੇ।

ਇਬਰਾਹੀਮੀ ਚਿਖ਼ਾ ਦੇ ਅੰਦਰ ਠੰਢੇ ਹਉਕੇ ਭਰਦੇ ਨੇ,
ਓਏ ਨਮਰੂਦ ਨੂੰ ਖ਼ਲਕ ਹਾਰਿਆ, ਵੇਖ ਅਹਿਸਾਨ ਅਜ਼ਾਬਾਂ ਦੇ।

ਦੁਨੀਆਂ ਦੇ 'ਸੁਲਤਾਨ' ਨੇ ਸਾਡੀ ਮਰਜ਼ੀ ਨੂੰ ਦਫਨਾ ਕੇ ਤੇ,
ਬਾਲਕ ਦਿਲ ਵਰਚਾਇਆ ਹੋਇਆ ਏ, ਬਖ਼ਸ਼ ਖਡਾਉਣੇ ਖਾਬਾਂ ਦੇ।

## 5.

ਸੁਲਤਾਨ ਖਾਰਵੀ

ਧੁੱਪੇ ਧੌਲੇ ਆ ਗਏ ਨੇ ਤੇ ਸਮਝ ਅੰਞਾਣੀ ਹੋ ਗਈ ਏ।
ਤਿਤਲੀਆਂ ਦੇ ਸ਼ੌਕ, ਹੱਯਾਤੀ ਬਾਲ ਦੀ ਹਾਣੀ ਹੋ ਗਈ ਏ।

ਜਿਹੜੀ ਬਸਤੀ ਸੂਰਜ ਜ਼ਿੰਦਾ ਹੋਣ ਦਾ ਸੁਪਨਾ ਡਿੱਠਾ ਸੀ,
ਓਥੇ ਹਾਕਮ ਰਾਤ ਮੂੰਹ ਕਾਲੀ ਬੰਦੇ ਖਾਣੀ ਹੋ ਗਈ ਏ।

ਮੈਂ ਤੇ ਬਾਲਾਂ ਹਾਰ ਝਰੀਟਾਂ ਵਾਹੀਆਂ ਸੀ ਇਹ ਬਣਿਆ ਕੀ,
ਕਾਗਜ਼ ਦੀ ਧਰਤੀ 'ਚੋਂ ਪੈਦਾ, ਦਰਦ ਕਹਾਣੀ ਹੋ ਗਈ ਏ।

ਸੋਚ ਪਰੀ ਕੋਹ-ਕਾਫ਼ ਜ਼ਿਹਨ ਵਿਚ ਲੰਮੀ ਤਾਣ ਕੇ ਸੌਂਵੇਂ ਕੀ,
ਵੇਲੇ ਹੱਥੋਂ ਇਹਦੀ ਚੁੰਨੀ ਅੱਧੋਰਾਣੀ ਹੋ ਗਈ ਏ।

ਮੈਂ ਆਤਿਸ਼ ਦਾ ਬੂਟਾ ਲਾਇਆ, ਠੰਢੀ ਛਾਵੇਂ ਬੈਠਣ ਲਈ,
ਮੇਰੇ ਭੋਲਪੁਣੇ ਤੇ ਉਹਦੀ ਸੂਰਤ ਪਾਣੀ ਹੋ ਗਈ ਏ।

ਹੁਣ ਤੇ ਸਾਹਵਾਂ ਦੀ ਪ੍ਰਵਾਜ਼ ਈ ਮੇਰੇ ਵੱਸੋਂ ਬਾਹਰੀ ਏ,
ਕੰਧਾਂ ਉੱਤੇ ਚੱਲਣ ਵਾਲੀ ਗੱਲ ਪੁਰਾਣੀ ਹੋ ਗਈ ਏ।

ਪਾ ਲਈ ਸੋਨੇ ਦੀ ਜ਼ੰਜ਼ੀਰੀ ਜਿੰਦ ਕੁੜੀ ਨੇ ਲਿਖਿਆ ਫੇਰ,
ਬਣਿਆ ਨਾ 'ਸੁਲਤਾਨ' ਤੂੰ ਰਾਜਾ, ਕੋਈ ਰਾਣੀ ਹੋ ਗਈ ਏ।

## 6.

**ਸੁਰਿੰਦਰਜੀਤ ਕੌਰ**

ਮੇਰੇ ਨੈਣਾਂ 'ਚ ਆ ਕੇ ਚਮਕਿਆ ਸੀ,
ਜੋ ਹੰਝੂ ਡੋਲਿਆ ਤੇ ਤੜਪਿਆ ਸੀ।

ਇਕੱਲਾ ਟੁੱਟ ਮਿੱਟੀ ਵਿਚ ਰੁਲ ਗਿਆ ਸੀ,
ਜੋ ਘੁੰਗਰੂ ਵਿਚ ਝਾਂਜਰ ਖਣਕਿਆ ਸੀ।

ਮੇਰੇ ਦਿਲ ਵਾਂਗ ਨਾਜ਼ੁਕ ਸੀ ਜੋ ਸ਼ੀਸ਼ਾ,
ਮੇਰੇ ਦਿਲ ਵਾਂਗ ਤਾਂ ਹੀ ਤਿੜਕਿਆ ਸੀ।

ਉਹ ਸੁਹਣਾ ਛਣਕਣਾ ਟੁੱਟਣ ਤੋਂ ਪਹਿਲਾਂ,
ਉਹ ਹਾਸਾ ਬਾਲ ਦਾ ਬਣ ਛਣਕਿਆ ਸੀ।

ਜ਼ਖ਼ਮ ਖਾ ਬਾਜ਼ ਟੀਸੀ ਤੇ ਜਾ ਬਹਿੰਦਾ,
ਪਰਿੰਦਾ ਸੀ ਕੋਈ ਜੋ ਸਿਸਕਿਆ ਸੀ।

ਕਦੇ ਭੁੱਲੀਂ ਨ ਉਨ੍ਹਾਂ ਮੋਢਿਆਂ ਨੂੰ,
ਜਿਨ੍ਹਾਂ ਤੇ ਚੜ੍ਹ ਕੇ ਝੂਟਾ ਝੂਟਿਆ ਸੀ।





# 1. ਥੋਹੜੀ ਉਚਾਈ ਉੱਤੇ ਮੰਡਲਾਉਂਦੇ ਹੋਏ

(ਦਾਹਲੀਆ ਰਾਵੀਕੋਵਿਚ (ਜਨਮ 1936) ਅਜ਼ਰਾਈਲ ਦੀ ਪ੍ਰਸਿੱਧ ਪ੍ਰਗਤੀਸ਼ੀਲ ਕਵਿੱਤਰੀ ਹੈ। ਜੋ ਸਥਾਪਤੀ ਅਤੇ ਅਰਬ-ਘਿਰਣਾ ਦਾ ਨਹੀਂ, ਸਗੋਂ ਮਨੁੱਖਤਾਵਾਦੀ ਮੁੱਦਿਆਂ ਉੱਤੇ ਪੀੜਤ ਲੋਕਾਂ ਦਾ ਸਾਥ ਦਿੰਦੀ ਹੈ। 1982 ਵਿਚ ਲੈਬਨਾਨ ਉੱਤੇ ਅਜ਼ਰਾਈਲ ਵਲੋਂ ਕੀਤੇ ਹਮਲੇ ਸਮੇਂ ਉਸਨੇ ਹੋਰ ਖੱਬੇ ਪੱਖੀ ਲੇਖਕਾਂ ਨਾਲ ਜ਼ੁਲਮ ਦੇ ਵਿਰੁੱਧ ਆਵਾਜ਼ ਉਠਾਈ ਸੀ। ਪੇਸ਼ ਕਵਿਤਾ ਵਿਚ ਉਹ ਅਜ਼ਰਾਈਲੀ ਸੈਨਿਕ ਵਲੋਂ ਅਰਬ ਦੀ ਭੇਡਾਂ-ਬੱਕਰੀਆਂ ਚਾਰਨ ਵਾਲੀ ਲੜਕੀ ਤੇ ਕੀਤੇ ਜਬਰ-ਜਿਨਾਹ ਦੇ ਵਿਰੁੱਧ ਆਵਾਜ਼ ਉਠਾਉਂਦੀ ਹੈ।)

– ਸੰਪਾਦਕ

ਮੈਂ ਏਥੇ ਨਹੀਂ ਹਾਂ
ਮੈਂ ਪਥਰੀਲੀਆਂ ਉੱਤਰੀ ਪਹਾੜੀਆਂ ਉੱਤੇ
ਜਿੱਥੇ ਕਿ ਬਰਫ਼ ਉੱਤੇ
ਰੰਗਦਾਰ ਧਾਰੀਆਂ ਪਈਆਂ ਹਨ।
ਜਿੱਥੇ ਕਿ ਘਾਹ ਨਹੀਂ ਉੱਗਦੀ
ਤੇ ਜਿੱਥੇ ਢਲਾਨ ਉੱਤੇ
ਵੱਡਾ ਪ੍ਰਛਾਵਾਂ ਪੈ ਰਿਹਾ ਹੈ
ਦੇ ਉੱਤੇ ਮੰਡਲਾ ਰਹੀ ਹਾਂ।

ਇੱਕ ਅਦਿੱਖ ਤੰਬੂ ਵਿਚੋਂ
ਇੱਕ ਆਜੜੀ ਕੁੜੀ ਬਾਹਰ ਨਿਕਲਦੀ ਹੈ
ਤੇ ਉਹ ਕਾਲੀਆਂ ਬੱਕਰੀਆਂ ਦਾ
ਇੱਕ ਇੱਜੜ ਹਿੱਕੀ
ਚਰਾਂਦ ਵੱਲ ਤੁਰ ਪੈਂਦੀ ਹੈ।
ਮੈਂ ਏਥੇ ਨਹੀਂ ਹਾਂ
ਡੂੰਘੇ ਪਹਾੜ ਦੀ ਖੱਡ ਵਿਚੋਂ
ਇੱਕ ਲਾਲ ਸੂਹਾ ਗੋਲਾ
ਉਤਾਹ ਉੱਠਦਾ ਹੈ
ਭਾਵੇਂ ਕਿ ਉਹ ਅਜੇ ਸੂਰਜ ਨਹੀਂ ਹੈ
ਬਰਫ਼ ਦੀ ਸੂਹੀ ਅੱਗ ਵਰਗੀ ਲਾਟ
ਖੱਡ ਅੰਦਰੋਂ ਨਜ਼ਰੀ ਪੈਂਦੀ ਹੈ
ਲੜਕੀ ਚਰਾਂਦ ਵੱਲ ਜਾਣ ਲਈ
ਸਵੇਰੇ ਸਵੱਖਤੇ ਉੱਠਦੀ ਹੈ
ਉਹ ਧੌਣ ਅਕੜਾ ਕੇ ਤੇ
ਚੰਚਲ ਅੱਖਾਂ ਨਾਲ ਨਹੀਂ ਝਾਕਦੀ
ਉਹ ਨਹੀਂ ਪੁੱਛਦੀ, ਕਿ
"ਮੇਰੀ ਸਹਾਇਤਾ ਲਈ ਕੌਣ ਨਿਕਲੇਗਾ?"

ਮੈਂ ਏਥੇ ਨਹੀਂ ਹਾਂ
ਮੈਂ ਕਈ ਦਿਨਾਂ ਤੋਂ ਪਹਾੜਾਂ ਵਿਚ ਹਾਂ
ਧੁੱਪ ਮੈਨੂੰ ਸਾੜਦੀ
ਬਰਫ਼ ਮੈਨੂੰ ਛੂੰਹਦੀ
ਹੈਰਾਨ ਕਿਉਂ ਹੁੰਦੇ ਹੋ?
ਮੈਂ ਆਪਣੀ ਜ਼ਿੰਦਗੀ ਵਿਚ
ਇਸ ਤੋਂ ਵੀ ਭੈੜੀਆਂ ਚੀਜ਼ਾਂ ਵੇਖੀਆਂ ਹਨ

ਮੈਂ ਆਪਣੀ ਘੱਗਰੀ ਲੈਂਦੀ ਹਾਂ
ਤੇ ਉਸ ਥਾਂ ਦੇ ਬੜਾ
ਨੇੜੇ ਜਹੇ ਮੰਡਲਾਉਂਦੀ ਹਾਂ
ਇਹ ਕੁੜੀ ਕੀ ਸੋਚ ਰਹੀ ਹੈ

ਵੇਖਣ ਨੂੰ ਜੰਗਲੀ ਜਿਹੀ
ਜਿਸ ਨੇ ਮੂੰਹ ਵੀ ਨਹੀਂ ਧੋਤਾ
ਪਲ ਭਰ ਲਈ ਉਹ ਝੁਕਦੀ ਹੈ
ਉਸ ਦੀਆਂ ਗੱਲ੍ਹਾਂ ਸੁਰਖ਼ ਹੁੰਦੀਆਂ ਹਨ
ਉਹ ਦੇ ਹੱਥਾਂ ਉੱਤੇ
ਬਰਫ਼ ਦੀ ਖੁਰਕ ਹੁੰਦੀ ਹੈ
ਉਹ ਉੱਖੜੀ ਉੱਖੜੀ ਪ੍ਰਤੀਤ ਹੁੰਦੀ ਹੈ
ਪਰ ਨਹੀਂ
ਉਹ ਪੂਰੀ ਚੌਕਸ ਹੈ
ਉਸਦੇ ਕੁਝ ਘੰਟੇ ਹੀ ਬਾਕੀ ਹਨ
ਪਰ ਇਹ ਗੱਲ ਨਹੀਂ
ਜੋ ਮੈਂ ਸੋਚ ਰਹੀ ਹਾਂ
ਮੇਰੇ ਖ਼ਿਆਲ ਮੈਨੂੰ
ਹੌਲੀ ਹੌਲੀ ਗੁਦਗੁਦਾਉਂਦੇ ਹਨ
ਸਹਿਜ ਨਾਲ
ਤੇ ਮੈਂ ਇੱਕ ਸੌਖਾ ਢੰਗ ਲੱਭ ਲਿਆ ਹੈ
ਮੈਂ ਪੈਰਾਂ ਨਾਲ ਧਰਤੀ ਉੱਤੇ ਨਹੀਂ ਤੁਰਦੀ
ਨਾ ਹੀ ਉੱਚਾ ਉੱਡਦੀ ਹਾਂ
ਸਗੋਂ ਬੜੀ ਥੋੜ੍ਹੀ ਉਚਾਈ ਉੱਤੇ
ਮੰਡਲਾ ਰਹੀ ਹਾਂ।

ਫਿਰ ਦੁਪਹਿਰੇ,
ਦਿਨ ਚੜ੍ਹਨ ਤੋਂ ਕਈ ਘੰਟੇ ਬਾਅਦ
ਉਹ ਆਦਮੀ ਪਹਾੜ ਉੱਤੇ ਜਾਂਦਾ ਹੈ
ਕਾਫੀ ਨਿਰਛਲ ਜਿਹਾ ਲੱਗਦਾ ਹੈ
ਕੁੜੀ ਉਥੇ ਹੀ ਹੈ ਤੇ
ਲਾਗੇ ਹੋਰ ਕੋਈ ਨਹੀਂ ਹੈ
ਉਹ ਜਿਵੇਂ ਬਚਾਅ ਲਈ ਭੱਜਦੀ ਹੈ
ਚੀਕ ਮਾਰਦੀ ਹੈ
ਪਰ ਪਹਾੜਾਂ ਵਿਚ
ਲੁਕਣ ਲਈ ਕੋਈ ਥਾਂ ਨਹੀਂ ਹੈ
ਮੈਂ ਕੋਲ ਨਹੀਂ ਹਾਂ
ਮੈਂ ਉਹਨਾਂ ਦੰਦੀਦਾਰ ਪਹਾੜੀ ਸਿਲਸਿਲੇ
ਤੋਂ ਉਪਰ ਹਾਂ
ਪੂਰਬ ਦੀ ਦੁਰਾਡੀ ਨਦੀ ਲਾਗੇ
ਵਿਸਥਾਰ ਦੇਣ ਦੀ ਲੋੜ ਨਹੀਂ
ਮੈਂ ਹਵਾ ਦੀ ਰਫ਼ਤਾਰ ਨਾਲ
ਇੱਕੋ ਹੀ ਤਗੜੇ ਝਟਕੇ ਨਾਲ
ਉੱਥੇ ਚੱਕਰ ਲਾ ਸਕਦੀ ਹਾਂ
ਮੈਂ ਪਰੇ ਜਾ ਕੇ,
ਆਪਣੇ ਆਪ ਨੂੰ ਕਹਿ ਸਕਦੀ ਹਾਂ
ਮੈਂ ਕੁਝ ਨਹੀਂ ਤੱਕਿਆ
ਤੇ ਉਹ ਕੁੜੀ ਜਿਸ ਦਾ
ਤਾਲੂ ਠੀਕਰੀ ਵਾਂਗ ਖੁਸ਼ਕ ਹੈ
ਤੇ ਅੱਖਾਂ ਸੁੱਜੀਆਂ ਹੋਈਆਂ
ਜਦੋਂ ਉਹ ਦੈਂਤ ਹੱਥ
ਉਸਦੇ ਵਾਲਾਂ ਨੂੰ ਪੈਂਦਾ ਹੈ
ਤੇ ਰਤਾ ਮਾਸਾ ਤਰਸ ਤੋਂ ਬਿਨਾਂ
ਉਸ ਉੱਤੇ ਝਪਟਦਾ ਹੈ

## 2. ਤੁਸੀਂ ਬੱਚੇ ਨੂੰ ਦੋ ਵਾਰੀ ਕਤਲ ਨਹੀਂ ਕਰ ਸਕਦੇ

'ਸ਼ਾਤੀਲਾ' ਤੇ 'ਸਾਬਰਾ' ਦੀਆਂ
ਚਿੱਕੜ ਭਰੀਆਂ ਨਾਲੀਆਂ
ਵਿਚ ਤੁਸੀਂ ਮਨੁੱਖੀ ਜਾਨਾਂ
ਏਨੀ ਭਾਰੀ ਗਿਣਤੀ ਵਿਚ
ਲਿਆ ਸੁੱਟਿਆ ਸੀ
ਤੁਸਾਂ ਜਿਉਂਦੇ ਸੰਸਾਰ ਨੂੰ
ਸਦੀਵੀਂ ਚਾਨਣ ਵਿਚ ਬਦਲ ਦਿੱਤਾ
ਰੋਜ਼ ਰਾਤ ਨੂੰ
ਪਹਿਲਾਂ ਉਹਨਾਂ ਗੋਲੀਆਂ ਮਾਰੀਆਂ
ਫਾਹੇ ਲਾਏ
ਫਿਰ ਉਹਨਾਂ ਚਾਕੂਆਂ ਨਾਲ ਕਤਲ ਕੀਤਾ



ਡਰੀਆਂ ਹੋਈਆਂ ਔਰਤਾਂ
ਮਿੱਟੀ ਦੀ ਢੇਰੀ ਉੱਤੇ ਚੜ੍ਹ ਗਈਆਂ
ਗੁੱਸੇ ਵਿਚ ਉਹਨਾਂ ਆਖਿਆ,
"ਉਹ ਉੱਥੇ 'ਸ਼ਾਤੀਲਾ' ਵਿਚ
ਸਾਨੂੰ ਝਟਕਾ ਰਹੇ ਨੇ"
ਕੈਂਪਾਂ ਉੱਤੇ ਚੰਨ ਦੀ
ਪਤਲੀ ਪੇਪੜੀ ਜਿਹੀ ਸੀ
ਸਾਡੇ ਸਿਪਾਹੀਆਂ ਨੇ
ਸਰਚ-ਲਾਈਟਾਂ ਨਾਲ
ਉਸ ਥਾਂ ਨੂੰ ਰੌਸ਼ਨ ਕੀਤਾ,
ਤੇ ਇੰਝ ਲੱਗਾ ਕਿ
ਦਿਨ ਚੜ੍ਹ ਆਇਆ ਸੀ।
"ਚਲੋ, ਵਾਪਸ ਕੈਂਪਾਂ ਵਿਚ
ਮਾਰੋ ਇਹਨਾਂ ਨੂੰ"
ਇੱਕ ਸੈਨਿਕ, 'ਸਾਬਰਾ ਤੇ ਸ਼ਾਤੀਲਾ' ਦੀਆਂ
ਕੁਰਲਾਉਂਦੀਆਂ ਔਰਤਾਂ ਨੂੰ ਟੁੱਟ ਕੇ ਪਿਆ
ਉਹ ਉਪਰਲੇ ਹੁਕਮਾਂ ਦੀ
ਪਾਲਣਾ ਕਰ ਰਿਹਾ ਸੀ
ਤੇ ਬੱਚੇ ਪਹਿਲਾਂ ਹੀ
ਗੰਦਗੀ ਦੀਆਂ ਨਾਲੀਆਂ ਵਿਚ ਡਿੱਗੇ,
ਸ਼ਾਂਤ ਮੂੰਹ ਅੱਡੀ ਪਏ ਸੀ।
ਉਹਨਾਂ ਨੂੰ ਹੁਣ ਕੋਈ ਕੁਝ ਨਹੀਂ ਕਹੇਗਾ
ਤੁਸੀਂ ਬੱਚੇ ਨੂੰ
ਦੁਬਾਰਾ ਕਤਲ ਨਹੀਂ ਕਰ ਸਕਦੇ!!
ਤੇ ਚੰਨ ਵੱਡੇ ਤੋਂ ਵੱਡਾ ਹੁੰਦਾ ਗਿਆ
ਜੋ ਅਖ਼ੀਰ ਉੱਤੇ ਸੋਨੇ ਦੀ ਰੋਟੀ ਵਾਂਗ
ਗੋਲ ਜਾਪਣ ਲੱਗਾ
"ਸਾਡੇ ਸਿਪਾਹੀਆਂ ਨੇ
ਆਪਣੇ ਲਈ ਕੁਝ ਨਹੀਂ ਸੀ ਮੰਗਿਆ
ਉਹ ਸਿਰਫ਼ ਇਹ ਚਾਹੁੰਦੇ ਸੀ
ਕਿ ਸੁੱਖੀ ਸਾਂਦੀ ਘਰ ਪਰਤ ਆਉਣ।" •

ਨਜ਼ਮ

## ਵਾਸਤਾ

**ਕਮਲ**

ਵਾਸਤਾ ਈ
ਸੁਣ ਰਾਧਾ ਵਰਗੀਏ ਕੁੜੀਏ
ਸ਼ਾਮ ਗਏ ਤੱਕ
ਪਿੰਡ ਦੀਆਂ ਗਲੀਆਂ ਵਿਚ
ਝਾਂਜਰ ਨਾ ਛਣਕਾਉਂਦੀ
ਫਿਰਿਆ ਕਰ।
ਮੇਰੀਆਂ ਸੋਚਾਂ ਦੇ
ਮੋੜ 'ਤੇ ਖਲੋ ਕੇ
ਚੂੜੀਆਂ ਨਾ ਛਣਕਾਇਆ ਕਰ
ਤੂੰ ਮੇਰੇ ਕ੍ਰਿਸ਼ਨ ਵਰਗੇ
ਮਨ ਨੂੰ ਨਹੀਂ ਜਾਣਦੀ
ਪਰ ਮੈਂ ਤਾਂ ਸੋਨੇ-ਚਾਂਦੀ ਦੀਆਂ
ਕੰਧਾਂ ਪਿੱਛੇ ਕੈਦ ਕੀਤਾ ਗਿਆ
ਪੱਥਰ ਦਾ ਮ੍ਰਿਗ ਹਾਂ
ਜਿਸ ਦੇ ਪੈਰਾਂ ਵਿਚ
ਦੌੜਨ ਲਈ ਤੜਪ ਏ
ਪਰ ਇੱਕ ਕਦਮ ਵੀ
ਪੁੱਟ ਨਹੀਂ ਸਕਦਾ
ਕਿਤੇ ਅਜਿਹਾ ਨਾ ਹੋਵੇ
ਕਿ ਤੇਰੀਆਂ ਝਾਂਜਰਾਂ ਤੇ ਚੂੜੀਆਂ ਦਾ
ਸੰਗੀਤ ਸੁਣ ਕੇ
ਮੇਰਾ ਕ੍ਰਿਸ਼ਨ ਵਰਗਾ ਮਨ ਨੱਚ ਉੱਠੇ
ਤੇ ਮੈਂ ਪੱਥਰ ਦਾ ਮਿਰਗ
ਦੌੜ ਕੇ ਤੇਰੇ ਤੱਕ
ਅਪੜਨ ਦੀ ਕੋਸ਼ਿਸ਼ ਵਿਚ
ਪੱਥਰ ਦੀ ਦੀਵਾਰ ਨਾਲ
ਟਕਰਾ ਕੇ ਮਿੱਟੀ ਹੋ ਜਾਵਾਂ। •

## ਕੁੜੀਆਂ

ਗੁਰਦਿਆਲ ਪੱਲ੍ਹਾ

ਕੁੜੀਆਂ ਚੁੱਪ ਚੁਪੀਤੀਆਂ
ਔੜ ਮਾਰੀ ਰੇਤਾ ਨੇ ਜਿਵੇਂ
ਕਣੀਆਂ ਪੀਤੀਆਂ
ਕੁੜੀਆਂ ਚੁੱਪ ਚੁਪੀਤੀਆਂ
ਡਰੀਆਂ ਸਹਿਮੀਆਂ ਨੁੱਕਰੇ ਲੱਗੀਆਂ
ਬੇਵਸੀ ਦੇ ਉਹ ਕਿੱਲੇ ਬੱਝੀਆਂ
ਗੁੱਡੀਆਂ ਅਤੇ ਪਟੋਲੇ ਖੁੱਸ ਗਏ
ਬੁੱਲਾਂ ਤੇ ਆਏ ਹਾਸੇ ਰੁੱਸ ਗਏ
ਲੁਕ-ਲੁਕ ਕੇ ਉਹ ਕਰਦੀਆਂ ਗੱਲਾਂ
ਸਮੁੰਦਰੀ ਛੱਲਾਂ ਅੰਗੂਰੀ ਵੱਲਾਂ
ਹੋ ਗਈ ਚਾਲ ਦਰਿਆ ਵਿਆਕਲ
ਅੱਥਰੇ ਚਾਅ ਤੇ ਸੁਪਨੇ ਡਰਾਕਲ
ਰਿਬਨ ਲੱਥੇ ਪਈਆਂ ਪਰਾਂਦੀਆਂ
ਫੜ੍ਹ ਕਿਤਾਬਾਂ ਉਹ ਪੜ੍ਹਨ ਜਾਂਦੀਆਂ
ਮੁਸਕਾਨਾਂ ਫੁੱਟੀਆਂ ਖਾਹਿਸ਼ਾਂ ਲੁੱਟੀਆਂ
ਦੁੱਧ ਚਿੱਟੀਆਂ ਤੇ ਕਪਾਹ ਫੁੱਟੀਆਂ
ਮੱਖਣ ਖੰਡ ਤੇ ਘਿਓ ਦੀਆਂ ਪਲੀਆਂ
ਮਿਸਰੀ ਡਲੀਆਂ ਖਿੜੀਆਂ ਕਲੀਆਂ
ਸਿਰ ਤੇ ਚੁੰਨੀਆਂ ਡੱਬ-ਖੜੱਬੀਆਂ
ਰੁੱਗ ਕਲੇਜੇ ਨਿੱਤ ਹੀ ਭਰਦੀਆਂ
ਮਸਤੀ ਦੇ ਵਿਚ ਹੋਈਆਂ ਝੱਲੀਆਂ
ਪਿਪਲ ਪੀਂਘਾਂ ਝੂਟਣ ਚੱਲੀਆਂ
ਛੀਟਾਂ ਦੇ ਰੰਗ ਕੱਚ ਦੇ ਅੰਗ
ਮਨ ਹੋ ਗਏ ਮਸਤ ਮਲੰਗ
ਮਹਿਕ ਤੇ ਖੁਸ਼ਬੋ ਧਰਤੀ ਡੁੱਲ੍ਹੀ
ਪੱਤੀ ਪੱਤੀ ਰੂਹ ਦੀ ਖੁੱਲੀ
ਗਿਠ ਗਿਠ ਲਾਲੀ ਮੂੰਹਾਂ ਤੇ ਆਈ
ਘਰੀਂ ਬਨੇਰੇ ਉਦਾਸੀ ਛਾਈ
ਕੱਚਾ ਢਾਰਾ ਤਖ਼ਤ ਹਜ਼ਾਰਾ
ਚੁੱਪ ਦਾ ਇੱਕ ਗੀਤ ਪਿਆਰਾ
ਮਾਂ ਦੀ ਆਂਦਰ ਤਨ ਦੀ ਬੋਟੀ
ਸਮੇਂ ਦੀ ਹੋ ਗਈ ਨਜ਼ਰ ਖੋਟੀ
ਵਿਚੇ ਵਿਚ ਕੁੜ ਕੁੜ ਗਈਆਂ
ਦਿਨ ਰਾਤ ਨਾ ਨੀਂਦਾਂ ਪਈਆਂ
ਮਲਕੇ ਵਟਣਾ ਮਾਵਾਂ ਨਹਾਉਂਦੀਆਂ
ਲਾ ਕੇ ਮਹਿੰਦੀ ਖਾਰੇ ਪਾਉਂਦੀਆਂ
ਇਸ਼ਟ ਆਪਣੇ ਲਾਵਾਂ ਕਰਾਵਣ
ਲਪੇਟ ਫੁੱਲਕਾਰੀ ਡੋਲੀ ਪਾਵਣ
ਮਨ ਦੇ ਖੂੰਜੇ ਪਈਆਂ ਪਈਆਂ
ਸਿਸਕੀਆਂ ਲੈ ਪੱਥਰਾ ਗਈਆਂ
ਚੁਬਾਰੇ ਲੱਗੀ ਇੱਟ ਭੁਰ ਗਈ
ਪੱਗ ਦੀ ਲਾਜ ਸਹੁਰੇ ਤੁਰ ਗਈ
ਤੀਲਾ ਤੀਲਾ ਹੋ ਗਏ ਸੁਪਨੇ
ਕਿਹੜੇ ਚਾਅ ਲਵੇ ਜੁਦਾਈਆਂ
ਦਿਲ ਦੇ ਵਿਹੜੇ ਸੋਗ ਹੰਢਾਏ
ਹੋ ਗਈਆਂ ਪਰਾਈਆਂ ਅੰਮਾਂ ਜਾਈਆਂ
ਯਾਦ ਰਹਿਣਗੀਆਂ ਸਦਾ ਗੱਲਾਂ
ਪੇਕੜੇ ਪਰਿਵਾਰ ਵਲੋਂ ਕੀਤੀਆਂ
ਕੁੜੀਆਂ ਚੁੱਪ ਚੁਪੀਤੀਆਂ
ਔੜ ਮਾਰੀ ਰੇਤਾ ਜਿਵੇਂ
ਕਣੀਆਂ ਨੇ ਪੀਤੀਆਂ
ਕੁੜੀਆਂ ਚੁੱਪ ਚੁਪੀਤੀਆਂ
ਕੁੜੀਆਂ ਚੁੱਪ ਚੁਪੀਤੀਆਂ। •





## ਮਿੱਤਰ ਪਿਆਰਾ - ਫੈਡਰੀਕੋ ਗਾਰਸ਼ੀਆ ਲੋਰਕਾ

ਪਾਬਲੋ ਨੇਰੂਦਾ

ਗੁਜ਼ਰ ਗਿਆਂ ਦੇ ਵਿਸ਼ਾਲ ਜੰਗਲ ਵਿਚੋਂ ਕੋਈ ਜਣਾ, ਇੱਕ ਨਾਂ ਨੂੰ ਚੁਣਨ ਦੀ ਕਿਵੇਂ ਜੁਰਅਤ ਕਰ ਸਕਦਾ ਹੈ, ਜੋ ਨਾਂ ਸਾਰਿਆਂ ਵਿਚੋਂ ਸਿਰਕੱਢ ਹੋਵੇ, ਅੰਦਾਲੂਸੀਆ ਦੇ ਨਿਮਾਣੇ ਹਲਵਾਹਕ ਯਾਦਾਂ ਨਾਲੋਂ ਵੀ ਪੁਰਾਣੇ ਦੁਸ਼ਮਣਾਂ ਹੱਥੋਂ ਕਤਲ ਕੀਤੇ ਗਏ, 'ਅਸਤੂਰੀਅਸ' ਦੇ ਮਾਰੇ ਗਏ ਖਾਣ-ਮਜ਼ਦੂਰ, ਤਰਖਾਣ, ਰਾਜਗੀਰ, ਪਿੰਡ ਤੇ ਸ਼ਹਿਰ ਦੇ ਤਨਖਾਹਦਾਰ ਕਾਮੇ, ਹਜ਼ਾਰਾਂ ਹੀ ਕਤਲ ਕੀਤੇ ਗਏ ਬੱਚੇ ਤੇ ਔਰਤਾਂ। ਇਹਨਾਂ ਵਿਚੋਂ ਹਰ ਕਿਸੇ ਨੂੰ ਅੱਗ ਦੇ ਪ੍ਰਛਾਵਿਆਂ ਵਾਲਿਆਂ ਨੂੰ, ਇਸ ਦੁਖੀ ਧਰਤੀ ਤੋਂ ਗਵਾਹੀ ਵਜੋਂ ਪੇਸ਼ ਹੋਣ ਦਾ ਪੂਰਾ ਹੱਕ ਦੇਣ ਤੇ ਹਰ ਇੱਕ ਦੀ ਮੇਰੇ ਵਿਸ਼ਵਾਸ ਅਨੁਸਾਰ, ਤੁਹਾਡੇ ਹਿਰਦਿਆਂ ਵਿਚ ਥਾਂ ਹੈ, ਪਰ ਜੇ ਤੁਸੀਂ ਬੇ ਇਨਸਾਫ਼ੀ ਅਤੇ ਬਦੀ ਤੋਂ ਮੁਕਤ ਹੋਵੋ। ਇਹਨਾਂ ਸਾਰੇ ਭਿਆਨਕ ਪ੍ਰਛਾਵਿਆਂ ਦਾ ਤੁਹਾਡੀਆਂ ਯਾਦਾਂ ਵਿਚ ਸਥਾਨ ਹੈ, ਅੱਗ ਤੇ ਵਫ਼ਾਦਾਰੀ ਦੇ ਨਾਂ, ਸਧਾਰਨ ਪਵਿੱਤਰ ਨਾਂ, ਪ੍ਰਾਚੀਨ ਤੇ ਨੇਕ, ਜਿਵੇਂ ਲੂਣ ਤੇ ਪਾਣੀ ਦਾ ਨਾਂ ਹੈ। ਲੂਣ ਤੇ ਪਾਣੀ ਵਾਂਗ, ਇਹ ਅਨੰਤ ਧਰਤੀ ਨਾਲ ਇੱਕ-ਮਿੱਕ ਹੋ ਗਏ ਹਨ। ਕਿਉਂਕਿ ਸਪੇਨ ਦੇ ਲੋਕਾਂ ਦੀਆਂ ਕੁਰਬਾਨੀਆਂ ਦੁੱਖ, ਸ਼ਕਤੀ ਤੇ ਪਵਿੱਤਰਤਾ ਇਸ ਸ਼ੁਧ ਕਰਨ ਵਾਲੇ ਸੰਘਰਸ਼ ਦੇ ਹਿਰਦੇ ਵਿਚ ਹੈ। ਕਿਸੇ ਵੀ ਹੋਰ ਸੰਘਰਸ਼ ਨਾਲੋਂ ਵੱਧ ਅਤੇ ਇਹ ਕਣਕ ਦੇ ਮੈਦਾਨਾਂ ਅਤੇ ਚੱਟਾਨਾਂ ਦੀ ਸਰਦੀ ਦੀ ਰੁੱਤ ਦਾ ਵਿਰਾਟ ਦ੍ਰਿਸ਼ ਜਿਸਦੇ ਪਿਛੋਕੜ ਵਿਚ, ਖਰੂਵਾ ਨਖੱਤਰ ਹੈ ਤੇ ਜਿਸ ਦੇ ਲਈ ਬਰਫ਼ ਤੇ ਲਹੂ ਮੁਕਾਬਲਾ ਕਰ ਰਹੇ ਹਨ।

ਹਾਂ, ਕਿਵੇਂ ਇੱਕ ਨਾਂ ਚੁਣਨ ਦੀ ਜੁਰਅਤ ਕਰੀਏ। ਕਈ ਨਾਵਾਂ ਵਿਚੋਂ ਇਕ ਨਾਂ, ਜੋ ਚੁੱਪ ਕਰਾ ਦਿੱਤੇ ਗਏ ਹਨ। ਕਿਉਂਕਿ ਜਿਹੜਾ ਨਾਂ ਮੈਂ ਤੁਹਾਡੇ ਵਿਚਕਾਰ ਬੋਲਣ ਲੱਗਾ ਹਾਂ ਉਸਦੇ ਕਾਲੇ ਸ਼ਬਦਾਂ ਵਿਚ ਐਸੀ ਤੀਬਰ ਅਮੀਰੀ ਹੈ, ਇਹ ਐਨਾ ਵਜ਼ਨੀ ਹੈ ਤੇ ਐਨਾ ਮਹੱਤਵਪੂਰਨ ਹੈ ਕਿ ਉਸਦਾ ਨਾਮ ਲੈਂਦਿਆਂ ਤੁਹਾਨੂੰ ਉਹਨਾਂ ਸਾਰਿਆਂ ਦਾ ਨਾਂ ਲੈਣਾ ਪਵੇਗਾ, ਜੋ ਉਸ ਦੀਆਂ ਕਵਿਤਾਵਾਂ ਦੇ ਸਹੀ ਅਰਥਾਂ ਦੀ ਰਾਖੀ ਕਰਦੇ ਕੁਰਬਾਨ ਹੋ ਗਏ, ਕਿਉਂਕਿ ਉਹ ਸਪੇਨ ਦੇ ਦਿਲ ਦੀ ਗੂੰਜ ਭਰੀ ਰਾਖੀ ਕਰਨ ਵਾਲਾ ਫੈਡਰੀਕੋ ਗਾਰਸ਼ੀਆ ਲੋਰਕਾ ਸੀ। ਉਹ ਲੋਕਾਂ ਦਾ ਏਨਾ ਹੀ ਹਿੱਸਾ ਸੀ, ਜਿੰਨੀ ਸਿਤਾਰ ਸੀ, ਖੁਸ਼ੀ-ਭਰਿਆ ਦਿਲਗੀਰੀ ਵਾਲਾ। ਬੱਚੇ ਜਿੰਨਾ ਡੂੰਘਾ ਤੇ ਸਪੱਸ਼ਟ, ਜਿੰਨੇ ਕਿ ਲੋਕ ਹੁੰਦੇ ਹਨ। ਜੇ ਕੋਈ ਮਿਹਨਤ ਨਾਲ ਖੋਜ ਕਰਨ ਵਾਲਾ ਹੋਵੇ ਤੇ ਕੁਰਬਾਨੀ ਕਰਨ ਵਾਲੇ ਦੀ ਧਰਤੀ ਤੇ ਪੈਰ-ਪੈਰ ਉੱਤੇ ਖੋਜ ਕਰਨ ਲੱਗ ਪਵੇ ਤਾਂ ਕੁਰਬਾਨੀ ਦੇ ਚਿੰਨ ਵਜੋਂ, ਉਸਨੂੰ ਕਿਸੇ ਹੋਰ ਬੰਦੇ ਤੇ ਕਿਸੇ ਚੀਜ਼ ਵਿਚੋਂ ਇਸ ਆਦਮੀ ਤੋਂ ਬਿਨਾਂ ਹੋਰ ਕਿਸੇ ਵਿਚ, ਸਪੇਨ ਦੀ ਇਹ ਖੁਸ਼ਬੂ ਏਨੀ ਮਾਤਰਾ ਵਿਚ ਨਹੀਂ ਮਿਲ ਸਕਦੀ ਤੇ ਨਾ ਹੀ ਏਨੀ ਡੂੰਘਾਈ ਤੇ ਸ਼ਕਤੀ ਵਾਲੀ ਮਿਲ ਸਕਦੀ ਹੈ। ਹਾਂ ਉਹਨਾਂ ਨੇ ਖੂਬ ਚੋਣ ਕੀਤੀ, ਉਹ ਜਿਹਨਾਂ ਨੇ ਉਸਨੂੰ ਗੋਲੀ ਮਾਰੀ, ਉਹਨਾਂ ਉਹ ਮਨੁੱਖੀ ਨਸਲ ਦੇ ਐਨ ਦਿਲ ਵਿਚ ਮਾਰੀ। ਉਹਨਾਂ ਨੇ ਸਪੇਨ ਨੂੰ ਸ਼ਹੀਦ ਕਰਨ ਤੇ ਗੁਲਾਮ ਬਣਾਉਣ ਲਈ ਚੋਣ ਕੀਤੀ। ਉਸਦੀ ਖੁਸ਼ਬੂ ਨੂੰ ਖ਼ਤਮ ਕਰਨ ਲਈ, ਉਸਦੇ ਸਭ ਤੋਂ ਤੀਬਰ ਸਵਾਸ ਦਾ

ਗਲਾ ਘੁੱਟਣ ਅਤੇ ਉਸਦੇ ਸਭ ਤੋਂ ਅਵਿਨਾਸ਼ੀ ਹਾਸੇ ਨੂੰ ਚੁੱਪ ਕਰਾਉਣ ਲਈ ਕੀਤੀ ਸੀ। ਇਸ ਮੌਤ ਵਿਚ ਦੋ ਅਜੋੜ ਸਪੇਨਾਂ ਦੀ ਪ੍ਰੀਖਿਆ ਸੀ। ਭਿਆਨਕ ਤੇ ਪਾਟੇ ਖੁਰ ਵਾਲਾ ਨਿਰਦਈ, ਸਪੇਨ ਜੋ ਭੂਮੀਗਤ, ਧਿਰਕਾਰਿਆ, ਫਾਹੇ ਲਾਉਣ ਦੇ ਕਾਬਿਲ ਤੇ ਜ਼ਹਿਰੀਲਾ, ਖਾਨਦਾਨੀ ਤੇ ਧਾਰਮਿਕ ਜੁਰਮਾਂ ਵਾਲਾ ਸਪੇਨ ਇੱਕ ਪਾਸੇ ਅਤੇ ਸ਼ਕਤੀਸ਼ਾਲੀ, ਗੌਰਵ ਅਤੇ ਆਤਮਾ ਵਾਲਾ, ਦਿੱਬ-ਦ੍ਰਿਸ਼ਟੀ, ਪਰੰਪਰਾ, ਖੋਜ ਤੇ ਸਿਤਾਰ ਵਾਲਾ, ਫੈਡਰੀਕੋ ਗਾਰਸ਼ੀਆ ਲੋਰਕਾ ਦਾ ਸਪੇਨ ਦੂਜੇ ਪਾਸੇ ਸੀ।

ਉਹ ਮਰਿਆ ਪਿਆ ਸੀ, ਇੱਕ ਖਿੜੇ ਸੰਤਰੇ ਵਾਂਗ, ਜੰਗਲੀ ਸਿਤਾਰ ਵਾਂਗ, ਮਿੱਟੀ ਵਿਚ ਪਏ ਜਖ਼ਮੀਂ ਨੂੰ ਕਾਤਲਾਂ ਨੇ ਠੁੱਡੇ ਮਾਰੇ। ਐਪਰ, ਉਸ ਦੀ ਕਵਿਤਾ ਵਾਂਗ ਉਸ ਦੇ ਲੋਕ ਆਪਣੇ ਆਪ ਦੀ, ਸਿੱਧੇ ਖੜ ਹੋ ਕੇ, ਗਾਉਂਦੇ ਹੋਏ, ਰਾਖੀ ਕਰ ਰਹੇ ਹਨ, ਜਦ ਕਿ ਉਹਨਾਂ ਦੀ ਰੂਹ ਵਿਚੋਂ, ਲਹੂ ਦਾ ਰੋੜ ਵਗ ਰਿਹਾ ਹੈ, ਜਿਹੜਾ ਉਸ ਮਨੁੱਖ ਦੀ ਯਾਦ ਵਿਚ ਕਾਇਮ ਰਹੇਗਾ।

ਗਾਰਸ਼ੀਆ ਲੋਰਕਾ ਦੀ ਯਾਦ ਬਾਰੇ ਨਿਸ਼ਚਿਤ ਹੋਣਾ ਔਖਾ ਹੈ। ਉਸਦੇ ਜੀਵਨ ਦੀ ਸ਼ਕਤੀਸ਼ਾਲੀ ਰੌਸ਼ਨੀ ਨੇ ਪਲ ਭਰ ਲਈ ਉਸਦੇ ਚਿਹਰੇ ਨੂੰ ਜਗਮਗਾਇਆ ਸੀ। ਜੋ ਹੁਣ ਜਖ਼ਮੀਂ ਹੋ ਕੇ ਬੁੱਝ ਗਈ ਹੈ। ਪਰ ਆਪਣੀ ਜ਼ਿੰਦਗੀ ਦੀ ਲੰਮੀ ਘੜੀ ਵਿਚ, ਉਸਦਾ ਜਿਸਮ ਧੁੱਪ ਵਾਂਗ ਚਮਕਦਾ ਸੀ। 'ਗੰਗੋਰਾ' ਤੇ 'ਲੋਪ' ਦੇ ਸਮੇਂ ਤੋਂ ਲੱਗ ਕੇ, ਸਪੇਨ ਨੇ ਇਸ ਤਰ੍ਹਾਂ ਦਾ ਰਚਨਾਤਮਿਕ ਸਹਿਯੋਗ ਭਾਸ਼ਾ ਦੇ ਰੂਪ ਇਸ ਤਰ੍ਹਾਂ ਦੀ ਲਚਕ ਨਹੀਂ ਸੀ ਵੇਖੀ ਤੇ ਉਸ ਸਮੇਂ ਤੋਂ ਸਪੇਨ ਵਾਸੀਆਂ ਨੇ ਨਿੱਕੇ ਪਿੰਡਾਂ ਵਿਚ ਰਹਿੰਦਿਆਂ ਲੋਪ-ਡੇ-ਵੇਗਾ ਦੀ ਆਦਤ ਦੀ ਕੰਨੀਂ ਨਹੀਂ ਸੀ ਚੁੰਗੀ। ਸਪੇਨੀ ਭਾਸ਼ਾ ਵਿਚ ਅਜਿਹਾ ਕੋਈ ਕਵੀ ਨਹੀਂ ਹੋਇਆ, ਜਿਸਨੇ ਲੋਕਾਂ ਨੂੰ ਇੰਝ ਕੀਲਿਆ ਹੋਵੇ। ਉਹ ਜਿਸ ਵੀ ਚੀਜ਼ ਨੂੰ ਛੂੰਹਦਾ ਸੀ, ਭਾਵੇਂ ਕਿ ਇਹ ਸੁਹਜ-ਸ਼ਾਸ਼ਤਰ ਦੇ ਰਹੱਸ ਹੀ ਹੋਣ, ਜਿਨ੍ਹਾਂ ਨੂੰ ਕਿ ਵਿਦਵਾਨ ਕਵੀ ਹੋਣ ਦੇ ਨਾਤੇ, ਆਪਣੀ ਕਿਸੇ ਥੋੜ੍ਹੀ-ਬਹੁਤੀ ਚੀਜ਼ ਨੂੰ ਗਵਾਏ ਤੋਂ ਬਿਨਾਂ ਉਹ ਤਿਲਾਂਜਲੀ ਨਹੀਂ ਸੀ ਦੇ ਸਕਦਾ। ਤਾਂ ਉਹ ਚੀਜ਼ ਅਜਿਹੀਆਂ ਤੀਬਰ ਆਵਾਜ਼ਾਂ ਦੀਆਂ ਮਹਿਕਾਂ ਨਾਲ ਗੂੰਜ ਉੱਠਦੀਆਂ ਸੀ ਤੇ ਉਹ ਲੋਕਾਂ ਕੋਲ ਬੁਨਿਆਦੀ ਰੂਪ ਵਿਚ ਪਹੁੰਚ ਜਾਂਦੀ ਸੀ। ਜਦ ਮੈਂ ਸੁਹਜਵਾਦ ਦੀ ਗੱਲ ਕਰਦਾ ਹਾਂ ਤਾਂ ਆਓ ਇੱਕ ਦੂਜੇ ਦੀ ਗੱਲ ਨੂੰ ਸਮਝਣ ਦਾ ਯਤਨ ਕਰੀਏ, ਗਾਰਸ਼ੀਆ ਲੋਰਕਾ ਸੁਹਜਵਾਦ ਵਿਰੋਧੀ ਸੀ ਤੇ ਇਹਨਾਂ ਅਰਥਾਂ ਵਿਚ ਕਿ ਉਹ ਆਪਣੀ ਕਵਿਤਾ ਤੇ ਨਾਟਕਾਂ ਨੂੰ ਮਨੁੱਖੀ ਡਰਾਮੇ ਤੇ ਦਿਲ ਦੇ ਤੂਫ਼ਾਨਾਂ ਨਾਲ ਭਰ ਦਿੰਦਾ ਸੀ। ਪਰ ਇਸ ਅਰਥ ਵਿਚ ਨਹੀਂ ਕਿ ਉਹ ਕਵਿਤਾ ਦੇ ਮੁੱਢਲੇ ਭੇਤਾਂ ਤੇ ਰਹੱਸਾਂ ਨੂੰ ਤਿਲਾਂਜਲੀ ਦਿੰਦਾ ਸੀ। ਆਪਣੀ ਅਸਚਰਜ ਅੰਤਰ-ਦ੍ਰਿਸ਼ਟੀ ਸਦਕਾ ਲੋਕੀਂ ਉਸਦੀ ਕਵਿਤਾ ਉੱਤੇ ਹੱਕ ਜਤਾਉਂਦੇ ਹਨ ਤੇ ਇਹ ਕਵਿਤਾ ਅਜੇ ਵੀ 'ਅੰਦਾਲੂਸੀਆ' ਦੇ ਪਿੰਡਾਂ ਵਿਚ ਲੋਕ-ਕਵਿਤਾ ਵਾਂਗ ਗਾਈ ਜਾਂਦੀ ਹੈ। ਪਰ ਉਹ ਇਸ ਰੁਚੀ ਪ੍ਰਤੀ ਫ਼ੜਾਂ ਨਹੀਂ ਸੀ ਮਾਰਦਾ ਜਾਂ ਆਪਣੇ ਲਾਭ ਹਿੱਤ ਨਹੀਂ ਸੀ ਵਰਤਦਾ ਸਗੋਂ ਉਹ ਇਸ ਦੀ ਬੜੀ ਉਤਸੁਕਤਾ ਨਾਲ ਆਪਣੇ ਅੰਦਰ ਤੇ ਬਾਹਰ ਤਲਾਸ਼ ਕਰਦਾ ਸੀ।

ਗਾਰਸ਼ੀਆ ਲੋਰਕਾ ਦੇ ਸੁਹਜਵਾਦ-ਵਿਰੋਧਤਾ ਦੀ ਉਤਪਤੀ ਅਮਰੀਕਾ ਵਿਚ ਉਸਦੀ ਹਰਮਨ ਪਿਆਰਤਾ ਕਾਰਨ ਸੀ। ਅਲਬਰਡੀ ਅਲੈਗਯਾਦਰੇਨੇ, ਸਰਨੂ ਦਾ ਤੇ ਦੂਸਰੇ ਕਵੀਆਂ ਦੀ ਸ਼ਾਨਦਾਰ ਪੀੜ੍ਹੀ ਵਿਚੋਂ, ਸ਼ਾਇਦ ਉਹ ਇੱਕੋ ਇਕ ਕਵੀ ਸੀ, ਜਿਸ ਉੱਤੇ ਗੰਗੋਰਾ ਦਾ



ਬਰਫੀਲਾ ਪ੍ਰਛਾਵਾਂ ਨਹੀਂ ਸੀ ਪਿਆ। ਜਿਸਨੇ ਕਿ ਸਪੇਨ ਦੇ ਬਾਕੀ ਨੌਜਵਾਨ ਕਵੀਆਂ ਨੂੰ ਬਾਂਝ ਕਰ ਛੱਡਿਆ ਸੀ। ਅਮਰੀਕਾ, ਜਿਹੜਾ ਕਿ ਸਮੁੰਦਰ ਅਤੇ ਭਾਸ਼ਾ ਦੇ ਕਲਾਸਕੀ ਪਿਤਾਵਾਂ ਤੋਂ ਸਦੀਆਂ ਤੀਕ ਵੱਖ ਰਿਹਾ ਸੀ, ਇਸ ਨੌਜਵਾਨ ਕਵੀ ਦੀ ਮਹਾਨਤਾ ਨੂੰ ਪਛਾਣਦਾ ਸੀ, ਜਿਹੜਾ ਕਿ ਲਹੂ ਤੇ ਲੋਕਾਂ ਕਾਰਨ, ਕੁਦਰਤੀ ਖਿੱਚ ਰੱਖਦਾ ਸੀ। ਤਿੰਨ ਸਾਲ ਪਹਿਲਾਂ ਬਿਓਨੀਸ ਐਰੀਜ਼ ਵਿਚ ਮੈਂ ਆਪਣੇ ਕਵੀ ਦੀ ਪ੍ਰਸੰਸਾ ਦਾ ਸਭ ਤੋਂ ਮਹਾਨ ਪ੍ਰਗਟਾਵਾ ਵੇਖਿਆ ਸੀ ਜੋ ਪਹਿਲਾਂ ਕਦੇ ਨਹੀਂ ਸੀ ਵੇਖਿਆ। ਅਣਗਿਣਤ ਭੀੜਾਂ ਬੜੇ ਜਜ਼ਬੇ ਅਤੇ ਹੰਝੂਆਂ ਨਾਲ ਸ਼ਬਦੀ ਦੌਲਤ ਨੂੰ ਹੈਰਾਨੀ ਨਾਲ ਉਸ ਦੀਆਂ ਦੁਖਾਂਤਕ ਲਿਖਤਾਂ ਨੂੰ ਸੁਣ ਰਹੀਆਂ ਸਨ। ਉਸਦੀ ਭਾਸ਼ਾ ਵਿਚ ਸਪੇਨ ਦਾ ਸਦੀਵੀ ਨਾਟਕ ਨਵਾਂ ਰੂਪ ਧਾਰ ਰਿਹਾ ਸੀ ਅਤੇ ਨਵੀਂ ਤੇ ਲੋਅ ਵਾਲੀ ਆਭਾ ਪ੍ਰਾਪਤ ਕਰਦਾ, ਪਿਆਰ ਅਤੇ ਮੌਤ ਦਾ ਪਾਗਲ ਨਾਚ ਨੱਚ ਰਿਹਾ ਸੀ, ਮੌਤ ਤੇ ਪਿਆਰ ਦਾ ਨੰਗਾ ਜਾਂ ਲੁਕਿਆ ਨਾਚ।

ਸਮੇਂ ਦੀ ਏਨੀ ਦੂਰੀ ਪਿੱਛੋਂ ਉਸਦੀ ਯਾਦ ਤੇ ਮੂਰਤ ਨੂੰ ਰੇਖਾਂਕਤ ਕਰਨਾ ਅਸੰਭਵ ਹੈ। ਸਰੀਰਕ ਤੌਰ ਤੇ ਉਹ ਚਾਨਣ ਦਾ ਝਲਕਾਰਾ ਸੀ। ਨਿਰੰਤਰ ਤੇਜ਼ ਹਰਕਤ ਤੇ ਸ਼ਕਤੀ, ਖੁਸ਼ੀ ਤੇ ਦੈਵੀ ਤੇ ਸੰਪੂਰਨ ਜਗਮਗਾਹਟ। ਉਹਦੀ ਹੋਂਦ ਜਾਦੂਮਈ ਸੀ, ਤੇ ਸਉਲੀ ਤੇ ਉਹ ਆਪਣੇ ਨਾਲ ਖੁਸ਼ੀ ਨੂੰ ਚੁੱਕੀ ਫਿਰਦਾ ਸੀ।

ਅਨੋਖੇ ਤੇ ਨਿਰੰਤਰ ਮੌਕਾ-ਮੇਲ ਸਦਕਾ ਸਪੇਨ ਦੇ ਦੋ ਸਭ ਤੋਂ ਪ੍ਰਸਿੱਧ ਤੇ ਵੱਡੇ ਨੌਜਵਾਨ ਕਵੀ ਅਲਬਰਤੀ ਤੇ ਗਾਰਸ਼ੀਆ ਲੋਰਕਾ ਇੱਕ ਦੂਜੇ ਨਾਲ ਈਰਖਾ ਦੀ ਹੱਦ ਤੀਕ ਮਿਲਦੇ ਜੁਲਦੇ ਸੀ। ਦੋਵੇਂ ਹੀ ਡਾਇਨਾਈਸੀਅਨ ਅੰਦਾਲੂਸੀਅਨ ਸਨ, ਸੰਗੀਤਮਈ, ਜ਼ਿੰਦਾ-ਦਿਲ, ਭੇਤ-ਭਰੇ ਤੇ ਲੋਕਾਂ ਦਾ ਕਵੀ। ਦੋਹਾਂ ਨੇ ਸਪੇਨੀ ਕਵਿਤਾ ਦੀ ਵਿਰਾਸਤ ਨੂੰ ਹੰਢਾਇਆ ਤੇ ਅੰਦਾਲੂਸੀਆ ਅਤੇ ਕਾਸਤੀਲ ਦੀ ਹਜ਼ਾਰ ਸਾਲ ਪੁਰਾਣੀ ਲੋਕ-ਧਾਰਾ ਨੂੰ ਤੇ ਆਪਣੀਆਂ ਲਿਖਤਾਂ ਨੂੰ ਹੌਲੀ-ਹੌਲੀ ਭਾਸ਼ਾ ਦੇ ਆਰੰਭ ਦੀ ਆਲੌਕਿਕ ਅਤੇ ਪੇਂਡੂ ਆਭਾ ਤੋਂ ਉਸ ਦੀ ਨਿਪੁੰਨਤਾ ਤੀਕ ਲੈ ਆਂਦਾ ਅਤੇ ਸਪੇਨ ਦੇ ਨਾਟਕਾਂ ਦਾ ਆਰੰਭ ਕੀਤਾ। ਫਿਰ ਉਹ ਵੱਖ ਹੋ ਗਏ। ਜਦਕਿ ਉਨ੍ਹਾਂ ਚੋਂ ਇਕ ਅਲਬਰਤੀ ਨੇ ਲਤਾੜੇ ਲੋਕਾਂ ਦੇ ਹਿੱਤਾਂ ਦੇ ਮਨੋਰਥ ਲਈ ਭਰਪੂਰ ਦਿਆਲਤਾ ਨੂੰ ਸਮਰਪਿਤ ਕਰ ਦਿੱਤਾ ਅਤੇ ਉਹ ਆਪਣੇ ਸ਼ਾਨਦਾਰ ਇਨਕਲਾਬੀ ਵਿਸ਼ਵਾਸ ਦੀ ਸੇਵਾ ਵਿਚ ਜੀ ਰਿਹਾ ਹੈ, ਜਦਕਿ ਦੂਸਰਾ, ਆਪਣੇ ਸਾਹਿਤ ਵਿਚ ਹੋਰ ਜ਼ਿਆਦਾ ਆਪਣੀ ਧਰਤੀ, ਗਰਾਨਾਡਾ ਵੱਲ ਮੁੜਦਾ ਜਾਂਦਾ ਹੈ। ਆਪਣੇ ਪੂਰੇ ਦਿਲ ਨਾਲ ਵਾਪਸ ਪਰਤ, ਮਰ ਜਾਂਦਾ ਹੈ। ਉਹਨਾਂ ਵਿਚ ਕੋਈ ਸੱਚੀ, ਈਰਖਾ ਨਹੀਂ, ਅਤੇ ਉਹ ਚੰਗੇ ਤੇ ਸ਼ਾਨਦਾਰ ਭਰਾ ਹਨ ਤੇ ਅਸਾਂ ਵੇਖਿਆ ਕਿ ਆਖਰੀ ਵੇਲੇ ਜਦੋਂ ਅਲਬਰਤੀ ਰੂਸ ਤੇ ਮੈਕਸੀਕੋ ਤੋਂ ਵਾਪਸ ਪਰਤਿਆ ਤਾਂ ਮੈਡਰਿਡ ਵਿਚ ਉਸਦੇ ਮਾਣ ਵਿਚ ਵੱਡਾ ਜਸ਼ਨ ਕੀਤਾ ਗਿਆ ਤੇ ਫੈਡਰੀਕੋ ਨੇ ਸਾਡੇ ਸਾਰਿਆਂ ਵਲੋਂ ਉਸ ਬਾਰੇ ਸ਼ਾਨਦਾਰ ਸ਼ਬਦ ਬੋਲੇ। ਕੁਝ ਮਹੀਨਿਆਂ ਪਿਛੋਂ ਗਾਰਸ਼ੀਆ ਲੋਰਕਾ, ਗਰਾਨਾਡਾ ਨੂੰ ਚਲਾ ਗਿਆ ਤੇ ਉੱਥੇ ਕਿਸਮਤ ਦੇ ਅਜੀਬ ਮੋੜ ਉੱਤੇ ਮੌਤ ਉਸਨੂੰ ਉਡੀਕਦੀ ਪਈ ਸੀ, ਮੌਤ ਜਿਹੜੀ ਕਿ ਲੋਕਾਂ ਦੇ ਵੈਰੀਆਂ ਨੇ, ਅਲਬਰਤੀ ਲਈ ਪੱਕੀ ਕੀਤੀ ਹੋਈ ਸੀ। ਆਪਣੇ ਗੁਜ਼ਰ ਗਏ ਮਹਾਨ ਕਵੀ ਨੂੰ ਨਾ ਭੁੱਲਦਿਆਂ ਹੋਇਆਂ, ਆਓ ਇਕ ਪਲ ਆਪਣੇ ਮਹਾਨ ਸਾਥੀ ਅਲਬਰਤੀ ਨੂੰ ਚੇਤੇ ਕਰੀਏ, ਜਿਹੜਾ ਹੋਰ ਕਵੀਆਂ ਸੀਰਾਨੋ ਪਲਾਜ਼ਾ, ਮਿਗੁਅਲ ਹਰਨੈਂਡੇਜ਼, ਈਮੋਲੋ ਪਰਾਡੋਸ ਤੇ ਅਨਟੋਨੀਓ ਅਪਰੀਸ਼ੀਓ

ਸਮੇਤ, ਇਸ ਘੜੀ ਮੈਡਰਿਡ ਵਿਚ ਉਸਦੇ ਲੋਕਾਂ ਦੇ ਹਿੱਤਾਂ ਅਤੇ ਉਸਦੀ ਕਵਿਤਾ ਦੀ ਰਖਵਾਲੀ ਕਰ ਰਹੇ ਹਨ।

ਐਪਰ ਫੈਡਰੀਕੋ ਦੇ ਮਨ ਵਿਚ, ਸਮਾਜਿਕ ਬੇਚੈਨੀ ਨੇ ਹੋਰ ਰੂਪ ਧਾਰੇ, ਜਿਹੜੇ ਕਿ ਮੂਰ ਜਾਤੀ ਦੇ ਕਵੀ ਦੀ ਆਤਮਾ ਨਾਲ ਗੂੜ੍ਹਾ ਸੰਬੰਧ ਰੱਖਦੇ ਸਨ, ਆਪਣੇ ਨਾਟਕੀ ਗਰੁੱਪ 'ਲਾ-ਬਾਰਾਕਾ' ਨਾਲ ਉਹ ਸਪੇਨ ਦੇ ਸ਼ਾਂਤ-ਰਾਹਾਂ ਦੀ ਯਾਤਰਾ ਉੱਤੇ ਨਿਕਲ ਤੁਰਿਆ ਤੇ ਸਦੀਆਂ ਦੇ ਭੁੱਲ ਚੁੱਕੇ ਦੂਸਰੇ ਦੇਸ਼ਾਂ ਦੇ ਮਹਾਨ ਨਾਟਕ ਪੇਸ਼ ਕਰ ਲੱਗਾ। ਇਹ ਸਨ, ਲੋਪੇ-ਦਾ-ਰੂਏਡਾ, ਲੋਪੇ-ਦਾ-ਵੇਗਾ ਅਤੇ ਸਰਵੈਂਟੀਜ਼ ਦੇ। ਪ੍ਰਾਚੀਨ ਲੋਕ ਬੀਰ ਗਥਾਵਾਂ, ਅਤੇ ਸੂਰਮਤਾਈ ਭਰੀਆਂ ਕਹਾਣੀਆਂ ਨੂੰ ਨਾਟਕੀ ਰੂਪ ਦੇ ਕੇ ਉਸਨੇ ਇਹ ਉਸ ਪਵਿੱਤਰ ਹਿਰਦੇ ਨੂੰ ਵਾਪਸ ਪਰਤਾ ਦਿੱਤੀਆਂ ਜਿੱਥੋਂ ਕਿ ਇਹ ਉਪਜੀਆਂ ਸਨ। ਕਾਸਤੀਲ ਦੀਆਂ ਦੂਰ-ਦੁਰਾਡੀਆਂ ਨੁੱਕਰਾਂ ਉਸ ਦੇ ਖੇਡੇ ਨਾਟਕਾਂ ਤੋਂ ਵਾਕਫ਼ ਸਨ। ਉਸ ਰਾਹੀਂ ਅੰਦਾਲੂਸੀਆਨਾ, ਅਸਤੂਰੀਅਨ, ਐਕਸਟਰੀਮਾਡੂਰਨਜ਼ ਲੋਕ, ਇੱਕ ਵਾਰ ਫਿਰ ਉਹਨਾਂ ਮਹਾਨ ਕਵੀਆਂ ਨਾਲ ਜੁੜ ਗਏ ਜੋ ਆਪਣੇ ਦਿਲਾਂ ਵਿਚ ਥੋੜ੍ਹੇ ਸਮੇਂ ਲਈ ਸੁੱਤੇ ਪਏ ਸਨ ਅਤੇ ਸਾਰਾ ਦ੍ਰਿਸ਼ ਅਚੰਭੇ ਨਾਲ ਨਹੀਂ, ਹੈਰਾਨੀ ਨਾਲ ਭਰ ਗਿਆ। ਨਾ ਹੀ ਪ੍ਰਾਚੀਨ ਵੇਸ਼-ਭੂਸ਼ਾ ਅਤੇ ਨਾ ਹੀ ਪ੍ਰਾਚੀਨ ਭਾਸ਼ਾ ਨੇ ਕਿਸਾਨਾਂ ਨੂੰ ਝਟਕਾ ਲਾਇਆ, ਜਿਨ੍ਹਾਂ ਨੇ ਕਿ ਨਾ ਕਦੇ ਆਟੋ-ਮੋਬਾਇਲ ਵੇਖਿਆ ਸੀ ਤੇ ਨਾ ਹੀ ਫੋਨੋਗ੍ਰਾਫ ਸੁਣਿਆ ਸੀ। ਕਿਉਂਕਿ ਸਪੇਨੀ ਕਿਸਾਨਾਂ ਦੀ ਭਿਆਨਕ ਤੇ ਅਜੀਬ ਗਰੀਬੀ ਰਾਹੀਂ, ਬੰਦੇ ਜਿਹੜੇ ਕਿ ਖ਼ੁਦ ਮੈਂ ਵੀ ਗੁਫਾਵਾਂ ਵਿਚ ਰਹਿਣ ਲਈ ਮਜਬੂਰ ਹੋਏ ਅਤੇ ਜੜ੍ਹਾਂ-ਬੂਟੀਆਂ ਅਤੇ ਸੱਪ ਖਾਂਦੇ ਵੇਖੇ ਸਨ ਤੇ ਜਿਹਨਾਂ ਨੇ ਕਵਿਤਾ ਦਾ ਇਹ ਜਾਦੂ ਵਾਲਾ ਤੂਫਾਨ ਤੱਕਿਆ ਸੀ, ਜੋ ਆਪਣੇ ਨਾਲ ਪ੍ਰਾਚੀਨ ਕਵੀਆਂ ਦੇ ਸੁਪਨੇ ਅਤੇ ਆਪਣੀ ਜ਼ਿੰਦਗੀ ਦੇ ਢੰਗਾਂ ਸਮੇਤ ਲਾਵੇ ਵਰਗੀ ਅਸੰਤੁਸ਼ਟਤਾ ਚੁੱਕੀ ਫਿਰਦਾ ਸੀ।

ਉਹਨਾਂ ਮਰਨਾਊ ਸੂਬਿਆਂ ਵਿਚ ਉਸਨੇ ਉਹ ਨਾ ਮੰਨਣ ਯੋਗ ਗੁਰਬਤ ਤੱਕੀ ਸੀ ਜਿਸ ਵਿਚ ਵਿਸ਼ੇਸ਼ ਅਧਿਕਾਰਾਂ ਵਾਲੇ ਲੋਕਾਂ ਨੇ ਉਹਨਾਂ ਨੂੰ ਸੁੱਟਿਆ ਹੋਇਆ ਸੀ। ਕਿਸਾਨਾਂ ਨਾਲ ਉਸਨੇ, ਖੁੱਲੇ ਖੇਤਾਂ ਤੇ ਖ਼ੁਸ਼ਕ ਪਹਾੜੀਆਂ ਵਿਚ ਸਰਦੀ ਦੀ ਇੱਕ ਰੁੱਤ ਬਿਤਾਈ ਸੀ ਤੇ ਇਸ ਦੁਖਾਂਤ ਨੇ ਉਸਦੇ ਦੱਖਣੀ ਹਿਰਦੇ ਨੂੰ ਵੱਡੇ ਦੁੱਖ ਨਾਲ ਕੰਬਣੀ ਲਾ ਦਿੱਤੀ ਸੀ।

ਅੱਜ ਮੈਨੂੰ ਉਸ ਬਾਰੇ ਇੱਕ ਕਹਾਣੀ ਚੇਤੇ ਆ ਰਹੀ ਹੈ। ਕੁਝ ਮਹੀਨੇ ਪਹਿਲਾਂ ਉਹ ਛੋਟੇ ਕਸਬਿਆਂ ਵਿਚੋਂ ਇੱਕ ਦੀ ਯਾਤਰਾ ਕਰਦਾ ਲੰਘਿਆ। ਉਹ ਲੋਪੇ-ਦਾ-ਵੇਗਾ ਦਾ ਨਾਟਕ Peribanez ਪੇਸ਼ ਕਰਨ ਦੀ ਯੋਜਨਾ ਬਣਾ ਰਹੇ ਸਨ ਅਤੇ ਫੈਡਰੀਕੋ 'ਐਲਸਟਰੀ ਮਾਦੂਰਾ' ਦੇ ਦੁਰਾਡੇ ਇਲਾਕਿਆਂ ਵਿਚ ਸਤਾਰਵੀਂ ਸਦੀ ਦੀਆਂ ਭਰੋਸੇ-ਯੋਗ ਪੁਸ਼ਾਕਾਂ ਦੀ ਭਾਲ ਵਿਚ ਆਸ ਕਰਦਾ ਨਿਕਲਿਆ ਜੋ ਕਿ ਪੁਰਾਣੇ ਕਿਸਾਨ ਪਰਿਵਾਰਾਂ ਨੇ ਆਪਣੀਆਂ ਪੇਟੀਆਂ ਵਿਚ ਸੰਭਾਲੇ ਹੋ ਸਕਦੀਆਂ ਸੀ। ਉਹ ਨਾਲੇ ਤੇ ਸੁਨਹਿਰੀ ਕੱਪੜੇ, ਜੁੱਤੀਆਂ, ਮਣਕੇ, ਵੇਸ਼-ਭੂਸ਼ਾ ਦੀ ਪੰਡ ਲੈ ਕੇ ਵਾਪਸ ਪਰਤਿਆ, ਜਿਸਦਾ ਕਿ ਕਈ ਸਦੀਆਂ ਵਿਚ ਪਹਿਲੀ ਵਾਰ ਪਤਾ ਲੱਗਾ ਸੀ। ਇਹ ਉਸਦੇ ਅਰੁੱਕ ਸ਼ੌਕ ਸਦਕਾ ਹੀ ਪ੍ਰਾਪਤ ਹੋਇਆ ਸੀ।

ਇੱਕ ਰਾਤ 'ਐਕਸਟਰੀ ਮਾਦੂਰਾ' ਦੇ ਇੱਕ ਪਿੰਡ ਵਿਚ ਜਦੋਂ ਉਸਨੂੰ ਨੀਂਦ ਨਹੀਂ ਸੀ ਆ ਰਹੀ ਤਾਂ ਉਹ ਸਰਘੀ ਹੋਣ ਦੇ ਨਜ਼ਦੀਕ ਉੱਠਿਆ। ਐਕਸਟਰੀ ਮਾਦੂਰਾ ਦਾ ਖਰਵਾ ਪੇਂਡੂ ਇਲਾਕਾ ਧੁੰਦ ਨਾਲ ਢੱਕਿਆ ਹੋਇਆ ਸੀ। ਫੈਡਰੀਕੋ ਸੂਰਜ ਦੇ ਚੜ੍ਹਾਅ ਨੂੰ ਤੱਕਣ ਲਈ



ਕੁਝ ਡਿੱਗੇ ਹੋਏ ਬੁੱਤਾਂ ਲਾਗੇ ਬਹਿ ਗਿਆ। ਉਹ ਅਠਾਰ੍ਹਵੀਂ ਸਦੀ ਦੇ ਸੰਗਮਰਮਰ ਦੀਆਂ ਮੂਰਤੀਆਂ ਸਨ ਤੇ ਉਹ ਭੂਮੀਪਤੀ ਸਰਦਾਰ ਦੀ ਹਵੇਲੀ ਦੇ ਦਰਵਾਜ਼ੇ ਲਾਗੇ ਪਏ ਸਨ ਜੋ ਕਿ ਉਜਾੜ ਪਈ ਸੀ। ਜਿਵੇਂ ਕਿ ਸਪੇਨੀ ਸਰਦਾਰਾਂ ਦੀਆਂ ਜਾਗੀਰਾਂ ਵਿਚ ਹੁੰਦੇ ਹਨ। ਫੈਡਰੀਕੋ ਬੁੱਤਾਂ ਦੇ ਟੁੱਟੇ ਧੜਾਂ ਵੱਲ ਵੇਖ ਰਿਹਾ ਸੀ, ਉਹਨਾਂ ਦੀ ਚਿਟਿਆਈ ਚੜ੍ਹਦੇ ਸੂਰਜ ਕਾਰਨ ਅੱਗ ਵਰਗੀ ਹੋਈ ਪਈ ਸੀ। ਜਦੋਂ ਕਿ ਆਪਣੇ ਇੱਜੜ ਨਾਲੋਂ ਨਿਖੜਿਆ ਇੱਕ ਛੋਟਾ ਲੇਲਾ, ਲਾਗੇ ਚੁਗਣ ਲਈ ਆ ਨਿਕਲਿਆ। ਅਚਾਨਕ ਹੀ ਅੱਧੀ ਦਰਜਨ ਕਾਲੇ ਸੂਰਾਂ ਨੇ ਸੜਕ ਪਾਰ ਕੀਤੀ ਤੇ ਲੇਲੇ ਉੱਤੇ ਟੁੱਟ ਪਏ, ਅਤੇ ਮਿੰਟਾਂ ਵਿਚ ਉਸਦੀ ਹੈਰਾਨੀ ਤੇ ਖ਼ੌਫ਼ ਵਿਚ ਉਸਦੇ ਟੁਕੜੇ-ਟੁਕੜੇ ਕਰ ਦਿੱਤੇ ਤੇ ਉਸਨੂੰ ਹੜੱਪ ਕਰ ਗਏ। ਫੈਡਰੀਕੋ ਅਕੱਥ ਭੈਅ ਦਾ ਸ਼ਿਕਾਰ ਹੋਇਆ ਤੇ ਘਬਰਾਹਟ ਕਾਰਨ ਅਹਿੱਲ ਬਣਿਆ ਵੇਖਦਾ ਰਿਹਾ। ਜਦਕਿ ਕਾਲੇ ਸੂਰਾਂ ਲੇਲੇ ਨੂੰ ਉਸ ਇਕੱਲੀ ਸਵੇਰ ਦੇ ਚਾਨਣ ਵਿਚ ਡਿੱਗੇ ਪਏ ਬੁੱਤਾਂ ਲਾਗੇ ਮਾਰ ਕੇ ਹੜੱਪ ਕਰ ਗਏ।

ਮੈਡਰਿਡ ਪਰਤ ਕੇ, ਜਦ ਉਸਨੇ ਮੈਨੂੰ ਇਸ ਬਾਰੇ ਦੱਸਿਆ ਤਾਂ ਉਸਦੀ ਆਵਾਜ਼ ਅਜੇ ਵੀ ਕੰਬ ਰਹੀ ਸੀ ਅਤੇ ਬੱਚਿਆਂ ਵਰਗੀ ਆਪਣੀ ਸੰਵੇਦਨਸ਼ੀਲਤਾ ਕਾਰਨ ਮੌਤ ਦਾ ਦੁਖਾਂਤ ਅਜੇ ਵੀ ਬਦਹਵਾਸੀ ਵਿਚ ਉਸਦੇ ਮਨ ਤੇ ਦਬਾਅ ਪਾ ਰਿਹਾ ਸੀ। ਹੁਣ ਉਸਦੀ ਭਿਆਨਕ ਮੌਤ ਕਿਸੇ ਵੀ ਤਰ੍ਹਾਂ ਸਾਡੀਆਂ ਯਾਦਾਂ ਵਿਚੋਂ ਖੁਰਚੀ ਨਹੀਂ ਜਾ ਸਕਦੀ ਤੇ ਉਹ ਖ਼ੂਨੀ ਸਵੇਰ ਨੂੰ ਯਾਦ ਕਰਾਉਂਦੀ ਹੈ। ਸ਼ਾਇਦ ਉਸ ਮਹਾਨ ਮਿੱਠੇ ਤੇ ਪੈਗੰਬਰਾਨਾ ਕਵੀ ਨੂੰ, ਜ਼ਿੰਦਗੀ ਨੇ ਅਗਾਊਂ ਹੀ ਇਸ ਭਿਆਨਕ ਬਿੰਬ ਰਾਹੀਂ, ਆਪਣੀ ਮੌਤ ਦੀ ਦ੍ਰਿਸ਼ਟੀ ਪ੍ਰਦਾਨ ਕਰ ਦਿੱਤੀ ਸੀ।

ਮੈਂ ਤੁਹਾਡੇ ਸਾਹਮਣੇ ਆਪਣੇ ਮਹਾਨ ਗਵਾਚੇ ਮਿੱਤਰ ਦੀ ਯਾਦ ਤਾਜ਼ਾ ਕੀਤੀ ਹੈ। ਬਹੁਤ ਜਣਿਆਂ ਨੇ ਮੇਰੇ ਕੋਲੋਂ ਧਰਤੀ ਤੇ ਜੰਗ ਤੋਂ ਦੂਰ ਸ਼ਾਂਤ ਕਾਵਿਕ ਸ਼ਬਦਾਂ ਦੀ ਉਮੀਦ ਕੀਤੀ ਹੋਵੇਗੀ। ਬਹੁਤ ਸਾਰੇ ਲੋਕਾਂ ਲਈ, ਸਪੇਨ ਸ਼ਬਦ ਦਾ ਜ਼ਿਕਰ, ਮਹਾਨ ਆਸ ਦੇ ਨਾਲ ਬੇਹੱਦ ਪੀੜ ਲੈ ਕੇ ਆਉਂਦਾ ਹੈ। ਮੈਂ ਇਸ ਸੰਤਾਪ ਨੂੰ ਵਧਾਉਣਾ ਨਹੀਂ ਚਾਹਿਆ, ਨਾ ਹੀ ਆਸਾਂ ਨੂੰ ਤੋੜਨਾ ਚਾਹਿਆ ਹੈ। ਮੈਂ ਹਾਲ ਹੀ ਵਿਚ ਇਕ ਉੱਤਰੀ ਅਮਰੀਕਾ ਵਾਸੀ, ਜੋ ਭਾਸ਼ਾ ਤੇ ਨਸਲ ਵਜੋਂ ਸਪੇਨੀ ਹੈ) ਸਪੇਨ ਤੋਂ ਪਰਤਿਆ ਹਾਂ ਤੇ ਜਿਹੜਾ ਸਿਵਾਏ ਮੁਸੀਬਤਾਂ ਤੋਂ ਹੋਰ ਕਿਸੇ ਚੀਜ਼ ਬਾਰੇ ਬੋਲਣ ਤੋਂ ਅਸਮਰੱਥ ਹਾਂ। ਮੈਂ ਰਾਜਸੀ ਆਦਮੀ ਨਹੀਂ ਹਾਂ, ਨਾ ਹੀ ਮੈਂ ਰਾਜਸੀ ਵਾਦ-ਵਿਵਾਦ ਵਿਚ ਸ਼ਾਮਿਲ ਹੁੰਦਾ ਹਾਂ। ਪਰ ਮੇਰੇ ਸ਼ਬਦ ਜੋ ਬਹੁਤ ਲੋਕ ਸੋਚਦੇ ਸੀ ਕਿ ਨਿਰਪੱਖ ਹੋਣਗੇ, ਜਜ਼ਬੇ ਨਲ ਰੰਗੇ ਹੋਏ ਹਨ। ਤੁਹਾਨੂੰ ਸਮਝਣਾ ਚਾਹੀਦਾ ਹੈ ਕਿ ਸਪੇਨੀ ਅਮਰੀਕਾ ਦੇ ਕਵੀ ਤੇ ਸਪੇਨ ਦੇਸ਼ ਦੇ ਕਵੀ ਨਾ ਕਦੇ ਇਹ ਗੱਲ ਭੁੱਲ ਸਕਦੇ ਹਾਂ ਤੇ ਨਾ ਹੀ ਮੁਆਫ਼ ਕਰ ਸਕਦੇ ਹਾਂ ਕਿ ਇਹ ਕਤਲ, ਜੋ ਸਾਡੇ ਵਿਚੋਂ ਸਭ ਤੋਂ ਮਹਾਨ ਸੀ ਤੇ ਸਾਡੀ ਭਾਸ਼ਾ ਦੀ ਇਸ ਘੜੀ ਰਾਹ-ਵਿਖਾਊ ਰੂਹ ਸੀ। ਮੁਆਫ਼ ਕਰਨਾ, ਸਪੇਨ ਦੇ ਸਾਰੇ ਦੁੱਖਾਂ ਵਿਚੋਂ ਮੈਂ ਸਿਰਫ਼ ਇੱਕ ਕਵੀ ਦੀ ਜ਼ਿੰਦਗੀ ਤੇ ਮੌਤ ਬਾਰੇ ਜ਼ਿਕਰ ਕੀਤਾ ਹੈ। ਅਸੀਂ ਇਸ ਜੁਰਮ ਨੂੰ ਨਾ ਭੁੱਲ ਸਕਦੇ ਹਾਂ ਤੇ ਨਾ ਹੀ ਮੁਆਫ਼ ਕਰ ਸਕਦੇ ਹਾਂ। ਅਸੀਂ ਇਹ ਕਦਾਚਿਤ ਨਹੀਂ ਭੁੱਲਾਂਗੇ ਤੇ ਨਾ ਹੀ ਮੁਆਫ਼ ਕਰਾਂਗੇ। ਕਦੇ ਵੀ ਨਹੀਂ। (ਇਹ ਤਕਰੀਰ ਪੈਰਿਸ ਵਿਚ 1937 ਨੂੰ ਕੀਤੀ ਗਈ ਸੀ। •

(ਅੰਗਰੇਜ਼ੀ ਵਿਚੋਂ ਅਨੁਵਾਦ ਨੇਰੂਦਾ ਦੇ ਵਾਰਤਕ ਸੰਗ੍ਰਹਿ **Passion and Impression** ਵਿਚੋਂ

(ਹ. ਸ. ਹ.)

# ਮੈਂ ਤੇ ਉਹ

**ਕੰਵਲ ਮੁਸ਼ਤਾਕ**

ਸੂਰਜ ਦੀ ਲਾਲੀ ਵਿਚ ਸਿਆਹੀ ਪੂਰੀ ਤਰ੍ਹਾਂ ਘੁੱਲ ਗਈ ਸੀ। ਜਦੋਂ ਮੈਂ ਲਾਰੀ ਅੱਡੇ ਪੁੱਜਾ, ਨੂਰਪੁਰ ਜਾਣ ਵਾਲੀ ਅਖ਼ੀਰਲੀ ਬੱਸ ਅੱਡਿਓਂ ਬਾਹਰ ਨਿਕਲ ਰਹੀ ਸੀ। ਕਲੀਨਰ ਅੱਡੇ ਤੇ ਖਿਲਰੀਆਂ ਪੁਲਰੀਆਂ ਸਵਾਰੀਆਂ ਨੂੰ ਘਸਮੈਲੇ ਚਾਨਣ ਵਿਚ 'ਨੂਰਪੁਰ, ਨੂਰਪੁਰ ਚੱਲਿਆ ਜੇ' ਦੀਆਂ ਵਾਰ-ਵਾਰ ਵਾਜਾਂ ਦੇ ਰਿਹਾ ਸੀ।

ਮੈਂ ਮਲਕੜੇ ਜਿਹੇ ਖੱਬੇ ਪਾਸੇ ਹੋ ਕੇ ਆਪਣੇ ਸਵਾਰੀ ਹੋਣ ਦਾ ਇਸ਼ਾਰਾ ਕੀਤਾ। ਕਲੀਨਰ ਦੀਆਂ ਨਜ਼ਰਾਂ ਜਿਵੇਂ ਮੇਰੇ ਤੇ ਈ ਗੱਡੀਆਂ ਹੋਈਆਂ ਸਨ। ਉਹਨੇ ਮੇਰਾ ਹੱਥ ਹਿਲਦਾ ਤੱਕ ਕੇ ਬੂਹੇ ਤੇ ਦੋ ਤਿੰਨ ਥੱਪੜ ਮਾਰੇ ਤੇ ਟੁਰਦੀ ਲਾਰੀ ਤੋਂ ਛਾਲ ਮਾਰ ਦਿੱਤੀ। ਡਰਾਇਵਰ ਨੇ ਮੇਰੇ ਪੈਰਾਂ ਤੇ ਆ ਕੇ ਬਰੇਕ ਲਾ ਦਿੱਤੀ।

ਮੈਂ ਛੇਤੀ ਨਾਲ ਲਾਰੀ ਵਿਚ ਚੜ੍ਹ ਗਿਆ। ਕਿਉਂ ਜੇ ਮੇਰੇ ਕੋਲ ਕੋਈ ਬੁਜਕੜੀ, ਕੋਈ ਟੀਨ, ਕੋਈ ਟਰੰਕ ਤੇ ਦੂਰ ਦੀ ਗੱਲ ਏ, ਹੱਥ ਵਿਚ ਉਸ ਪਲ ਮੇਰਾ ਥੈਲਾ ਵੀ ਨਹੀਂ ਸੀ। ਜਿਹੜਾ ਮੇਰਾ ਅੰਗ-ਸੰਗ ਸੀ। ਮੇਰੇ ਵਿਚ ਪ੍ਰਾਹੁਣਿਆਂ ਵਾਲੀ ਕੋਈ ਗੱਲ ਨਹੀਂ ਸੀ। ਮੇਰੇ ਸਹੁਰੇ ਦੇ ਕਹਿਣ ਮੂਜਬ ਪਿੰਡਾਂ ਵਿਚ ਪ੍ਰਾਹੁਣਾ ਉਹਨੂੰ ਕਿਹਾ ਜਾਂਦਾ ਏ, ਜਿਹਨੇ ਆਪਣੇ ਭਾਰ ਤੋਂ ਬਹੁਤਾ ਭਾਰ ਆਪਣੇ ਤੇ ਲੱਦਿਆ ਹੋਵੇ ਤੇ ਆਪਣੇ ਖਿਲਾਰ ਤੋਂ ਬਹੁਤ ਖਿਲਾਰ ਪਾਇਆ ਹੋਵੇ। ਇਹਨਾਂ ਨੂੰ ਤੱਕ ਕੇ ਮੈਨੂੰ ਬੜੀ ਖਿਝ ਆਉਂਦੀ ਏ। ਕਿਉਂ ਜੇ ਇਹ ਆਪ ਤੇ ਵਕਤ ਵਿਚ ਫਸੇ ਹੋਏ ਹੁੰਦੇ ਨੇ, ਦੂਜਿਆਂ ਨੂੰ ਵੀ ਔਕੜ ਵਿਚ ਫਸਾ ਦਿੰਦੇ ਨੇ। ਮੇਰੇ ਕੋਲ ਬੜਾ ਹੋਇਆ ਤੇ ਇੱਕ ਥੈਲਾ ਹੁੰਦਾ ਏ। ਜਿਸ ਵਿਚ ਇੱਕ ਅੱਧ ਕਿਤਾਬ ਜਾਂ ਰਸਾਲਾ ਤੇ ਲਿਖੇ ਵਰਕੇ ਹੁੰਦੇ ਨੇ। ਪਰ ਜਾਂਦੀ ਵਾਰੀ ਇਹ ਥੈਲਾ ਵੀ ਮੈਂ ਰਾਹ ਵਿਚ ਕਿਤੇ ਭੁੱਲ ਗਿਆ ਸਾਂ। ਪਤਾ ਨਹੀਂ ਲਾਰੀ ਵਿਚ ਜਾਂ ਖੋਖੇ ਤੇ, ਜਿਥੋਂ ਮੈਂ ਚਾਹ ਦਾ ਕੱਪ ਪੀਤਾ ਸੀ ਤੇ ਸਿਗਰਟਾਂ ਦੀ ਇੱਕ ਡੱਬੀ ਲਈ ਸੀ।

ਜਦੋਂ ਮੈਂ ਆਪਣੇ ਸਹੁਰੇ ਅੱਪੜਿਆ, ਮੇਰੀ ਸੱਸ ਈ ਪਹਿਲੇ ਮੇਰੇ ਮੱਥੇ ਲੱਗੀ ਤੇ ਹੈਰਾਨ ਹੋ ਕੇ ਪੁੱਛਿਆ, 'ਹਾ ਹਾਏ! ਵੇ ਕੀ ਬਾਹੀਂ ਲਮਕਾਈ ਟੁਰਿਆ ਆਉਂਦਾ ਏਂ। ਕਿਸੇ ਆਂਢ-ਗੁਆਂਢ ਨੇ ਵੇਖਿਆ ਹੋਣਾ ਏ ਤੇ ਕੀ ਸੋਚਿਆ ਹੋਣਾ ਏ ਪਈ ਪਟਵਾਰੀਆਂ ਦਾ ਜਵਾਈ-ਭਾਈ ਹੋ ਕੇ ਸੱਖਣੇ ਹੱਥ ਸਹੁਰੇ ਤੁਰਿਆ ਆਉਂਦਾ ਏ, ਨਾ ਬੀਬਾ ਸਾਨੂੰ ਤੇ ਬੜੀ ਨਮੋਸ਼ੀ ਆਉਂਦੀ ਏ।'

ਉਸ ਪਲ ਮੈਨੂੰ ਪਤਾ ਲੱਗਾ ਪਈ ਮੈਂ ਆਪਣਾ ਥੈਲਾ ਵੀ ਰਾਹ ਵਿਚ ਕਿਧਰੇ ਭੁੱਲ ਆਇਆ ਵਾਂ। ਮੈਂ ਪਿਛਲੇ ਪੈਰੀਂ ਪਰਤਣ ਲੱਗਾ।

'ਕਿੱਥੇ ਚੱਲੇ ਓ?' ਮੇਰੀ ਬੀਵੀ ਵੀ ਆਪਣੀ ਮਾਂ ਦੀ ਅਵਾਜ਼ ਸੁਣਕੇ ਵਿਹੜੇ ਵਿਚ ਆ ਗਈ ਸੀ। ਮੈਂ ਕਿਹਾ, 'ਮੇਰਾ ਖ਼ਿਆਲ ਏ ਮੈਂ ਲਾਰੀ ਅੱਡੇ ਵਾਲੇ ਖੋਖੇ ਤੇ ਥੈਲਾ ਭੁੱਲ ਆਇਆ ਵਾਂ, ਮੈਂ ਹੁਣੇ ਲੈ ਕੇ ਆਉਂਦਾ ਹਾਂ।'

'ਰਹਿਣ ਦਿਓ, ਚੰਗਾ ਹੋਇਆ, ਉਹਦੇ ਵਿਚ ਕੀ ਸੀ ਐਵੇਂ ਕੋਰੇ ਪੱਤੇ ਕਾਲੇ ਕਾਗਤਾਂ ਦਾ ਰੁੱਗ ਹੋਣਾ ਏਂ।'



'ਉਹਦੇ ਵਿਚ ਮੇਰੀਆਂ ਲਿਖੀਆਂ ਕਹਾਣੀਆਂ ਸਨ, ਜਿਹੜੀਆਂ ਮੈਂ ਬੜੀ ਔਕੜਾਂ ਨਾਲ ਲਿਖੀਆਂ ਸਨ।'

'ਇਹਦਾ ਮਤਲਬ ਇਹ ਹੋਇਆ ਪਈ ਤੁਹਾਡਾ ਦਿਮਾਗ ਹਾਲੇ ਠੀਕ ਨਹੀਂ ਹੋਇਆ, ਤੁਹਾਨੂੰ ਹਾਲੇ ਵੀ ਮੇਰੇ ਨਾਲੋਂ ਝੂਠੀਆਂ ਕਹਾਣੀਆਂ ਕਿੱਸੇ ਪਿਆਰੇ ਨੇ। ਕੀ ਦਿੰਦੀਆਂ ਨੇ ਇਹ ਤੈਨੂੰ, ਪੈਸੇ ਪੈਸੇ ਦੀ ਮਹਿਤਾਜੀ, ਕੌਡੀ ਕੌਡੀ ਦਾ ਤਰਸ। ਇਹਨਾਂ ਕਿੱਸਿਆਂ ਨੇ ਨਾ ਤੁਹਾਨੂੰ ਆਪਣੇ ਜੋਗਾ ਰਹਿਣ ਦਿੱਤਾ ਤੇ ਨਾ ਕਿਸੇ ਜੋਗਾ। ਬੰਦਾ ਜਿਹੜਾ ਵੀ ਕੰਮ ਕਰੇ ਉਸਨੂੰ ਇੱਕ ਵਿੱਥ ਤੇ ਰੱਖ ਕੇ ਕਰੇ।'

'ਨਹੀਂ! ਬੰਦੇ ਨੂੰ ਉਹ ਕੰਮ ਆਪਣੇ ਲਹੂ ਮਾਸ ਵਿਚ ਰਚਾ ਲੈਣਾ ਚਾਹੀਦਾ ਹੈ।'

'ਤਦੇ ਤੇ ਤੁਸਾਂ ਕੋਈ ਦੂਜਾ ਕੰਮ ਨਹੀਂ ਕੀਤਾ।'

'ਪੜ੍ਹਿਆ ਲਿਖਿਆ ਵੇਖ ਕੇ ਕੀਤਾ ਸੀ, ਮੈਂ ਤੇ ਤਰਨ ਤੋਂ, ਸਗੋਂ ਗਰਕ ਹੋ ਗਈ ਆਂ। ਤੂੰ ਕਾਗਤਾਂ ਤੋਂ ਬਾਹਰ ਈ ਨਹੀਂ ਆਉਂਦਾ।'

'ਮੈਂ ਜਾਣ ਗਿਆ ਸੀ ਪਈ ਇਹਨਾਂ ਦੀਆਂ ਖੋਪੜੀਆਂ ਵਿਚ ਦਿਮਾਗ ਨਹੀਂ। ਜਿਹੜਾ ਸੋਚੇ ਤੇ ਸਮਝੇ। ਮੈਂ ਕਿੱਡਾ ਵੱਡਾ ਫਨਕਾਰ ਹਾਂ। ਇਹਨੂੰ ਇਸ ਗੱਲ ਦਾ ਨਹੀਂ ਪਤਾ, ਇਹ ਮੇਰੀ ਰੂਹ ਨੂੰ ਸਰੀਰ ਵਿਚ ਕੈਦ ਰੱਖਣਾ ਚਾਹੁੰਦੀ ਏ।'

ਮੈਂ ਬਿਟ-ਬਿਟ ਕਦੇ ਆਪਣੀ ਜਨਾਨੀ ਵੱਲ ਤੇ ਕਦੇ ਆਪਣੀ ਸੱਸ ਵੱਲ ਤੱਕ ਰਿਹਾ ਸਾਂ ਕਿ ਕਦੀ ਆਪਣੀ ਚਹੁੰ ਵਰ੍ਹਿਆਂ ਦੀ ਧੀ ਵੱਲ, ਜਿਹੜੀ ਮੈਨੂੰ ਤੱਕ ਕੇ ਸਭ ਕੁਝ ਭੁਲ-ਭੁਲਾ ਕੇ ਮੇਰੀਆਂ ਲੱਤਾਂ ਨਾਲ ਚਿੰਬੜ ਗਈ ਸੀ।

ਇਕ ਸੋਚ ਦੀਆਂ ਤਿੰਨ ਪੀੜ੍ਹੀਆਂ ਮੇਰੀਆਂ ਅੱਖਾਂ ਦੇ ਸਾਹਮਣੇ ਸਨ। ਮੈਂ ਆਪਣੇ ਆਪ ਨੂੰ ਇਹਨਾਂ ਤੋਂ ਵੱਖ ਰੱਖ ਕੇ ਵੇਖਦਾ ਸਾਂ। ਇਸ ਲਈ ਮੈਂ ਬੜਾ ਤਾਅ ਖਾ ਕੇ ਕਿਹਾ, "ਮੈਂ ਇਹਨਾਂ ਪੈਰਾਂ ਤੇ ਪਰਤ ਜਾਂਦਾ ਹਾਂ, ਤੈਨੂੰ ਆਪਣੀ ਪਈ ਏ ਤੇ ਮੈਨੂੰ ਸਭ ਦੀ।'

ਮੈਂ ਛੇਤੀ ਨਾਲ ਲਾਰੀ ਅੱਡੇ ਅੱਪੜਿਆ ਕਿਉਂ ਜੇ ਹਾਲੇ ਅਖ਼ੀਰਲੀ ਲਾਰੀ ਦੇ ਜਾਣ ਦਾ ਵੇਲਾ ਹੈ ਸੀ।

ਲਾਰੀ ਦੀਆਂ ਅਗਲੀਆਂ ਸਾਰੀਆਂ ਦੀਆਂ ਸਾਰੀਆਂ ਸੀਟਾਂ ਭਰੀਆਂ ਹੋਈਆਂ ਸਨ। ਇੱਕ ਅੱਧੀ ਸਵਾਰੀ ਨਾਲ ਬਹਿਣਾ ਮੈਨੂੰ ਚੰਗਾ ਨਹੀਂ ਲੱਗਦਾ। ਮੈਂ ਬੂਹੇ ਦੇ ਨਾਲ ਪਿਛਲੀ ਦੋ ਵਾਲੀ ਸੀਟ ਤੇ ਬਹਿ ਗਿਆ, ਜਿਥੇ ਕਲੀਨਰ ਬਹਿੰਦਾ ਏ। ਪਰ ਉਹ ਏਸ ਵੇਲੇ ਟਿਕਟਾਂ ਦੇ ਪੈਸੇ ਲੈ ਰਿਹਾ ਸੀ। ਨਾਲੇ ਮੈਨੂੰ ਪਤਾ ਸੀ ਕਿ ਬੱਧੋਵਾਲੀ ਪੁਲੀ ਤੇ ਰਾਹ ਦੀਆਂ ਸਾਰੀਆਂ ਸਵਾਰੀਆਂ ਉਤਰ ਜਾਣੀਆਂ ਨੇ ਜਿਹਨਾਂ ਨੇ ਲਾਰੀ ਵਿਚ ਘੜਮੱਸ ਪਾਈ ਹੋਈ ਏ। ਇਸੇ ਲਈ ਮੈਂ ਤਾਕੀ ਵਾਲੇ ਪਾਸੇ ਹੋ ਕੇ ਬਹਿ ਗਿਆ।

ਮੇਰੇ ਅੰਦਰ ਬੜੀ ਖਿਝ ਤੇ ਕੌੜ ਸੀ ਜਿਹਦਾ ਮੈਂ ਸਿਗਰਟ ਫੂਕ ਕੇ ਉਪਾਅ ਕਰਨਾ ਸੀ। ਮੈਂ ਸਿੱਧਾ ਘਰ ਨੂਰਪੁਰ ਜਾ ਕੇ ਆਪਣਾ ਆਖ਼ਰੀ ਫੈਸਲਾ ਕਰਨਾ ਸੀ ਪਈ ਇਹ ਬੀਵੀ ਜਿਹੜੀ ਹਯਾਤੀ ਦਾ ਸੰਗ ਹੁੰਦੀ ਏ। ਇੱਕ ਗੱਡ ਦੇ ਦੋ ਪਹੀਆ ਵਾਂਗ, ਪਰ ਉਹ ਕਿਉਂ ਰਾਹ

ਵਿਚ ਨਾਲ ਤੁਰਨ ਤੋਂ ਮੁਨਕਰ ਹੋ ਗਈ। ਇੰਝ ਮੇਰੀ ਹਯਾਤੀ ਦਾ ਪੈਂਡਾ ਖਰਾ ਨਹੀਂ ਖੋਟਾ ਕਰ ਰਹੀ ਏ। ਇਸ ਲਈ ਮੈਨੂੰ ਇਸ ਤੋਂ ਵੱਖ ਹੋ ਜਾਣਾ ਚਾਹੀਦਾ ਹੈ।

ਖ਼ੈਰ ਮੈਂ ਸੋਚਿਆ ਰਾਹ ਵਿਚ ਨਵੇਂ ਪਿੰਡ ਉਤਰ ਕੇ ਅੱਜ ਦੀ ਰਾਤ ਮਾਸਟਰ ਨਿਆਜ਼ ਕੋਲ ਈ ਕੱਟਾਂਗਾ, ਰਾਤ ਗੱਪਾਂ ਮਾਰਾਂਗੇ। ਉਹਦੇ ਕੋਲੋਂ ਨਵੇਂ ਸ਼ਿਅਰ ਸੁਣਾਂਗੇ। ਕਹਾਣੀਆਂ ਵੀ ਵਾਹਵਾ ਲਿਖਦਾ ਏ ਪਰ ਕਹਿੰਦਾ ਏ ਜਦੋਂ ਦਾ ਮੈਂ ਤੇਰੀਆਂ ਕਹਾਣੀਆਂ ਪੜ੍ਹਨ ਲੱਗਾ ਆਂ, ਮੈਂ ਕਹਾਣੀਆਂ ਲਿਖਣੀਆਂ ਬੰਦ ਕਰ ਦਿੱਤੀਆਂ ਨੇ। ਉਹ ਇਸ ਲਈ ਪਈ ਤੈਨੂੰ ਕਹਾਣੀ ਬੁਣਨ ਦਾ ਵੱਲ ਵੀ ਆਉਂਦਾ ਏ ਤੇ ਗੱਲ ਕਰਨ ਦਾ ਚੱਜ ਵੀ। ਕਿੱਡਾ ਵੱਡਾ ਨਾਂ ਏ ਮਾਸਟਰ ਨਿਆਜ਼ ਦਾ, ਪਰ ਮੈਨੂੰ ਉਹ ਬੜਾ ਵਡਿਆਉਂਦਾ ਏ। ਕੁਝ ਚਿਰ ਬਾਅਦ ਇਹਨੇ ਕਾਲਜ ਵਿਚ ਪ੍ਰੋਫੈਸਰ ਲੱਗ ਜਾਣਾ ਏ। ਬੱਸ ਕਿਸੇ ਵੀ ਕਲਾਸ ਵਿਚ ਪੰਜਾਬੀ ਦੀਆਂ ਸੀਟਾਂ ਨਿਕਲਣ ਦੀ ਦੇਰ ਏ।

ਹਾਲੇ ਮੈਂ ਇਹ ਸੋਚ ਈ ਰਿਹਾ ਸਾਂ ਕਿ ਕਲੀਨਰ ਮੇਰੇ ਸਿਰ ਤੇ ਆ ਖਲੋਤਾ ਤੇ ਕਿਹਾ, 'ਜੀ ਕਿੱਥੇ ਜਾਣਾ ਜੇ?'

'ਨਵੇਂ ਪਿੰਡ'

ਮੈਂ ਉਹਨੂੰ ਪੰਜਾਂ ਦਾ ਨੋਟ ਫੜਾਇਆ। ਉਹਨੇ ਰੁਪਈਆ ਹੱਥੋਂ ਤੇ ਅਠਾਨੀ ਕੁੜਤੇ ਦੇ ਥੱਲਿਉਂ ਸਲੂਕੇ ਦੇ ਬੋਝੇ ਵਿਚੋਂ ਕੱਢ ਕੇ ਫੜਾਈ। ਮੈਂ ਤਾਕੀ ਥਾਣੀ ਬਾਹਰ ਵੱਲ ਵੇਖਿਆ ਸਾਹਮਣੇ ਬੱਧੋਵਾਲੀ ਪੁਲੀ ਨਜ਼ਰੀਂ ਪਈ। ਜਿਸ ਤੇ ਕੋਈ ਤਿੰਨ ਜ਼ਨਾਨੀਆਂ ਕੋਈ ਸੱਤ ਕੁ ਬਾਲ ਲੈ ਕੇ ਖਲੋਤੀਆਂ ਹੋਈਆਂ ਸਨ। ਉਹਨਾਂ ਨਾਲ ਇੱਕ ਬੁੱਢਾ ਠੇਰਾ ਬਾਬਾ ਸੀ। ਇਹਨਾਂ ਸਾਰੀਆਂ ਦੇ ਪਿੱਛੇ ਇਕ ਮੇਰੇ ਜਿਹੇ ਕੱਦ ਤੇ ਮੇਰੀ ਜਿਹੀ ਉਮਰ ਦਾ ਇਕ ਬੰਦਾ ਖਲੋਤਾ ਸੀ। ਉਹਦੇ ਹੱਥ ਵਿਚ ਥੈਲਾ ਸੀ, ਬਿਲਕੁਲ ਮੇਰੇ ਥੈਲੇ ਵਰਗਾ। ਬਸ ਪੁਲੀ ਤੇ ਖਲੋ ਗਈ। ਮੈਂ ਸੀਟ ਤੇ ਬੈਠਾ ਜੱਕੋ-ਤੱਕੀ ਵਿਚ ਸਾਂ ਪਈ ਵਾਜ ਮਾਰਾਂ ਪਈ ਇਹ ਥੈਲਾ ਤਾਂ ਮੇਰਾ ਹੈ।

ਮੈਂ ਤੱਕਿਆ ਪਈ ਉਹ ਵੀ ਲਾਰੀ ਵਿਚ ਚੜ੍ਹਨਾ ਚਾਹੁੰਦਾ ਏ। ਇਹ ਵੇਖ ਕੇ ਮੈਂ ਖਾਲੀ ਸੀਟ ਤੇ ਹੱਥ ਰੱਖ ਦਿੱਤਾ ਪਈ ਕਿਧਰੇ ਹੋਰ ਈ ਕੋਈ ਨਾ ਆ ਕੇ ਬਹਿ ਜਾਵੇ। ਸਵਾਰੀਆਂ ਦੇ ਉਤਰਨ ਤੇ ਚੜ੍ਹਨ ਤੋਂ ਬਾਅਦ ਉਹ ਬੜੇ ਆਰਾਮ ਨਾਲ ਲਾਰੀ ਤੇ ਚੜ੍ਹਿਆ। ਉਹਨੇ ਬਹਿਣ ਲਈ ਇਧਰ-ਉਧਰ ਤੱਕਿਆ ਪਰ ਮੈਂ ਉਹਨੂੰ ਆਪਣੇ ਨਾਲ ਬਹਿਣ ਲਈ ਇਸ਼ਾਰਾ ਕੀਤਾ।

ਉਹ ਹੱਸਦਾ ਹੋਇਆ ਮੇਰੇ ਨਾਲ ਬਹਿ ਗਿਆ। ਮੈਂ ਅੱਖ ਬਚਾ ਕੇ ਬਾਰ-ਬਾਰ ਥੈਲੇ ਨੂੰ ਵੇਖ ਰਿਹਾ ਸਾਂ, ਕੋਈ ਨਿਸ਼ਾਨੀ, ਕੋਈ ਨਿਸ਼ਾਨ ਨਜ਼ਰ ਆਵੇ ਤੇ ਮੈਂ ਉਹਨੂੰ ਫੜਾਂ। ਮੇਰਾ ਥੈਲਾ ਵੀ ਕਰੋਸ਼ੀਏ ਨਾਲ ਕੱਢਿਆ ਹੋਇਆ ਸੀ। ਉਸ ਉੱਤੇ ਜਿਹੜੀਆਂ ਫੁੱਲ ਪੱਤੀਆਂ ਤੇ ਜਿਹੜੇ ਰੰਗ ਦੀਆਂ ਡੱਬੀਆਂ ਬਣੀਆਂ ਹੋਈਆਂ ਸਨ, ਉਹੋ ਸਾਰਾ ਕੁਝ ਉਹਦੇ ਉੱਤੇ ਵੀ ਸੀ।

ਪਰ ਇਹ ਥੈਲਾ ਮੇਰੇ ਥੈਲੇ ਤੋਂ ਸਾਫ਼ ਸੁਥਰਾ ਸੀ। ਯਾਨੀ ਮੇਰਾ ਥੈਲਾ ਕੁਝ ਮੈਲਾ ਜਿਹਾ ਸੀ। ਦੋ-ਢਾਈ ਘੰਟਿਆਂ ਵਿਚ ਇਹ ਧੋ ਕੇ ਸੁਕਾਇਆ ਨਹੀਂ ਸੀ ਜਾ ਸਕਦਾ। ਹਾੜ, ਜੇਠ ਹੁੰਦਾ ਤਾਂ ਵੱਖਰੀ ਗੱਲ ਸੀ ਇਹ ਤਾਂ ਫੱਗਣ ਦਾ ਮਹੀਨਾ ਏ।

ਮੈਂ ਉਸ ਨਾਲ ਗੱਲ ਤੋਰਨ ਲਈ ਪੁੱਛਿਆ, 'ਕੀ ਤੁਸੀਂ ਸ਼ਾਦੀਵਾਲ ਦੇ ਓ।'

'ਅਲੈਣੇ ਪਿੰਡ ਦੇ' ਉਹਨੇ ਖਿੱਝ ਕੇ ਜਵਾਬ ਦਿੱਤਾ। 'ਦਫ਼ਾ ਕਰੋ ਜੀ ਏਸ ਪਿੰਡ ਨੂੰ,



ਇਹਦੇ ਬੰਦਿਆਂ ਦਾ ਬੜਾ ਖੂਨ ਚਿੱਟਾ ਏ। ਬੁੱਢੀਆਂ ਦੇ ਨੱਕ ਦੇ ਠੂਹੇ ਹੀ ਨਹੀਂ ਮਾਣ। ਮੈਂ ਤੇ ਭੁੱਲ ਗਿਆ ਉੱਥੇ ਸਹੁਰੇ ਬਣਾ ਕੇ।'

'ਸੱਚਮੁਚ ਤੁਸੀਂ ਇਸ ਪਿੰਡ ਦੇ ਨਹੀਂ।'

'ਨਹੀਂ, ਨਹੀਂ'

'ਕਿੱਥੋਂ ਦੇ ਓ?'

'ਨੂਰਪੁਰ ਦੇ'

'ਉਥੇ ਕਿੱਥੇ ਕਰਕੇ ਰਹਿੰਦੇ ਹੋ?'

'ਕੱਟੜੀ ਨੱਥੇ ਸ਼ਾਹ'

ਕੱਟੜੀ ਨੱਥੇ ਸ਼ਾਹ? ਮੈਂ ਉਹਨੂੰ ਹੈਰਾਨੀ ਨਾਲ ਵੇਖਿਆ ਪਈ ਇਹ ਕੁਫਰ ਬੱਕ ਰਿਹਾ ਏ। ਪਹਿਲਾਂ ਤੇ ਇਹਨੇ ਨੂਰਪੁਰ ਦਾ ਕਹਿ ਕੇ ਈ ਮੈਨੂੰ ਹੈਰਾਨ ਕਰ ਦਿੱਤਾ, ਕਿਉਂ ਜੇ ਮੈਂ ਨੂਰਪੁਰ ਦੇ ਸਾਰਿਆਂ ਬੰਦਿਆਂ ਨੂੰ ਜਾਣਦਾ ਆਂ ਤੇ ਨੂਰਪੁਰ ਦੇ ਸਾਰੇ ਮੈਨੂੰ ਜਾਣਦੇ ਨੇ। ਪਰ ਸ਼ਾਇਦ ਇਹ ਵੀ ਅਜਿਹਾ ਬੰਦਾ ਹੋਵੇ ਜਿਹਨੂੰ ਆਪਣੇ ਤੋਂ ਵੱਖ ਕਿਸੇ ਦਾ ਪਤਾ ਈ ਨਾ ਹੋਵੇ ਪਰ ਜਦੋਂ ਉਹਨੇ ਕੱਟੜੀ ਨੱਥੇ ਸ਼ਾਹ ਦਾ ਨਾਂ ਲਿਆ ਤਾਂ ਮੈਨੂੰ ਸੱਪ ਜਿਹਾ ਸੁੰਘ ਗਿਆ। ਕਿਉਂ ਜੇ ਕੱਟੜੀ ਨੱਥੇ ਸ਼ਾਹ ਤੇ ਮੈਂ ਆਪ ਰਹਿੰਦਾ ਹਾਂ। ਅਸੀਂ ਏਥੋਂ ਦੇ ਜੱਦੀ ਪੁਸ਼ਤੀ ਆਂ, ਕੋਈ ਪਨਾਹਗੀਰ ਨਹੀਂ, ਕਈ ਮੈਨੂੰ ਮੇਰੇ ਪਿਉ ਦੇ ਹਵਾਲੇ ਨਾਲ ਤੇ ਕਈ ਦਾਦੇ ਵਲੋਂ ਜਾਣਦੇ ਨੇ। ਪਰ ਇਹ ਕਿਸ ਨੱਥੇ ਸ਼ਾਹ ਦੀ ਕੱਟੜੀ ਦਾ ਰਹਿਣ ਵਾਲਾ ਏ। ਸ਼ਾਇਦ ਨਵਾਂ ਆਇਆ ਹੋਵੇ, ਕਿਉਂ ਜੇ ਜਦ ਦਾ ਇਹ ਪਿੰਡ ਘੱਟ ਤੇ ਮੰਡੀ ਬਹੁਤੀ ਬਣ ਗਿਆ ਏ, ਤਰ੍ਹਾਂ-ਤਰ੍ਹਾਂ ਦੀਆਂ ਜਿਣਸਾਂ ਵਾਂਗ ਤਰ੍ਹਾਂ-ਤਰ੍ਹਾਂ ਦੇ ਲੋਕ ਵੀ ਆ ਵੱਸੇ ਨੇ। ਹੁਣ ਤੇ ਇਹਦਾ ਖਿਲਾਰ ਬਹੁਤ ਹੋ ਗਿਆ ਏ, ਇਸ ਲਈ ਓਪਰੇ ਤੇ ਆਪਣੇ ਦੀ ਸਿਆਣ ਖੁਸ ਗਈ ਏ।

'ਕੀ ਤੁਸੀਂ ਏਥੇ ਨਵੇਂ ਆਏ ਓ?'

'ਨਹੀਂ ਜੀ ਅਸੀਂ ਤੇ ਜੱਦੀ ਪੁਸ਼ਤੀ ਏਥੋਂ ਦੇ ਰਹਿਣ ਵਾਲੇ ਹਾਂ।'

'ਤੁਹਾਡਾ ਨਾਂ?'

'ਅਸਲਮ ਨੂਰਪੁਰੀ'

'ਕੀ ਕਰਦੇ ਜੇ?'

'ਮੈਂ ਪੰਜਾਬੀ ਦਾ ਇਕ ਲਿਖਾਰੀ ਹਾਂ।'

'ਕੀ ਲਿਖਦੇ ਜੇ?'

'ਕਹਾਣੀਆਂ....'

ਮੈਨੂੰ ਤੇ ਇੰਜ ਲੱਗਾ ਜਿਵੇਂ ਉਹ ਬੰਦਾ ਮੇਰਾ ਪੂਰੀ ਤਰ੍ਹਾਂ ਜਾਣੂ ਏ ਤੇ ਮੇਰਾ ਮੌਜੂ ਬੰਨ੍ਹ ਰਿਹਾ ਏ। ਇਸ ਲਈ ਮੈਂ ਵੀ ਉਹਦਾ ਗੁੱਡਾ ਬੰਨ੍ਹਣ ਲਈ ਪੁੱਛਿਆ।

'ਅੱਜਕੱਲ ਕੀ ਲਿਖਿਆ ਜਾ ਰਿਹਾ ਏ?'

'ਕੁਝ ਸੁੱਝਦਾ ਈ ਨਹੀਂ। ਅੱਜਕੱਲ ਮੈਂ ਕਹਾਣੀ ਲਿਖਣ ਦੀ ਬਜਾਏ ਖ਼ੁਦ ਕਹਾਣੀ ਬਣ ਰਿਹਾ ਹਾਂ। ਜਾਂ ਕਹਾਣੀ ਮੈਨੂੰ ਲਿਖਣਾ ਚਾਹੁੰਦੀ ਏ।'

ਉਹਦਾ ਇਹ ਆਖਣਾ ਇੰਜ ਦਾ ਸੀ ਪਈ ਉਹ ਤੇ ਜਿਵੇਂ ਮੇਰੇ ਅੰਦਰ ਬੈਠਾ ਹੋਇਆ ਏ। ਮੈਂ ਉਹਨੂੰ ਫੇਰ ਪੁੱਛਿਆ,

'ਤੁਸੀਂ ਕਹਾਣੀ ਲਿਖਣ ਤੇ ਯਕੀਨ ਰੱਖਦੇ ਹੋ ਇਕ ਕਹਾਣੀ ਬਨਣ ਤੇ?'

ਉਹਨੇ ਕਿਹਾ "ਕਹਾਣੀ ਲਿਖਣ ਵਾਲਾ ਕਹਾਣੀ ਨਹੀਂ ਬਣਦਾ। ਲਿਖਣਾ ਕਿਸੇ ਦੀ ਜ਼ਾਤ ਦਾ ਪਹਿਰਾ ਦੇਣ ਵਰਗਾ ਹੁੰਦਾ ਏ। ਪਹਿਰਾ ਦੇਣਾ ਚਾਕਰੀ ਏ, ਚਾਕਰ ਕਦੇ ਮਾਲਕ ਨਹੀਂ ਹੁੰਦਾ।"

ਐਨੇ ਚਿਰ ਵਿਚ ਨਵੇਂ ਪਿੰਡ ਦੀਆਂ ਬੱਤੀਆਂ ਰੁੱਖਾਂ ਦੇ ਉਹਲੇ ਹਨੇਰੇ ਵਿਚ ਜੁਗਨੂੰਆਂ ਵਾਂਗ ਚਮਕਣ ਲੱਗ ਪਈਆਂ। ਲਾਰੀ ਅੱਡੇ ਅੱਪੜ ਕੇ ਮੈਂ ਉਸ ਨਾਲ ਗੱਲ ਕੀਤੇ ਬਿਨਾਂ ਹੀ ਲਾਰੀ ਤੋਂ ਲਹਿ ਆਇਆ। ਲਾਰੀ ਅੱਗੇ ਤੁਰ ਪਈ। ਮੈਂ ਹਨੇਰੇ ਵਿਚ ਖਲੋਤਾ ਰਹਿ ਗਿਆ। ਬੋਝੇ ਵਿਚੋਂ ਸਿਗਰਿਟ ਕੱਢ ਕੇ ਬੁੱਲ੍ਹਾਂ ਵਿਚ ਨੱਪਿਆ, ਜਲਾਣ ਲਈ ਤੀਲੀ ਡੱਬੀ ਵਿਚੋਂ ਕੱਢੀ ਤੇ ਹਾਲੇ ਮਸਾਲੇ ਤੇ ਰਗੜਣ ਹੀ ਲੱਗਾ ਸਾਂ ਪਈ ਹੱਥਾਂ ਦੇ ਕੋਲ ਵਿਚ ਇੱਕ ਬਲਦੀ ਤੀਲੀ ਮੇਰੇ ਮੋਢਿਆਂ ਤੋਂ ਵਲਾ ਕੇ ਮੇਰੇ ਮੂੰਹ ਕੋਲ ਅੱਪੜੀ। ਮੈਂ ਸਿਗਰਿਟ ਲਾਇਆ ਤੇ ਧੌਣ ਭਵਾਂ ਕੇ ਤੱਕਿਆ ਮੇਰੇ ਸਾਹਮਣੇ ਇੱਕ ਵਾਰ ਫਿਰ ਉਹ ਖਲੋਤਾ ਸੀ।

'ਤੂੰ' ਮੇਰੇ ਮੂੰਹੋਂ ਬਸ ਐਨਾ ਹੀ ਨਿਕਲਿਆ।

'ਆਹੋ' ਉਹਨੇ ਲਾਪਰਵਾਹੀ ਜਿਹੀ ਜਤਾਈ।

'ਪਰ ਤੂੰ ਤਾਂ ਨੂਰਪੁਰ ਜਾਣਾ ਸੀ?'

'ਆਹੋ ਪਰ ਨਵੇਂ ਪਿੰਡ ਮੇਰਾ ਇੱਕ ਦੋਸਤ ਏ, ਰਾਤ ਉਹਦੇ ਕੋਲ ਟਿਕਾਂਗਾ। ਸਵੇਰੇ ਉੱਠ ਕੇ ਜਾਵਾਂਗਾ।'

'ਅੱਛਾ ਜਾ ਫੇਰ।' ਮੈਂ ਕਿਹਾ ਤੇ ਉਹ ਮਾਸਟਰ ਨਿਆਜ਼ ਦੇ ਘਰ ਜਾਣ ਵਾਲੀ ਰਾਹ ਤੇ ਟੁਰ ਪਿਆ। ਸੜਕ ਪਾਰ ਕਰਕੇ ਮੈਂ ਫੇਰ ਆਪਣੇ ਸਹੁਰੇ ਘਰ ਸ਼ਾਦੀਵਾਲ ਜਾਣ ਵਾਲੀ ਬੱਸ ਦੀ ਉਡੀਕ ਵਿਚ ਖਲੋ ਗਿਆ। ਇਹ ਜਾਣਦਿਆਂ ਹੋਇਆਂ ਪਈ ਆਖ਼ਰੀ ਬੱਸ ਵੀ ਚਲੀ ਗਈ ਏ। ਮੈਂ ਤੇ ਸਵੇਰੇ ਪਹਿਲੀ ਬੱਸ ਵਿਚ ਜਾਣ ਲਈ ਖਲੋ ਗਿਆ ਵਾਂ, ਕਿਉਂ ਜੇ ਮੈਂ ਜਾਣ ਗਿਆ ਵਾਂ ਕਿ ਕਹਾਣੀ ਬਨਣ ਤੋਂ ਕਹਾਣੀ ਲਿਖਣਾ ਮੁਸ਼ਕਿਲ ਏ। ●

ਲਿਪੀਅੰਤਰ - ਪਾਲ ਸਿੰਘ ਵੱਲਾ

## ਵਿਸ਼ਵ ਕਵਿਤਾ ਵਿਸ਼ੇਸ਼ ਅੰਕ

ਅਗਲੇ ਤੋਂ ਅਗਲੇਰੇ ਕਿਸੇ ਅੰਕ ਵਿਚ ਚਿਰਾਗ਼ ਤਿਮਾਹੀ ਵਿਸ਼ਵ ਕਵਿਤਾ ਵਿਸ਼ੇਸ਼ ਅੰਕ ਕੱਢਣ ਦੀ ਯੋਜਨਾ ਬਣਾ ਰਿਹਾ ਹੈ। ਪਾਠਕ, ਲੇਖਕ ਤੇ ਕਵਿਤਾ-ਪ੍ਰੇਮੀ ਵਿਸਥਾਰ ਦੀ ਉਡੀਕ ਕਰਨ।

*- ਸੰਪਾਦਕੀ ਮੰਡਲ*





# ਸੁਪਨੇ, ਮਹਿਕਾਂ ਕੈਦ ਨਾ ਹੁੰਦੇ

**ਜ਼ੋਰਾ ਸਿੰਘ ਸੰਧੂ**

ਇੱਕ ਮੁੱਦਤ ਪਿੱਛੋਂ ਬੀਰ ਸਿੰਹੁ ਸਾਡੇ ਕੋਲ ਆਇਆ ਹੈ, ਅਸੀਂ ਉਸ ਤੋਂ ਸੁਣਿਆ ਹੈ ਕਿ ਸਾਡੇ ਘਰ ਦੇ ਸਾਹਮਣੇ ਵਾਲਾ ਪਿੱਪਲ, ਅਸਲੋਂ ਹੀ ਰੁੰਡ-ਮੁੰਡ ਹੋ ਚੁੱਕਿਆ ਹੈ ਤੇ ਸਾਡੇ ਘਰਾਂ ਤੇ ਇੱਕ ਵੀ ਲਿਔੜ ਸਬੂਤਾ ਨਹੀਂ ਰਹਿ ਗਿਆ। ਘਰ ਵੀਰਾਨ ਖੋਲੇ ਬਣ ਚੁੱਕੇ ਹਨ, ਜਿਹੜੇ ਹੁਣ ਸਾਡੇ ਨਹੀਂ ਰਹਿ ਗਏ।

ਬੀਰ ਸਿੰਹੁ ਨੇ ਕਿੰਨੀਆਂ ਹੀ ਯਾਦਾਂ ਤਾਜ਼ੀਆਂ ਕਰਾ ਦਿੱਤੀਆਂ ਹਨ। ਕਿੰਨੇ ਹੀ ਵਿਸਰੇ ਸੁਪਨੇ ਫਿਰ ਮੇਰੀਆਂ ਅੱਖਾਂ ਵਿਚ ਲਟਕ ਪਏ ਹਨ।

ਮੇਰੀ ਸੁਪਨੇ ਦੇਖਣ ਦੀ ਆਦਤ ਨਵੀਂ ਨਹੀਂ ਹੈ, ਇਹ ਬਹੁਤ ਪੁਰਾਣੀ ਹੈ, ਮੈਂ ਮੰਡੀ ਵਾਲੇ ਆਪਣੇ ਸਕੂਲ ਦੇ, ਚਾਰ ਮੀਲ ਦੇ ਪੰਧ ਨੂੰ, ਸਵੇਰੇ ਸ਼ਾਮੀ ਸੁਪਨੇ ਲੈਂਦਿਆਂ ਹੀ ਮੁਕਾਇਆ ਕਰਦਾ ਸਾਂ। ਇਸੇ ਪੰਧ 'ਤੇ ਥਾਣੇਦਾਰ ਬਣਨ ਦੇ ਸੁਪਨੇ ਲੈਂਦਿਆਂ, ਮੈਂ ਅੱਠਵੀਂ ਪਾਸ ਕਰ ਲਈ ਸੀ ਤੇ ਥਾਣੇਦਾਰੀ ਦੇ ਨਾਲ-ਨਾਲ ਅਕਸਰ ਮੈਂ ਗੁਰਮੀਤ ਦਾ ਸੁਪਨਾ ਵੀ ਲਿਆ ਕਰਦਾ ਸਾਂ। ਤੇ ਜਿਸ ਦਿਨ ਤਾਈ ਰਾਜੋ ਵਲੋਂ ਗੁਰਮੀਤ ਲਈ ਭੇਜੀ ਕੋਈ ਵਸਤ, ਮੈਂ ਉਹਨੂੰ ਉਹਦੇ ਹੋਸਟਲ ਦੇ ਕੇ ਘਰ ਪਰਤਦਾ, ਉਸ ਦਿਨ ਮੇਰਾ ਚਾਰ ਮੀਲ ਦਾ ਪੰਧ, ਪਤਾ ਨਾ ਲੱਗਦਾ ਕਦੋਂ ਮੁੱਕ ਜਾਂਦਾ। ਉਸ ਦਿਨ ਸਕੂਲੋਂ ਘ ਤੱਕ ਦਾ ਸਾਰਾ ਪੰਧ, ਮੈਂ ਅਕਸਰ ਇਹ ਸੁਪਨਾ ਲੈਂਦਾ ਕਿ ਮੈਂ ਥਾਣੇਦਾਰ ਬਣ ਗਿਆ ਹਾਂ। ਮੇਰਾ ਨਿੱਕਾ ਭਰਾ ਤੇ ਭੈਣ, ਦੋਵੇਂ ਸਕੂਲ ਗਏ ਹੋਏ ਹਨ। ਘਰ ਵਿਚ ਬਸ ਮੈਂ ਤੇ ਗੁਰਮੀਤ ਹਾਂ। ਘਰ ਵੀ ਬਹੁਤ ਪਿਆਰ ਅਤੇ ਇਕਦਮ ਸੁੰਦਰ ਹੈ। ਨਿੱਕੀਆਂ-ਨਿੱਕੀਆਂ ਫੁੱਲਾਂ ਦੀਆਂ ਕਿਆਰੀਆਂ ਹਨ ਤੇ ਮੈਂ ਇਨ੍ਹਾਂ ਕਿਆਰੀਆਂ ਨੂੰ ਗੋਡੀ ਦੇ ਰਿਹਾ ਹਾਂ ਤੇ ਗੁਰਮੀਤ ਇਨ੍ਹਾਂ ਨੂੰ ਪਾਣੀ ਪਾ ਰਹੀ ਹੈ ਤੇ ਪਾਣੀ ਪਾਉਂਦੀ ਗੁਰਮੀਤ ਦੇ, ਵੱਡੇ ਸਾਰੇ ਜੂੜੇ ਵਿਚ ਮੈਂ ਇੱਕ ਫੁੱਲ ਟੁੰਗ ਦਿੰਦਾ ਹਾਂ। ਉਹਨੀਂ ਦਿਨੀਂ ਮੈਂ ਇਕ ਫਿਲਮ ਦੇਖੀ ਸੀ, ਜਿਸ ਵਿਚ ਇਹੋ ਜਿਹਾ ਇਕ ਸੀਨ ਸੀ।

ਹਾਂ, ਮੈਂ ਗੁਰਮੀਤ ਦੇ ਜੂੜੇ ਵਿਚ ਫੁੱਲ ਟੁੰਗਦਾ-ਟੁੰਗਦਾ ਪਤਾ ਨਾ ਲੱਗਦਾ ਕਦੋਂ ਘਰ ਪਹੁੰਚ ਜਾਂਦਾ। ਮੈਨੂੰ ਉਦੋਂ ਹੀ ਪਤਾ ਲੱਗਦਾ ਜਦੋਂ ਮੈਨੂੰ ਬੇਬੇ ਬੁੱਕਲ ਵਿਚ ਲੈ ਕੇ ਆਖਦੀ, "ਆ ਗਿਐ ਮੇਰਾ ਥਾਣੇਦਾਰ।"

ਉਸ ਦਿਨ ਮੈਂ ਆਪਣਾ ਬਸਤਾ ਪਿੱਛੋਂ ਘਰ ਸੁੱਟਦਾ, ਪਹਿਲਾਂ ਤਾਈ ਰਾਜੋ ਦੇਘਰ ਪਹੁੰਚ ਜਾਂਦਾ। ਗੁਰਮੀਤ ਨੇ, ਉਸ ਦਿਨ ਆਪਣੀ ਮਾਸੀ ਲਈ ਕੋਈ ਸੁਨੇਹਾ ਦਿੱਤਾ ਹੁੰਦਾ।

ਮੈਂ ਤੇ ਗੁਰਮੀਤ ਨੇ ਤਾਈ ਰਾਜੋ ਦੇ ਸੁਨੇਹਾ ਲੈਂਦਿਆਂ ਦਿੰਦਿਆਂ ਅੱਠਵੀਂਪਾਸਕਰ ਲਈ ਤੇ ਇੱਧਰ ਅਸੀਂ ਪਾਸ ਹੋਏ, ਉਧਰ ਸਾਡੀ ਮੰਗਣੀ ਦੀ ਗੱਲ ਛਿੜ ਪਈ। ਤੇ ਜਦੋਂ ਵੀ ਤਾਈ ਰਾਜੋ ਅਤੇ ਬੇਬੇ ਇਕੱਠੀਆਂ ਹੁੰਦੀਆਂ ਉਹ ਸਾਡੀ ਮੰਗਣੀ ਤੇ ਵਿਆਹ ਬਾਰੇ ਗੱਲਾਂ ਕਰਦੀਆਂ ਰਹਿੰਦੀਆਂ। ਤੇ ਕਦੇ-ਕਦੇ ਤਾਂ ਐਵੇਂ ਜਿਵੇਂ ਮੈਥੋਂ ਵੀ ਕੁਝ ਨਾ ਕੁਝ ਪੁੱਛ ਹੀ ਲੈਂਦੀਆਂ। ਮੈਨੂੰ ਕੋਈ ਉੱਤਰ ਨਾ ਸੁੱਝਦਾ। ਤੇ ਮੈਂ ਸੰਗਦਾ ਭੱਜ ਕੇ ਅੰਦਰ ਵੜ ਜਾਂਦਾ। ਜਾਂ ਇਹੋ ਜਿਹੇ ਮੌਕੇ,

ਘਰੋਂ ਬਾਹਰ ਨਿਕਲ ਜਾਂਦਾ ਤੇ ਆਪਣੇ ਬਾਹਰਲੇ ਬੂਹੇ ਦੇ ਕੌਲੇ ਨਾਲ ਲੱਗ ਕੇ ਖਲੋ ਜਾਂਦਾ। ਕੰਨਾਂ ਤੋਂ ਪੱਗ ਦਾ ਲੜ ਉਤਾਂਹ ਚੁੱਕਦਾ ਤੇ ਅੰਦਰਲੀਆਂ ਗੱਲਾਂ ਸੁਣਨ ਦਾ ਯਤਨ ਕਰਨ ਲੱਗਦਾ। ਮੈਂ ਸੁਣਦਾ, ਬੇਬੇ ਆਖ ਰਹੀ ਹੁੰਦੀ, 'ਫੋਟ ਕੁੜੇ! ਕਿੰਨਾ ਸੰਗਲੂ ਐ!! ਇਹ ਤਾਂ ਭੈਣੇ ਕੁੜੀਆਂ ਤੋਂ ਵੀ ਟੱਪ ਗਿਐ। ਫਿਰ ਮੈਂ ਸੁਣਦਾ, ਬਣਨ ਵਾਲੀ ਜੋੜੀ ਦੀਆਂ ਤਾਰੀਫ਼ਾਂ ਹੁੰਦੀਆਂ। ਜੋੜੀ ਨੂੰ ਜੁੱਗ-ਜੁੱਗ ਜਿਉਣ ਦੀਆਂ ਅਸੀਸਾਂ ਮਿਲਦੀਆਂ ਤੇ ਅਸੀਆਂ ਦਿੰਦੀ ਤਾਈ ਰਾਜੋ ਆਪਣੀ 'ਜੋੜੀਆਂ ਜੱਗ ਥੋੜ੍ਹੀਆਂ, ਨਰੜ ਬਥੇਰੇ।' ਬੇਬੇ ਮੇਰੀਆਂ ਵਡਿਆਈਆਂ ਕਰਦੀ ਨਾ ਥੱਕਦੀ। ਰਾਜੋ ਗੁਰਮੀਤ ਨੂੰ ਆਸਮਾਨੀ ਚਾੜ੍ਹ ਦਿੰਦੀ।

ਅੰਦਰ ਸਾਡੇ ਬਾਰੇ ਗੱਲਾਂ ਹੋਣੋ ਹੱਟ ਜਾਂਦੀਆਂ। ਕਿਸੇ ਦੇ ਪੁੱਤ ਦੀ, ਕਿਸੇ ਦੀ ਧੀ ਦੀਆਂ ਕਿਸੇ ਦੀ ਨੂੰਹ ਦੀ ਪੁਣ-ਛਾਣ ਹੋਣ ਲੱਗ ਪੈਂਦੀ ਤੇ ਮੈਂ ਚਾਹੁੰਦਾ ਅੰਦਰ ਮੇਰੀਆਂ ਤੇ ਗੁਰਮੀਤ ਦੀਆਂ ਗੱਲਾਂ, ਉਂਝ ਹੀ ਹੁੰਦੀਆਂ ਰਹਿਣ। ਗੱਲਾਂ ਹੁੰਦੀਆਂ ਰਹਿਣ ਤੇ ਮੈਂ ਉਂਝ ਦਾ ਉਂਝ ਉਹ ਗੱਲਾਂ ਸੁਣਦਾ ਰਹਾਂ, ਸੁਣਦਾ ਰਹਾਂ।

ਅੰਦਰੋਂ ਕੁਝ ਹੋਰ ਸੁਣਨ ਲਈ, ਮੈਂ ਆਪਣੀ ਪੱਗ ਦਾ ਲੜ, ਕੰਨਾਂ ਤੋਂ ਹੋਰ ਉਤਾਂਹ ਚੁੱਕਦਾ, ਕੰਨਾਂ ਨੂੰ ਹੋਰ ਪਤਲਾ ਕਰਦਾ, ਹੋਰ ਸਾਹ ਰੋਕਦਾ। ਪਰ ਕੁਝ ਨਾ ਸੁਣਾਈ ਦਿੰਦਾ ਜੋ ਕੁਝ ਮੈਂ ਸੁਣਨਾ ਚਾਹੁੰਦਾ ਹੁੰਦਾ।

ਤੇ ਫਿਰ ਅੰਦਰ ਗੱਲਾਂ ਹੋਣੋਂ ਹੱਟ ਜਾਂਦੀਆਂ। ਪਰ ਮੈਂ ਕੌਲੇ ਨਾਲ ਚਿੰਬੜਿਆ ਰਹਿੰਦਾ ਤੇ ਤਾਈ ਰਾਜੋ ਬਾਹਰ ਨਿਕਲਦੀ। ਉਹ ਬਾਹਰ ਨਿਕਲਦੀ ਤੇ 'ਖੜ੍ਹੋ ਟੁੱਟ ਪੈਣਿਆਂ, ਆਖ ਮੈਨੂੰ ਫੜ ਲੈਂਦੀ ਤੇ ਬੇਬੇ ਨੂੰ ਆਵਾਜ਼ ਦਿੰਦੀ। ਬੇਬੇ ਆਉਂਦੀ ਤੇ ਉਹ ਦੋਵੇਂ ਹੱਸਦੀਆਂ। ਉਹ ਹੱਸਦੀਆਂ ਤੇ ਦੂਹਰੀਆਂ-ਚੌਹਰੀਆਂ ਹੋ ਹੋ ਜਾਂਦੀਆਂ।

ਮੈਂ ਤਾਈ ਰਾਜੋ ਤੋਂ ਖਹਿੜਾ ਛੁਡਾਉਣ ਦੀ ਬਥੇਰੀ ਵਾਹ ਲਾਉਂਦਾ ਪਰ ਉਹ ਮੈਨੂੰ ਛੱਡਦੀ ਕਿੱਥੇ। ਤੇ ਫਿਰ ਰੋਣ ਹਾਕਾ ਹੋਇਆ ਮੈਂ ਬੇਬੇ ਵੱਲ ਵੇਖਦਾ ਤੇ ਬੇਬੇ ਨੂੰ ਮੇਰੇ ਤੇ ਤਰਸ ਆਉਂਦਾ। ਉਹਨੂੰ ਤਰਸ ਆਉਂਦਾ ਤਾਂ ਉਹ ਤਾਈ ਰਾਜੋ ਨੂੰ ਆਖਦੀ, "ਛੱਡ ਨੀ ਪਰ੍ਹਾ ਬੇਬੇ! ਮੇਰਾ ਪੁੱਤ ਤਾਂ ਰੋਣ ਵਾਲਾ ਹੋ ਗਿਐ।"

"ਚੱਲ ਬੱਕਰਿਆ, ਕਿਸੇ ਬੰਦੇ ਵੀ ਅਜਿਹੀਆਂ ਗੱਲਾਂ ਸੁਣਦੇ ਐ।" ਆਖ ਤਾਈ ਮੈਨੂੰ ਛੱਡ ਦਿੰਦੀ ਤੇ ਮਾਂ ਦਾ ਥਾਣੇਦਾਰ ਮੂੰਹ ਲਮਕਾਈ ਆਪਣੇ ਘਰ ਅੰਦਰ ਵੜ ਜਾਂਦਾ। ਮੁੰਡੇ ਤੋਂ ਤਾਈ ਮੈਨੂੰ ਬੰਦਾ ਬਣਾ ਦਿੰਦੀ।

ਗੁਰਮੀਤ, ਬਹੁਤਾ ਸਾਡੇ ਪਿੰਡ ਆਪਣੀ ਮਾਸੀ ਕੋਲ ਹੀ ਰਿਹਾ ਕਰਦੀ ਸੀ। ਪ੍ਰਾਇਮਰੀ ਤੱਕ ਅਸੀਂ ਇਕੱਠੇ ਪੜ੍ਹਦੇ ਰਹੇ ਹਾਂ। ਇਕੱਠੇ ਖੇਡਦੇ ਰਹੇ ਹਾਂ। ਤੇ ਖੇਡਾਂ ਖੇਡਾਂ ਵਿਚ ਅਸੀਂ ਆਪਣਾ ਘਰ ਬਣਾਇਆ ਕਰਦੇ ਸਾਂ, ਵਸਾਇਆ ਕਰਦੇ ਸਾਂ। ਤੇ ਜਿਸ ਦਿਨ ਸਾਡੀ ਮੰਗਣੀ ਦੀ ਗੱਲ ਛਿੜੀ। ਮੈਨੂੰ ਲੱਗਿਆ, ਜਿਵੇਂ ਸਾਡੇ ਬਾਲਪਨ ਦੇ ਦਿਨ ਪਰਤ ਆਏ ਹੋਣ। ਜਿਵੇਂ ਸਾਡੇ ਸੁਪਨੇ ਸੱਚੇ ਹੋ ਰਹੇ ਹੋਣ।

ਆਖ਼ਰ ਤਾਈ ਰਾਜੋ ਆਪਣੀ ਭੈਣ ਤੋਂ ਸ਼ਗਨ ਲੈ ਆਈ। ਮੰਗਣੀ ਦਾ ਦਿਨ ਪੱਕਾ ਹੋ ਗਿਆ। ਇਧਰ ਦਿਨ ਪੱਕਾ ਹੋਇਆ ਉਧਰ ਅਸੀਂ ਨੌਵੀਂ ਵਿਚ ਦਾਖਲ ਹੋ ਗਏ ਤੇ ਮੈਨੂੰ ਜਿੱਸਿਆ ਮੇਰੇ ਸੁਪਨਿਆਂ ਦਾ ਦਿਨ ਮੇਰੇ ਵੱਲ ਨੱਸਿਆ ਆ ਰਿਹਾ ਸੀ।



ਨੌਵੀਂ ਵਿਚ ਅਸੀਂ ਦਾਖਲ ਹੋਏ ਤਾਂ ਉਂਝ ਦਾ ਉਂਝ ਮੈਂ ਮੰਡੀ ਆਪਣੀ ਸਕੂਲ ਜਾਂਦਾ। ਤਾਈ ਰਾਜੋ ਵੀ ਕਿਧਰੇ ਨਹੀਂ ਸੀ ਗਈ। ਗੁਰਮੀਤ ਵੀ ਪਹਿਲਾਂ ਵਾਂਗ ਆਪਣੇ ਹੋਸਟਲ ਵਿਚ ਰਹਿੰਦੀ ਸੀ ਤੇ ਤਾਈ ਰਾਜੋ ਦੀਆਂ ਵਸਤਾਂ ਵੀ ਪਹਿਲਾਂ ਵਾਂਗ ਉਹਨੂੰ ਮਿਲ ਰਹੀਆਂ ਸਨ। ਉਂਝ ਹੀ ਗੁਰਮੀਤ ਦੇ ਸੁਨੇਹੇ ਵੀ ਤਾਈ ਨੂੰ ਆ ਰਹੇ ਸਨ, ਪਰ ਤਾਈ ਨੇ, ਇਹ ਵਸਤਾਂ ਹੁਣ ਕਦੇ ਮੈਨੂੰ ਨਹੀਂ ਸਨ ਫੜਾਈਆਂ। ਗੁਰਮੀਤ ਨੇ ਕਦੇ ਹੁਣ ਮੇਰੇ ਰਾਹੀਂ ਆਪਣੀ ਮਾਸੀ ਨੂੰ ਸੁਨੇਹਾ ਨਹੀਂ ਸੀ ਭੇਜਿਆ ਤੇ ਸਕੂਲੋਂ ਪਰਤਦਿਆਂ ਘਰ ਬਸਤਾ ਸੁੱਟ, ਹੁਣ ਕਦੇ ਮੈਂ ਭੱਜਾ-ਭੱਜਾ ਤਾਈ ਰਾਜੋ ਦੇ ਨਹੀਂ ਸਾਂ ਗਿਆ।

ਉਂਝ ਕਈ ਵਾਰੀਂ ਪਤਾ ਨਹੀਂ ਕਦੋਂ, ਮੇਰੇ ਪੈਰ ਮੈਨੂੰ ਚੁੱਕ ਕੇ ਹੋਸਟਲ ਕੋਲ ਲੈ ਜਾਂਦੇ। ਉੱਥੇ ਪਹੁੰਚ ਕੇ ਮੈਨੂੰ ਵੇਖੇ ਜਾਣ ਦਾ ਜਦੋਂ ਅਹਿਸਾਸ ਹੁੰਦਾ ਤਾਂ ਮੈਂ ਮੁੜ੍ਹਕੋਂ-ਮੁੜ੍ਹਕੀਂ ਹੋ ਜਾਂਦਾ ਤੇ ਮੁੜ੍ਹਕੋਂ-ਮੁੜ੍ਹਕੀਂ ਹੋਇਆ ਮੈਂ ਉਦੋਂ ਸੁਆਰ ਕੇ ਸਾਹ ਲੈਂਦਾ, ਜਦੋਂ ਹੋਸਟਲ ਤੋਂ ਕਾਫੀ ਦੂਰ ਨਿਕਲ ਗਿਆ ਹੁੰਦਾ ਤੇ ਕਿੰਨਾ ਹੀ ਚਿਰ ਮੇਰਾ ਦਿਲ ਧੱਕ-ਧੱਕ ਵੱਜਦਾ ਰਹਿੰਦਾ। ਘਰ ਵਿਚ ਹੁੰਦੀ ਸਾਡੀ ਮੰਗਣੀ ਦੀ ਚਰਚਾ ਤੇ ਗੁਰਮੀਤ ਨੂੰ ਨਾ ਵੇਖ ਸਕਣ, ਉਹਦੇ ਨਾਲ ਗੱਲ ਨਾ ਕਰ ਸਕਣ ਦਾ ਹੀ ਸੰਕਟ ਸੀ।

ਸਾਡੀ ਮੰਗਣੀ ਦਾ ਦਿਨ ਬੱਝ ਚੁੱਕਾ ਸੀ। ਪਰ ਉਹ ਸ਼ੁਭ ਦਿਹਾੜਾ ਅਜੇ ਨਹੀਂ ਸੀ ਆਇਆ ਕਿ ਸਾਨੂੰ ਪਿੰਡ ਦਿਆਂ ਮੁਜਾਰਿਆਂ ਨੂੰ, ਬੇਦਖ਼ਲੀ ਵਿਚ ਧਰ ਲਿਆ ਗਿਆ ਸੀ ਤੇ ਅੰਤ ਮੇਰੇ ਤੇ ਤਾਈ ਰਾਜੋ ਦੇ ਪਰਿਵਾਰ ਨੂੰ ਪਿੰਡ ਦੇ ਹੋਰ ਪਰਿਵਾਰਾਂ ਨਾਲ, ਆਪਣੇ ਖੇਤ, ਆਪਣੇ ਘਰ, ਇਥੋਂ ਤੱਕ ਕਿ ਆਪਣਾ ਪਿੰਡ ਵੀ ਛੱਡਣਾ ਪੈ ਗਿਆ ਸੀ।

ਰਾਤੀਂ ਬੀਰ ਸਿੰਹੁ ਨੇ ਆ ਕੇ ਦੱਸਿਆ ਹੈ ਕਿ ਸਾਡੇ ਘਰ ਦੇ ਸਾਹਮਣੇ ਵਾਲਾ ਪਿੱਪਲ, ਜਿਸਦੇ ਟਾਹਣ-ਟਾਹਣ 'ਤੇ ਕਿੰਨੀਆਂ ਹੀ ਪੁਸ਼ਤਾਂ ਤੋਂ ਪਿੰਡ ਦੀਆਂ ਕੁੜੀਆਂ ਪੀਂਘਾਂ ਝੂਟਿਆ ਕਰਦੀਆਂ  ਸਨ, ਰੁੰਡ-ਮੁੰਡ ਹੋ ਚੁੱਕਾ ਹੈ ਤੇ ਸਾਡੇ ਵੀਰਾਨੀਆਂ ਖੋਲੇ, ਲਿਔੜ ਹੋਏ ਪਏ ਹਨ। ਅੱਧ ਢੱਠੀਆਂ ਕੰਧਾਂ, ਉਜਾੜੇ ਦੀਆਂ ਕਹਾਣੀਆਂ ਕਹਿ ਰਹੀਆਂ ਹਨ।

ਸਾਡੇ ਘਰ ਦੇ ਐਨ ਸਾਹਮਣੇ ਤਾਈ ਰਾਜੋ ਦਾ ਘਰ ਹੁੰਦਾ ਸੀ। ਉਸ ਖੋਲੇ ਦੀ ਮਿੱਟੀ ਦਾ ਕਣ-ਕਣ, ਤਾਈ ਦੇ ਵੱਡੇ ਪੁੱਤ ਦੀ ਵਾਰਤਾ ਸੁਣਾਉਂਦਾ ਹੈ ਜਿਸਦੀ ਅੱਜ ਤੱਕ ਉੱਗ-ਸੁੱਗ ਨਹੀਂ ਨਿਕਲ ਸਕੀ। ਉਹ ਮੁਜ਼ਾਰਿਆਂ ਦਾ ਆਗੂ ਸੀ। ਉਹਦੇ ਹੁੰਦਿਆਂ ਮੁਜ਼ਾਰੇ ਖੇਤ ਨਹੀਂ ਸਨ ਛੱਡਦੇ। ਪਿੰਡ ਨਹੀਂ ਸਨ ਛੱਡਦੇ ਤੇ ਸਰਦਾਰ ਨੇ ਪਤਾ ਨਹੀਂ ਉਹਨੂੰ ਤੇ ਉਸਦੇ ਪੰਜ ਹੋਰ ਸਾਥੀਆਂ ਨੂੰ ਕਿੱਥੇ ਜਾ ਸੁੱਟਿਆ ਸੀ। ਛੇਵਾਂ ਬੀਰ ਸਿੰਹੁ ਵੀ ਉਨ੍ਹਾਂ ਦੇ ਨਾਲ ਸੀ, ਪਰ ਉਹ ਬਚ ਗਿਆ ਸੀ। ਉਹ ਕਿਸ ਸਬੱਬ ਨਾਲ ਬਚਿਆ ਉਹ ਆਪ ਹੈਰਾਨ ਸੀ।

ਪਿੰਡ ਛੱਡਣ ਪਿੱਛੋਂ ਬੇਬੇ ਹੁਰਾਂ ਨੇ ਦੋ ਬਲਦ ਤੇ ਦੋ ਝੋਟੀਆਂ ਕੌਡੀਆਂ ਦੇ ਭਾਅ ਵੇਚੀਆਂ ਸਨ। ਖ਼ੈਰ ਉਨ੍ਹਾਂ ਜਿਵੇਂ-ਕਿਵੇਂ ਆਪਣੇ ਰੋਟੀ-ਟੁੱਕ ਦਾ ਪ੍ਰਬੰਧ ਕੀਤਾ ਤੇ ਉਸ ਸਮੇਂ ਉਨ੍ਹਾਂ ਦੇ ਸਿਰੋਂ ਮੈਨੂੰ ਥਾਣੇਦਾਰ ਬਣਾਉਣ ਦਾ ਭੂਤ ਲਹਿ ਗਿਆ ਸੀ। ਹੁਣ ਬੇਬੇ ਨੇ ਇਹ ਸੁਪਨਾ ਕਦੇ ਨਹੀਂ ਲਿਆ। ਹੁਣ ਉਹਦੀ ਸੂਝ ਬੜੀ ਈ ਪ੍ਰਚੰਡ ਹੋਈ ਹੋਈ ਹੈ।

ਉਦੋਂ ਪੜ੍ਹਨ ਦੀ ਰੀਝ ਭਾਵੇਂ ਬੜੀ ਸੀ ਪਰ ਮਾਪਿਆਂ ਦੇ ਕਸ਼ਟਾਂ ਦਾ ਅੱਜ ਵਰਗਾ ਅਹਿਸਾਸ ਨਹੀਂ ਸੀ। ਅੱਜ ਗੁਰਮੀਤ ਵੀ ਇੰਝ ਸੋਚਦੀ ਹੈ ਕਿ ਅਸੀਂ ਪੜ੍ਹਨ ਦੀ ਜਿੱਦ ਕਰਕੇ

ਆਪਣੇ ਭੈਣਾਂ-ਭਰਾਵਾਂ ਤੇ ਮਾਪਿਆਂ ਨਾਲ ਇਨਸਾਫ਼ ਨਹੀਂ ਸੀ ਕੀਤਾ। ਭਾਵੇਂ ਪਿੱਛੋਂ ਸਾਨੂੰ ਆਪਣੀ ਪੜ੍ਹਾਈ ਵਿਚਕਾਰ ਹੀ ਛੱਡਣੀ ਪਈ ਸੀ ਤੇ ਹੁਣ ਅਸੀਂ ਛੋਟਿਆਂ ਨੂੰ ਇਨਸਾਫ ਦਿਵਾਉਣ ਦੇ ਆਹਰ ਲੱਗੇ ਹੋਏ ਹਾਂ।

ਹਾਂ, ਬੀਰ ਸਿੰਹੁ ਨੇ ਆ ਕੇ ਪਿੰਡ ਦੀਆਂ ਕਿੰਨੀਆਂ ਯਾਦਾਂ ਨੂੰ ਤਾਜ਼ਾ ਕਰ ਦਿੱਤਾ ਹੈ। ਸ਼ਾਇਦ ਯਾਦਾਂ ਦੀ ਭਟਕਣ ਵਿਚੋਂ ਹੀ ਤਾਈ ਰਾਜੋ ਨੇ ਗੁਰਮੀਤ ਨੂੰ ਆਖਿਆ ਸੀ, "ਧੀਏ ਜ਼ਿੱਦ ਛੱਡ ਹੁਣ ਤੇ ਮੈਨੂੰ ਹੱਥ ਪੀਲੇ ਕਰਨ ਦੇ। ਬਹੁਤ ਹੋ ਗਿਐ, ਮੈਥੋਂ ਹੁਣ ਭੈਣ ਤੋਂ ਲਿਆਂਦਾ ਸ਼ਗਨ ਹੋਰ ਨਹੀਂ ਸਾਂਭ ਹੁੰਦਾ।"

ਤੇ ਮੈਂ ਤਾਈ ਦੀਆਂ ਅੱਖਾਂ ਵਿਚ ਵੇਖਿਆ, ਜਿਵੇਂ ਕਹਿ ਰਹੀਆਂ ਹੋਣ, ਪਿੰਡੋਂ ਉੱਜੜੇ ਤਾਂ ਭਾਗਾਂ ਨਾਲ ਇਸ ਮਿੱਲ ਦਾ ਆਸਰਾ ਮਿਲ ਗਿਆ। ਇਥੋਂ ਉੱਜੜੇ ਤਾਂ ਪਤਾ ਨਹੀਂ ਤਾਂ ਕਿੱਥੇ ਜਾਓਗੇ? ਨਿੱਤ ਦੀਆਂ ਹੜਤਾਲਾਂ ਤੋਂ ਉਹ ਘਬਰਾਉਂਦੀ ਨਹੀਂ ਪਰ ਪਿੰਡ ਦੀਆਂ ਯਾਦਾਂ ਉਹਨੂੰ ਅਕਸਰ ਉਦਾਸ ਕਰ ਦਿੰਦੀਆਂ ਹਨ ਤੇ ਸ਼ਾਇਦ ਇਸੇ ਕਰਕੇ ਉਹ ਇਨ੍ਹਾਂ ਤੋਂ ਪਰ੍ਹੇ-ਪਰ੍ਹੇ ਰਹਿਣ ਦਾ ਯਤਨ ਕਰਦੀ ਰਹਿੰਦੀ ਹੈ।

ਪਰ ਰਾਤੀਂ, ਵੱਡੀ ਰਾਤ ਤੱਕ, ਸਾਡੇ ਨਾਲ ਬੈਠੀ, ਉਹ ਵੀ ਬੀਰ ਸਿੰਹੁ ਤੋਂ ਪਿੰਡ ਦੀਆਂ ਨਿੱਕੀਆਂ-ਨਿੱਕੀਆਂ, ਵੱਡੀਆਂ-ਵੱਡੀਆਂ ਕਹਾਣੀਆਂ ਸੁਣਦੀ ਰਹੀ ਸੀ ਤੇ ਜਦੋਂ ਅਸੀਂ ਸੌਣ ਲਈ ਉੱਠੇ ਸਾਂ, ਸਾਡੀਆਂ ਅੱਖਾਂ ਵਿਚ ਕਿੰਨੇ ਸਾਰੇ ਸੁਪਨੇ ਲਟਕ ਪਏ ਸਨ।

ਤੇ ਫਿਰ ਮੇਰੇ ਸੁਪਨੇ ਵਿਚ ਬੀਰ ਸਿੰਹੁ ਮੈਥੋਂ ਪੁੱਛ ਰਿਹਾ ਸੀ, "ਸੁਣਾ ਬਈ ਛੋਟਿਆ, ਸਾਡੀ ਮੀਤੋ ਦਾ ਕੀ ਹਾਲ ਐ? ਤੇ ਮੈਥੋਂ ਅਜੇ ਉੱਤਰ ਨਹੀਂ ਸੀ ਦੇ ਹੋਇਆ ਕਿ ਪਤਾ ਨਹੀਂ ਸਰਦਾਰ ਕਿਧਰੋਂ ਆ ਗਿਆ ਸੀ।

ਅਸੀਂ ਆਪਣੇ ਪਿੰਡ ਤੋਂ ਸੈਂਕੜੇ ਕੋਹਾਂ ਦੂਰ ਆ ਗਏ ਹਾਂ। ਪਰ ਇਹ ਬਹੁਰੂਪੀਆਂ ਸਰਦਾਰ, ਰੂਪ ਬਦਲ-ਬਦਲ ਕੇ ਸਾਡੇ ਅੱਗੇ-ਪਿੱਛੇ ਆ ਰਿਹਾ ਹੈ। ਪਿੰਡ ਉਸ ਬਾਪੂ ਹੁਰਾਂ ਦੀਆਂ ਜ਼ਮੀਆਂ ਤੇ ਕਬਜ਼ਾ ਜਮਾਇਆ। ਇੱਥੇ ਆਏ ਤਾਂ ਉਸ ਸਾਡੀਆਂ ਮਿੱਲਾਂ ਸਾਂਭ ਲਈਆਂ। ਹੋਰ ਤਾਂ ਹੋਰ ਸਾਡੇ ਸਕੂਲਾਂ 'ਤੇ ਵੀ ਉਹਦਾ ਹੀ ਕਬਜ਼ਾ ਹੈ। ਸਾਡਾ ਕੀ ਹੈ, ਜਿਸ 'ਤੇ ਉਹ ਕਾਬਜ ਨਹੀਂ ਹੈ? ਸਾਡੇ ਸੁਪਨੇ 'ਤੇ, ਸਾਡੀਆਂ ਸੁਪਨਿਆਂ ਦੀਆਂ ਕਿਆਰੀਆਂ ਤੇ, ਕਿਆਰੀਆਂ ਜਿਨ੍ਹਾਂ ਵਿਚ ਅਸੀਂ ਸੁਪਨਿਆਂ ਦੇ ਬੀਜ ਬੀਜਦੇ ਹਾਂ। ਜਿਨ੍ਹਾਂ ਵਿਚ, ਮੇਰੇ ਤੇ ਗੁਰਮੀਤ ਦੇ, ਸਾਡੇ ਸਾਰਿਆਂ ਦੇ ਸੁਪਨਿਆਂ ਦੇ ਫੁੱਲ ਖਿੜਣ ਵਾਲੇ ਹਨ।

ਸਰਦਾਰ ਕੋਰ ਇਕ ਜਾਦੂ ਹੈ, ਇਕ ਟੂਣਾ ਹੈ। ਜਿਸ ਆਸਰੇ ਧਰਤ ਆਕਾਸ਼ ਦੀ ਹਰ ਸ਼ੈਅ ਉੱਤੇ ਉਸਦਾ ਕਬਜ਼ਾ ਹੈ। ਤੇ ਇਸ ਜਾਦੂ ਨੇ, ਇਸ ਟੂਣੇ ਨੇ ਉਸਦਾ ਸਿਰ ਫੇਰ ਦਿੱਤਾ ਹੈ ਤੇ ਉਹ ਸੁਪਨਿਆਂ 'ਤੇ ਵੀ ਕਬਜ਼ਾ ਕਰਨ ਤੁਰ ਪਿਆ ਹੈ। ਉਸਵਿਚਾਰੇ ਨੂੰ ਕੌਣ ਸਮਝਾਵੇ ਕਿ ਸੁਪਨੇ ਖੇਤ ਨਹੀਂ, ਮਿੱਲਾਂ ਨਹੀਂ, ਬੈਂਕਾਂ ਨਹੀਂ ਹੁੰਦੇ, ਜਿਨ੍ਹਾਂ ਉੱਤੇ ਕੋਈ ਕਬਜ਼ਾ ਕਰ ਸਕਦਾ ਹੈ। ਵਿਚਾਰਿਆ, ਸੁਪਨੇ ਤੇ ਮਹਿਕਾਂ, ਕੋਈ ਕਦ ਭੋਰੇ ਪਾ ਸਕਿਆ ਹੈ ਤੇ ਹੁਣ ਜਦੋਂ ਅਸੀਂ ਸਾਰੇ ਬੀਰ ਸਿੰਹੁ ਦੇ ਚੇਲਿਆਂ ਤੋਂ ਉਹਦੇ ਉਸਤਾਦ ਬਣ ਚੁੱਕੇ ਹਾਂ। ●

59-ਹੀਰਾ ਸਿੰਘ ਨਗਰ, ਕੋਟਕਪੂਰਾ-121504,





# ਸੰਨ ਸੰਤਾਲੀ

## (ਹਨ੍ਹੇਰੀ ਤੋਂ ਪਹਿਲਾਂ)

**ਹਰਚਰਨ ਸਿੰਘ** (ਕਪੂਰਥਲਾ)

### ਪੰਜਵਾਂ ਅਹਿਸਾਸ

ਸ਼ਾਇਦ ਨਾਨੀ ਨਵਾਬ ਬੀਬੀ ਦੀ ਇਹ ਗੱਲ ਠੀਕ ਸੀ। ਮੇਰਾ ਤਾਂ ਬਾਲ ਵਰੇਸ ਕਰਕੇ ਅਹਿਸਾਸ ਨਗੂਣਾ ਸੀ ਅਤੇ ਮੈਂ ਇਹ ਸਾਰੀਆਂ ਘਟਨਾਵਾਂ ਨੂੰ ਇਕ ਸ਼ੁਗਲ ਹੀ ਸਮਝ ਰਿਹਾ ਸਾਂ ਪ੍ਰੰਤੂ ਸਾਡੇ ਪਿੰਡ ਦੇ ਮੁਸਲਮਾਨ ਜੋ ਸਾਰੇ ਹੀ ਦਸਤਕਾਰ (ਕੰਮੀ) ਹੀ ਸਨ ਪਿੰਡ ਵਿਚ ਆਪਣੇ ਆਪ ਨੂੰ ਅਸੁਰੱਖਿਅਤ ਹੀ ਸਮਝ ਰਹੇ ਸਨ। ਨਾਨੀ ਨੇ ਜ਼ਰੂਰ ਉਹਨਾਂ ਵਿਚ ਆਪਸੀ ਹੁੰਦੀਆਂ ਚਿਹਮਗੋਈਆਂ ਨੂੰ ਅਨੁਭਵ ਕਰਦਿਆਂ ਮੈਨੂੰ ਸੁਚੇਤ ਕੀਤਾ ਹੋਣਾ। ਇਕ ਦਿਨ ਇਹ ਖ਼ਬਰ ਪਿੰਡ ਦੇ ਹਰ ਬੰਦੇ ਦੀ ਜ਼ੁਬਾਨ 'ਤੇ ਸੀ ਕਿ ਖੈਰੂ ਮੋਚੀ ਦਾ ਮੁੰਡਾ ਤਾਜੂ (ਤਾਜ਼ਦੀਨ) ਆਪਣੇ ਪਰਿਵਾਰ ਸਮੇਤ ਪਿੰਡੋਂ ਗਾਇਬ ਹੈ ਅਤੇ ਉਹ ਬਾਹਰ ਮੁਸਲਮਾਨਾਂ ਨਾਲ ਕੋਈ ਗੋਂਦ ਗੁੰਦਣ ਚਲਾ ਗਿਆ ਹੈ। ਕੋਈ ਆਖੇ ਉਹ ਬੰਬ ਬਣਾਉਂਦਾ ਸੀ, ਕੋਈ ਕੁਝ ਤੇ ਕੋਈ ਕੁਝ, ਜਿੰਨੇ ਮੂੰਹ ਓਨੀਆਂ ਹੀ ਗੱਲਾਂ । ਪਰ ਇੱਕ ਗੱਲ ਸੱਚ ਸੀ ਕਿ ਉਹ ਸਾਡੇ ਹੁੰਦਿਆਂ ਪਿੰਡ ਨਹੀਂ ਸੀ ਪਰਤਿਆ ਅਤੇ ਸਾਡੇ ਉਜੜਨ ਤੋਂ ਬਾਅਦ ਹੀ ਪਿੰਡ ਵੜਿਆ ਹੋਵੇਗਾ। ਕੁਝ ਨੇ ਤਾਂ ਇਹ ਫਤਵਾ ਦਿੱਤਾ ਕਿ ਸਾਡੇ ਪਿੰਡੋਂ ਉਜੜਨ ਤੋਂ ਇਕ ਦਿਨ ਪਹਿਲਾਂ ਮੈਲੀ ਬੁਰਜ਼ੀ ਵਾਲਿਆਂ ਮੁਸਲਮਾਨਾਂ ਵਲੋਂ ਹੋਏ ਹਮਲੇ ਲਈ ਉਹ ਹੀ ਜ਼ਿੰਮੇਵਾਰ ਸੀ ਅਤੇ ਬਲਵਈਆਂ ਵਿਚ ਉਹ ਵੀ ਸ਼ਾਮਲ ਸੀ। ਪਹਿਲਾਂ ਤਾਂ ਤਾਜੂ ਦਾ ਇਸ ਤਰ੍ਹਾਂ ਸ਼ੱਕੀ ਹਾਲਤ ਵਿਚ ਪਿੰਡੋਂ ਨੱਸ ਜਾਣਾ ਝੂਠ ਹੀ ਲੱਗਾ ਸੀ, ਕਿਉਂ ਜੋ ਤਾਜਦੀਨ ਬਚਪਨ ਦਾ ਮੇਰੇ ਭਾਈਏ ਜੀ ਦਾ ਨਿੱਘਾ ਮਿੱਤਰ ਸੀ ਅਤੇ ਖੈਰ ਦੀਨ ਦਾ ਪੁੱਤਰ ਸੀ। ਖੈਰਦੀਨ ਮੇਰੇ ਬਾਬੇ ਦਾ ਪੱਗ ਵੱਟ ਭਰਾ ਬਣਿਆ ਹੋਇਆ ਸੀ। ਮੇਰੇ ਲਾਲਾ ਜੀ (ਬਾਬਾ ਜੀ) ਕਹਿੰਦੇ ਹੁੰਦੇ ਸਨ ਕਿ ਖੈਰਦੀਨ ਬਾਰ ਵੱਸਣ ਵੇਲੇ ਜੰਡਿਆਲਾ ਗੁਰੂ ਲਾਗਿਓਂ ਸਾਡੇ ਪੁਰਾਣੇ ਪਿੰਡੋਂ ਚੋਰ ਕੋਟ ਤੋਂ ਸਾਡੇ ਨਾਲ ਹੀ ਉੱਥੇ ਆ ਵਸਿਆ ਸੀ। ਇਸ ਕਰਕੇ ਮੈਂ ਤਾਜਦੀਨ ਨੂੰ ਚਾਚਾ ਆਖਦਾ ਹੁੰਦਾ ਸੀ। ਮੈਨੂੰ ਅੱਜ ਵੀ ਪੂਰੀ ਤਰ੍ਹਾਂ ਚੇਤੇ ਹੈ ਕਿ ਜਦੋਂ ਖੇਰੂ ਮਰਿਆ ਸੀ ਤਾਂ ਸਾਡਾ ਲਾਲਾ ਬਹੁਤ ਰੋਇਆ ਸੀ। ਆਖੇ ਖੇਰੂ ਤੂੰ ਮਰ ਗਿਆ ਏਂ ਹੁਣ ਸਾਡੀ ਜੁੱਤੀ ਕਿਸੇ ਨਹੀਂ ਸੀਣੀ। ਮੈਂ ਵੀ ਹੁਣ ਤੇਰੇ ਪਿੱਛੇ-ਪਿੱਛੇ ਜਾਣਾ ਏ। ਤੇ ਇਹ ਗੱਲ ਸੱਚ ਨਿੱਕਲੀ। ਸਾਡਾ ਲਾਲਾ ਸਾਲ ਦੇ ਵਿਚ ਤੁਰ ਗਿਆ।

ਮੈਂ ਸ਼ਾਮ ਦੇ ਸਮੇਂ ਡੰਗਰਾਂ ਲਈ ਪੈਲੀ ਵਿਚ ਪੱਠੇ ਵੱਢ ਰਿਹਾ ਸਾਂ ਕਿ ਕੋਲੇ ਪੀਣ ਵਾਲੀ ਹਵੇਲੀ ਜਿਸ ਦੀ ਬਾਹਰ ਵਾਲੀ ਕੰਧ ਨਾਲ ਛਮਿਟੀਆਂ (ਕਪਾਹ ਦੇ ਸੁੱਕੇ ਹੋਏ ਬੂਟੇ ਜੋ ਬਾਲਣ ਲਈ ਵਰਤੇ ਜਾਂਦੇ ਸਨ) ਦੇ ਥੱਲੇ ਇਕ ਬਹੁਤ ਭਿਆਨਕ ਧਮਾਕਾ ਹੋਇਆ। ਜਿਸ ਨਾਲ ਕੰਧ ਡਿੱਗ ਪਈ ਘੱਟੇ ਦਾ ਗੋਲਾ ਛਮਿਟੀਆਂ ਸਣੇ ਆਸਮਾਨ ਵੱਲ ਉੱਡਿਆ ਮੈਂ ਦੌੜ ਕੇ ਉੱਥੇ ਪਹੁੰਚਿਆ। ਮੇਰੇ ਨਾਲ ਹੀ ਪਿੰਡ ਵਿਚੋਂ ਹੋਰ ਵੀ ਕਈ ਸਾਰੇ ਲੋਕ ਉੱਥੇ ਆ ਪਹੁੰਚੇ। ਉੱਥੇ ਛਮਿਟੀਆਂ ਥੱਲੇ ਭੋਂ ਵਿਚ ਬੰਬ ਬਣਾ ਕੇ ਦੱਬੇ ਗਏ ਜਾਪਦੇ ਸਨ। ਕਿਉਂ ਜੋ ਉੱਥੇ ਛਮਿਟੀਆਂ

ਦਾ ਬਹੁਤ ਵੱਡਾ ਢੇਰ ਤਾਂ ਚਾਰ-ਚੁਫੇਰੇ ਖਿਲਰਿਆ ਹੋਇਆ ਸੀ ਅਤੇ ਜਿੱਥੋਂ ਇਹ ਧਮਾਕਾ ਹੋਇਆ ਸੀ ਉਥੇ ਵਾਹਵਾ ਡੂੰਘਾ ਇਕ ਟੋਇਆ ਪੈ ਗਿਆ ਸੀ। ਲੋਕਾਂ ਨੇ ਛਮਿਟੀਆਂ ਹੱਥੋਂ ਹੱਥ ਚੁੱਕ ਕੇ ਟੋਇਆ ਲੁਕੋ ਦਿੱਤਾ ਅਤੇ ਆਖਿਆ ਕਿ ਤਾਏ ਨੇਕਾ ਸਿੰਘ ਦੀ ਹਵੇਲੀ ਦੀ ਕੰਧ ਡਿੱਗ ਪਈ ਹੈ। ਇਸ ਕਰਕੇ ਇਹ ਘੱਟਾ ਮਿੱਟੀ ਉੱਡੀ ਹੈ। ਪ੍ਰੰਤੂ ਮੈਂ ਇਹ ਸਭ ਕੁਝ ਅੱਖੀਂ ਵੇਖਿਆ ਸੀ ਇਸ ਲਈ ਇਹ ਝੂਠ ਮੇਰੇ ਅੰਦਰ ਨਹੀਂ ਸੀ ਵੜਦਾ। ਪੱਠੇ ਲੈ ਕੇ ਜਦੋਂ ਮੈਂ ਘਰ ਆ ਕੇ ਸਾਰੀ ਗੱਲ ਭਾਬੀ ਨੂੰ ਦੱਸੀ ਤਾਂ ਭਾਬੀ ਨੇ ਮੈਨੂੰ ਝਿੜਕਦੇ ਨਸੀਹਤ ਕੀਤੀ ਕਿ ਝੱਲਿਆ ਪੁੱਤ ਜੋ ਲੋਕ ਦੱਸਦੇ ਹਨ ਉਹ ਹੀ ਸੱਚ ਮਨ ਲੈਣ ਵਿਚ ਭਲਾ ਹੁੰਦਾ ਹੈ। ਪਰ ਮੈਨੂੰ ਜਾਪ ਰਿਹਾ ਸੀ ਕਿ ਭਾਬੀ ਵੀ ਮੈਨੂੰ ਝੂਠ ਬੋਲਣ ਦੀ ਸਿੱਖਿਆ ਦੇ ਰਹੀ ਹੈ। ਹੁਣ ਇਕ ਗੱਲ ਮੈਂ ਕਈਆਂ ਦੇ ਮੂੰਹੋਂ ਸੁਣੀ ਸੀ ਕਿ ਸਾਡੇ ਪਿੰਡ ਜ਼ਰੂਰ ਮਿਲਟਰੀ ਪਵੇਗੀ ਭਾਵੇਂ ਇਸ ਤਰ੍ਹਾਂ ਦੀ ਅਫਵਾਹਾਂ ਤਾਂ ਉਸ ਦਿਨ ਤੋਂ ਹੀ ਉੱਡ ਰਹੀਆਂ ਸਨ ਜਿਸ ਦਿਨ ਤੋਂ ਤਾਜੂ ਮੋਚੀ ਪਿੰਡੋਂ ਨੱਸਿਆ ਸੀ। ਲੋਕੀਂ ਗੱਲਾਂ ਕਰਦੇ ਸਨ ਕਿ ਮਿਲਟਰੀ ਆ ਕੇ ਪਿੰਡ ਨੂੰ ਚਾਰ ਚੁਫੇਰਿਓਂ ਘੇਰ ਲੈਂਦੀ ਹੈ ਅਤੇ ਘਰ-ਘਰ ਦੀ ਬਹੁਤ ਕਰੜੀ ਤਲਾਸ਼ੀ ਲੈਂਦੀ ਹੈ ਅਤੇ ਜੇ ਕਿਸੇ ਘਰੋਂ ਕੋਈ ਹਥਿਆਰ ਮਿਲ ਜਾਵੇ ਤਾਂ ਸਾਰੇ ਹੀ ਘਰ ਦੇ ਬੰਦੇ ਬੁੱਢੀਆਂ ਨੂੰ ਨੂੜ ਕੇ ਲੈ ਜਾਂਦੀ ਹੈ। ਪਿੰਡ ਦੇ ਗੱਭਰੂਆਂ ਤੇ ਤਾਂ ਮਿਲਟਰੀ ਵਿਸ਼ੇਸ਼ ਕਰਕੇ ਕਹਿਰਵਾਨ ਹੁੰਦੀ ਹੈ।

ਮੇਰੀ ਘਰੋਂ ਗੈਰ ਹਾਜ਼ਰੀ ਵਿਚ ਰਾਇਫਲ ਗੈਬ ਕਰ ਦਿੱਤੀ ਗਈ ਸੀ ਭਾਵੇਂ ਮੈਂ ਉਸਦਾ ਬਿਲਕੁਲ ਕਿਸੇ ਨਾਲ ਵੀ ਡਰਦਿਆਂ ਕੋਈ ਜ਼ਿਕਰ ਨਹੀਂ ਸੀ ਕੀਤਾ ਪ੍ਰੰਤੂ ਇੱਕ ਦਿਨ ਜਦੋਂ ਘਰ ਕੋਈ ਵੀ ਨਹੀਂ ਸੀ ਤਾਂ ਮੈਂ ਸੰਦੂਕ ਪਿਛੋਂ ਰਾਇਫਲ ਕੱਢ ਕੇ ਉਸ ਵਿਚ ਕਾਬਲੀ ਛੋਲਿਆਂ ਦੇ ਦਾਣੇ ਪਾ ਕੇ ਘੋੜਾ ਨੱਪ ਕੇ ਚਲਾ ਕੇ ਵੇਖ ਰਿਹਾ ਸਾਂ ਕਿ ਉਪਰੋਂ ਭਾਬੀ ਆ ਗਈ ਅਤੇ ਉਸਨੇ ਘੁਟਵੇਂ ਢੰਗ ਨਾਲ ਹੀ ਮੇਰੀ ਬੜੀ ਕੁੱਤੇ ਖਾਣੀ ਕੀਤੀ। ਸ਼ਾਇਦ ਇਸੇ ਕਰਕੇ ਤਾਂ ਮਿਲਟਰੀ ਦੇ ਛਾਪੇ ਦੇ ਡਰੋਂ ਰਾਇਫਲ ਸੰਦੂਕ ਪਿੱਛੇ ਗਾਇਬ ਸੀ। ਜਿੱਥੇ ਉਹ ਲੁਕਾਈ ਗਈ ਸੀ ਮੇਰੀ ਖੋਜੀ ਅੱਖਾਂ ਤੋਂ ਬਚ ਨਾ ਸਕੀ। ਉਹ ਘਰੋਂ ਬਜ਼ਾਰ ਜਾਂਦੇ ਘਰ ਦੇ ਗੰਦੇ-ਮੰਦੇ ਪਾਣੀ ਵਾਲੀ ਨਾਲੀ ਦੇ ਥੱਲੇ ਦੱਬੀ ਗਈ ਸੀ। ਜਿਸ ਨੂੰ ਮੈਂ ਸੱਜਰੀ ਪੁੱਟੀ ਹੋਈ ਮਿੱਟੀ ਵੇਖ ਕੇ ਕਿਆਫ਼ਾ ਲਾ ਲਿਆ ਸੀ। ਜੋ ਬਾਅਦ ਵਿਚ ਮੁਸਲਮਾਨਾਂ ਵਲੋਂ ਕੀਤੇ ਹਮਲੇ ਵੇਲੇ ਪੁੱਟੀ ਗਈ ਸੀ। ਹਥਿਆਰ ਮਿਸਤਰੀ ਬਿਸ਼ਨ ਸਿੰਘ ਦੀ ਦੁਕਾਨ ਤੇ ਰਾਤ ਦਿਨ ਬਣੀ ਜਾ ਰਹੇ ਸਨ ਪਤਾ ਨਹੀਂ ਕਿਸੇ ਕਾਰਖਾਨਿਉਂ ਗਿੱਠ ਤੋਂ ਵੱਧ ਚੌੜੇ ਅਤੇ ਪੰਜ ਫੁੱਟ ਲੰਮੇ ਸਟੀਲ ਦੇ ਬਲੇਡ ਲਿਆਂਦੇ ਗਏ ਸਨ ਅਤੇ ਹਰ ਇਕ ਵਿਚ ਦੋ-ਦੋ ਕਿਰਪਾਨਾਂ ਟੈਂਕ ਦੇ ਲੋਹੇ ਦੀਆਂ ਛੈਣੀਆਂ ਨਾਲ ਕੱਟ ਕੇ ਬਣਾਈਆਂ ਜਾ ਰਹੀਆਂ ਸਨ। ਬਾਬਾ ਭਾਨ ਸਿੰਘ ਤਰਖਾਣ ਰਾਤ-ਦਿਨ ਉਹਦੀਆਂ ਮੁੱਠਾਂ ਅਤੇ ਮਿਆਨ ਬਣਾ ਰਿਹਾ ਸੀ ਅਤੇ 5 ਰੁਪਏ ਦੀਆਂ ਵੇਚੀਆਂ ਵੀ ਜਾ ਰਹੀਆਂ ਸਨ। ਇਹਨਾਂ ਤੋਂ ਬਿਨਾਂ ਰੇਲ ਦੀ ਕਮਾਨੀ ਦੇ ਬਰਛੇ, ਨੇਜ਼ੇ, ਬਲਮਾਂ ਟਕੂਏ ਸਫਾ ਜੰਗ ਵੀ ਧੜਾ-ਧੜ ਬਣ ਰਹੇ ਸਨ। ਮੈਂ ਕਈ ਵਾਰ ਘੰਟਿਆਂ ਬੱਧੀ ਭੱਠੀ ਦਾ ਪੱਖਾ ਗੇੜ ਕੇ ਆਨੰਦ ਮਾਣਦਾ ਰਹਿੰਦਾ ਸਾਂ।

ਹੁਣ ਮੈਨੂੰ ਵੀ ਕੁਝ-ਕੁਝ ਡਰ ਲੱਗਣ ਲੱਗ ਪਿਆ ਸੀ। ਮੁਸਲਮਾਨਾਂ ਤੋਂ ਨਹੀਂ ਕਿਉਂਕਿ ਜੋ ਚੜ੍ਹਦੇ ਵੱਲ ਮਜੋਰਾਂ ਵਾਲੇ ਪਾਸੇ ਮੁਸਲਮਾਨ ਜਾਂਗਲੀਆਂ ਦਾ ਪਿੰਡ ਸੀ। ਉਹ ਸਾਰੇ ਸਾਡੇ



ਪਿਓ-ਬਾਬਿਆਂ ਦੇ ਬੜੇ ਮਿੱਤਰ ਤੇ ਮਿਲਾਪੜੇ ਸਨ। ਪਿੰਡ ਦਾ ਨੰਬਰਦਾਰ ਨਵਾਬੂ (ਨਵਾਬ ਖਾਂ) ਮੇਰੇ ਜਮਾਤੀ ਦਾ ਪਿਓ ਸੀ। ਉਧਰੋਂ ਕੋਈ ਡਰਨ ਦਾ ਸ਼ੱਕ ਵੀ ਨਹੀਂ ਸੀ ਕੀਤਾ ਜਾ ਸਕਦਾ ਅਤੇ ਇਹ ਅਹਿਸਾਸ ਉਜਾੜੇ ਵੇਲੇ ਵੀ ਸੱਚ ਹੀ ਨਿਕਲਿਆ। ਕਿਉਂਕਿ ਪਿੰਡੋਂ ਨਿਕਲ ਕੇ ਅਸਾਂ ਮਜੋਰਾਂਵਾਲੀ ਲਾਗਿਓਂ ਦੀ ਹੀ ਅੱਗੇ ਕੈਂਪ ਨੂੰ ਚਾਲੇ ਪਾਏ ਸਨ।

ਮੈਲੀ ਬੁਰਜੀ ਸਾਥੋਂ ਚਾਰ ਪੰਜ ਕੋਹ ਦੀ ਵਿੱਥ 'ਤੇ ਸੀ ਤੇ ਵਿਚਕਾਰ ਕਈ ਹੋਰ ਸਿੱਖਾਂ ਦੇ ਪਿੰਡ ਸਨ ਜੋ ਲਹਿੰਦੇ ਤੋਂ ਵੀ ਕੋਈ ਡਰ ਨਹੀਂ ਸੀ। ਕੜਕਣ ਵਾਗੇ ਮੁਸਲਮਾਨ ਸਰਦਾਰਾਂ ਦੇ ਪਿੰਡ ਤੋਂ ਸ਼ੱਕ ਕਰਨਾ ਵੀ ਸ਼ਾਇਦ ਪਾਪ ਸੀ। ਉਥੋਂ ਦਾ ਵਾਗਾ ਜ਼ੈਲਦਾਰ ਸਾਡੇ ਬਾਬੇ ਜ਼ੈਲਦਾਰ ਦਾ ਧਰਮ ਦਾ ਪੱਗ ਵੱਟ ਭਰਾ ਸੀ ਅਤੇ ਚਿੱਤੇ ਪਹਿਰ ਉਸਦਾ ਸਾਡੇ ਪਿੰਡ ਅਤੇ ਪਰਿਵਾਰ ਨਾਲ ਮੇਲ-ਗੇਲ ਸੀ। ਡਰ ਸੀ ਤਾਂ ਮਿਲਟਰੀ ਦਾ। ਕਿਉਂ ਜੋ ਜੇ ਕੋਈ ਉਹਨਾਂ ਦੇ ਕਾਬੂ ਆ ਗਿਆ ਉਸਦਾ ਮੁੜਕੇ ਸਾਬਤ ਵਾਪਸ ਆਉਣਾ ਔਖਾ ਸੀ। ਇਸ ਲਈ ਮੈਂ ਵੀ ਡਰਨ ਲੱਗ ਪਿਆ ਸਾਂ।

ਇਕ ਦਿਨ ਰਾਤ ਨੂੰ ਗੁਰਬਚਨ ਸਾਬ੍ਹ ਜੋ ਮਿਲਟਰੀ ਵਿਚੋਂ ਕਪਤਾਨ ਦੀ ਪੈਨਸ਼ਨ ਆਇਆ ਹੋਇਆ ਸੀ ਸਾਡੇ ਪਿੰਡ ਰਾਤ ਨੂੰ ਆਪਣੇ ਮਿੱਤਰ ਬਾਪੂ ਜ਼ੈਲਦਾਰ ਦੇ ਪਰਿਵਾਰ ਨੂੰ ਮਿਲਣ ਅਤੇ ਆਪਣੇ ਨਾਲ ਲੈ ਜਾਣ ਦੀ ਸਲਾਹ ਬਣਾ ਕੇ ਕਾਰ ਤੇ ਆਇਆ ਸੀ। ਬਾਪੂ ਜ਼ੈਲਦਾਰ ਤਾਂ ਉਹਨੀਂ ਦਿਨੀਂ ਸਿੰਧ ਜ਼ਮੀਨ ਲੈ ਕੇ ਉੱਥੇ ਹੀ ਰਹਿੰਦਾ ਸੀ। ਸ਼ਾਇਦ ਸਾਹਿਬ ਨੂੰ ਇਹ ਸਭ ਪਤਾ ਸੀ ਅਤੇ ਇਸੇ ਕਰਕੇ ਉਹ ਦਾਦੀ ਜ਼ੈਲਦਾਰਨੀ ਅਤੇ ਭੂਆ ਪ੍ਰੀਤੀ ਨੂੰ ਨਾਲ ਲੈ ਜਾਣ ਲਈ ਆਇਆ ਸੀ। ਰਾਤ ਵੇਲੇ ਕਾਰ ਦੀ ਆਵਾਜ਼ ਸੁਣ ਕੇ ਸਾਰੇ ਪਿੰਡ ਵਾਸੀਆਂ ਨੇ ਸਮਝਿਆ ਕਿ ਮਿਲਟਰੀ ਆਣ ਪਈ ਹੈ ਅਤੇ ਪਿੰਡ ਘੇਰਿਆ ਜਾਣਾ ਹੈ। ਸਭ ਬੁੱਢੇ, ਜਵਾਨ, ਮੁੰਡੇ ਬਾਹਰ ਖੇਤਾਂ ਨੂੰ ਭੱਜ ਤੁਰੇ ਅਤੇ ਚਰ੍ਹੀਆਂ ਕਮਾਦਾਂ ਵਿਚ ਜਾ ਲੁਕੇ। ਪ੍ਰੰਤੂ ਕੁਝ ਚਿਰ ਪਿਛੋਂ ਜਦੋਂ ਦਾਦੀ ਨੇ ਇਹ ਕਹਿ ਕੇ ਜਾਣੋਂ ਨਾਂਹ ਕਰ ਦਿੱਤੀ ਕਿ ਭਾਵੇਂ ਜ਼ੈਲਦਾਰ ਸਾਹਿਬ ਇਥੇ ਨਹੀਂ ਹਨ ਪਰ ਉਹਨਾਂ ਦੇ ਸਾਰੇ ਭਰਾ ਭਤੀਜੇ ਇੱਥੇ ਹੀ ਹਨ। ਮੈਂ ਉਹਨਾਂ ਦੇ ਨਾਲ ਹੀ ਜੀਣਾ-ਮਰਨਾ ਹੈ ਤਾਂ ਸਾਬ੍ਹ ਫਿਰ ਵਾਪਸ ਮੁੜ ਗਿਆ ਅਤੇ ਇਸ ਪਿਛੋਂ ਭਾਜੜਾਂ ਵਾਪਸ ਪਿੰਡ ਨੂੰ ਪਰਤ ਆਈਆਂ। ਮੈਂ ਵੀ ਕਮਾਦ ਵਿਚੋਂ ਪੱਛ ਲੜਾ ਕੇ ਸਭ ਤੋਂ ਪਿੱਛੋਂ ਘਰ ਪਰਤਿਆ ਸਾਂ। ਅੱਗ ਬਾਲਣ ਵਾਲੀ ਡੱਬੀ (ਮਾਚਿਸ) ਦੀਆਂ ਤੀਲਾਂ ਅੱਗੋਂ ਚਾਕੂ ਨਾਲ ਮਸਾਲਾ ਖੁਰਚ-ਖੁਰਚ ਕੇ ਮੈਂ ਇਕ ਗਰਾਮੋਂ ਫੋਨ (ਤਵਿਆ ਵਾਲਾ ਵਾਜਾ) ਦੀ ਸੂਈਆਂ ਵਾਲੀ ਇੱਕ ਖਾਲੀ ਡੱਬੀ ਮਸਾਲੇ ਨਾਲ ਭਰੀ ਹੋਈ ਘਰ ਆਪਣੇ ਕਿਤਾਬਾਂ ਵਾਲੇ ਟਰੰਕ ਵਿਚ ਲੁਕਾ ਕੇ ਰੱਖੀ ਹੋਈ ਸੀ। ਮੈਨੂੰ ਤਲਾਸ਼ੀ ਵੇਲੇ ਇਸ ਦੇ ਫੜੇ ਜਾਣ ਦਾ ਪੂਰਾ ਅਨੁਮਾਨ ਸੀ। ਇਹ ਡਰ ਮੈਨੂੰ ਵੱਢ-ਵੱਢ ਖਾਂਦਾ ਅਤੇ ਘੇਰਾਂ ਪਾਉਂਦਾ ਰਿਹਾ ਸੀ। ਇਹ ਮਸਾਲਾ ਮੈਂ ਬੰਬ ਬਣਾਉਣ ਲਈ ਮੇਰੇ ਬਾਲ ਮਨ ਦੀ ਖੋਜ ਸੀ। ਵਿਉਂਤ ਇਹ ਸੀ ਕਿ ਕੁਝ ਹੋਰ ਮਸਾਲਾ ਇਕੱਠਾ ਕਰਕੇ ਇਕ ਵੱਡੇ ਡੱਬੇ ਵਿਚ ਪਾ ਕੇ ਅਤੇ ਉਸ ਵਿਚ ਪਲੀਤੇ ਲਈ ਇੱਕ ਛੋਟੀ ਮੋਰੀ ਕਰਕੇ, ਪਲੀਤਾ ਪਾ ਕੇ ਡੱਬੇ ਦੇ ਚਾਰ ਚੁਫੇਰੇ ਲੋਹੇ ਕੱਚ ਦੀਆਂ ਕੰਕਰਾਂ ਪਾ ਕੇ ਉਸਨੂੰ ਉਪਰੋਂ ਸੇਬਿਆਂ ਨਾਲ ਘੁੱਟ ਕੇ ਲਪੇਟਣਾ ਅਤੇ ਲੋੜ ਪੈਣ ਤੇ ਪਲੀਤੇ ਨੂੰ ਅੱਗ ਲਾ ਕੇ ਸੁੱਟ ਦੇਣਾ। ਇਹ ਸੀ ਮੇਰੀ ਬੰਬ ਬਣਾਉਣ ਦੀ ਵਿਉਂਤ। ਪ੍ਰੰਤੂ ਇਹ ਸਾਰਾ ਕੰਮ ਲੋੜੀਂਦੇ ਮੇਚ ਦਾ ਡੱਬਾ ਨਾ

ਮਿਲਣ ਤੇ ਰੁਕਿਆ ਪਿਆ ਸੀ। ਮਿਲਟਰੀ ਦੇ ਛਾਪਿਆਂ ਦੀਆਂ ਚਲ ਰਹੀਆਂ ਅਫਵਾਹਾਂ ਕਰਕੇ ਅਤੇ ਰਾਤ ਦੇ ਕਾਰ ਵਾਲੇ ਵਾਕਿਆ ਨੇ ਮੇਰਾ ਦਿਲ ਹੀ ਨਹੀਂ ਸੀ ਡਰਾਇਆ ਸਗੋਂ ਮੇਰੀ ਬੰਬ ਬਣਾਉਣ ਦੀ ਵਿਉਂਤ ਤੇ ਵੀ ਪਾਣੀ ਫੇਰ ਦਿੱਤਾ ਸੀ। ਅਗਲੇ ਦਿਨ ਸ਼ਾਮ ਨੂੰ ਜਦੋਂ ਭਾਬੀ ਨੇ ਦਾਲ ਬਣਾ ਕੇ ਤੌੜੀ ਭੜੋਲੀਓ ਬਾਹਰ ਰੱਖੀ ਤਾਂ ਮੈਂ ਵੇਲਾ ਤਾੜ ਮਸਾਲੇ ਵਾਲੀ ਡੱਬੀ ਭੜੋਲੀ ਵਿਚ ਸੁੱਟ ਕੇ ਘਰੋਂ ਦੌੜ ਗਿਆ। ਮੇਰੇ ਬਾਹਰ ਵਾਲਾ ਬੂਹਾ ਨਿਕਲਿਆ ਹੀ ਜ਼ੋਰ ਦਾ ਪਟਾਕਾ ਪਿਆ ਜਿਸ ਨਾਲ ਭੜੋਲੀ ਢਹਿ ਗਈ ਅਤੇ ਦਾਲ ਵਾਲੀ ਤੌੜੀ ਟੁੱਟ ਗਈ। ਮੈਂ ਰਾਤ ਹਨੇਰ ਹੋਏ ਡਰਦਾ-ਡਰਦਾ ਘਰ ਵੜਿਆ। ਮੈਨੂੰ ਪੂਰਾ ਵਿਸ਼ਵਾਸ ਸੀ ਕਿ ਮੇਰੀ ਘਰ ਵੜਦਿਆਂ ਹੀ ਛਿੱਲ ਲੱਥੇਗੀ ਪ੍ਰੰਤੂ ਭਾਬੀ ਜਾਂ ਹੋਰ ਕਿਸੇ ਨੂੰ ਮੇਰੇ ਤੇ ਸ਼ੱਕ ਨਹੀਂ ਸੀ। ਉਹਨਾਂ ਦਾ ਇਹ ਖ਼ਿਆਲ ਸੀ ਕਿ ਮੈਂ ਤਾਂ ਘਰ ਹੀ ਨਹੀਂ ਸਾਂ ਅਤੇ ਪਤਾ ਨਹੀਂ ਇਹ ਕੀ ਹੋਇਆ ਸੀ। ਸਾਡੀ ਭਾਬੀ ਕਈ ਵਾਰ ਛੋਟੀਆਂ-ਮੋਟੀਆਂ ਘਟਨਾਵਾਂ ਦਾ ਸ਼ੱਕ ਮਾਂ (ਦਾਦੀ) 'ਤੇ ਹੀ ਕਰ ਲੈਂਦੀ ਸੀ। ਇਹ ਸਾਰੀ ਘਟਨਾ ਮਿੱਟੀ ਘੱਟੇ ਹੀ ਰੁੱਲ ਗਈ ਅਤੇ ਕਾਫ਼ਲੇ ਵਿਚ ਆਉਂਦਿਆਂ ਮੇਰੇ ਦੱਸਣ ਤੇ ਟੱਬਰ ਨੂੰ ਪਤਾ ਲੱਗਾ ਕਿ ਇਹ ਸਾਰੀ ਕਰਤੂਤ ਮੇਰੀ ਹੀ ਸੀ।

**<u>ਠੀਕਰੀ ਪਹਿਰਾ</u>** :- ਵਾਤਾਵਰਨ ਹੁਣ ਦਿਨੋਂ-ਦਿਨ ਡਰਾਉਣਾ ਹੁੰਦਾ ਜਾ ਰਿਹਾ ਸੀ। ਕੋਈ ਵੀ ਕਿਸੇ ਪਾਸਿਓਂ ਅਵੇਸਲਾ ਨਹੀਂ ਸੀ। ਆਪਣੀ ਅਤੇ ਪਿੰਡ ਦੀ ਰਾਖੀ ਦੇ ਹਰ ਤਰ੍ਹਾਂ ਦੇ ਰੱਸੇ ਪੈੜੇ ਵੱਟੇ ਜਾ ਰਹੇ ਸਨ। ਮਿਲਟਰੀ ਦੇ ਡਰ ਤੋਂ ਬਚਣ ਲਈ ਭਾਈਆ ਜੀ ਦੀ ਸਕੀਮ ਤੇ ਅਮਲ ਹੋਇਆ। ਸਾਡੇ ਖੇਤਾਂ ਵਿਚ ਤਿੰਨਾਂ - ਚੌਹਾਂ ਜਵਾਨਾਂ ਨਾਲ ਸਲਾਹ ਕਰਦਿਆਂ ਉਹਨਾਂ ਰਾਏ ਦਿੱਤੀ ਕਿ ਸਾਨੂੰ ਮਿਲਟਰੀ ਨੂੰ ਰੋਕਣ ਲਈ ਰੱਖ ਬਰਾਂਚ ਨਹਿਰ ਜਿਸ ਦਾ ਸਾਡੇ ਪਿੰਡ ਦੇ ਖੇਤਾਂ ਨੂੰ ਪਾਣੀ ਲੱਗਦਾ ਸੀ। ਸਰਕਾਰੀ ਪੱਟੜੀ ਅਤੇ ਸੜਕ ਵਾਲੇ ਪਾਸਿਓਂ 'ਵੱਡੀਆਂ ਥੇਥੀਆਂ' ਦੇ ਉਪਰੋਂ ਤੋੜ ਦਿੱਤੀ ਜਾਵੇ ਜਿਸ ਨਾਲ ਸਾਰੇ ਇਲਾਕੇ ਵਿਚ ਜਿੱਲਣ ਹੋ ਜਾਵੇਗੀ ਅਤੇ ਮਿਲਟਰੀ ਦਾ ਖ਼ਤਰਾ ਟਲ ਜਾਵੇਗਾ। ਉਸੇ ਰਾਤ ਨਹਿਰ ਟੁੱਟ ਗਈ ਅਤੇ 'ਥੇਥੀਆਂ' ਅਤੇ ਅਗਲੀ ਨਹਿਰ ਸ਼ਾਹਕੋਟ ਬਰਾਂਚ ਤੱਕ ਦੇ ਸਾਰੇ ਇਲਾਕੇ ਵਿਚ ਜਲ-ਥਲ ਹੋ ਗਿਆ। ਸ਼ਾਮੀਂ ਜਾ ਕੇ ਕਿਤੇ ਪਿਛੋਂ ਨਹਿਰ ਬੰਦ ਹੋਈ। ਦੂਜਾ ਵਿਚਾਰ ਠੀਕਰੀ ਗੱਭਰੂ ਪਹਿਰੇ ਦਾ ਸੀ। ਮੈਂ ਚੌਂਕੀਦਾਰ ਵਾਲਾ ਪਹਿਰਾ ਤਾਂ ਸੁਣਿਆ ਸੀ। ਪ੍ਰੰਤੂ ਠੀਕਰੀ ਪਹਿਰਾ ਪਹਿਲੀ ਵਾਰ ਹੀ ਸੁਣਿਆ ਸੀ। ਇਸ ਰਾਹੀਂ ਸਾਰੇ ਪਿੰਡ ਦੇ ਗੱਭਰੂ, ਅੱਧਖੜ ਅਤੇ ਮੁੰਡਿਆਂ ਨੂੰ ਟੋਲੀਆਂ ਵਿਚ ਵੰਡ ਕੇ ਪਿੰਡ ਦੇ ਚਾਰ ਚੁਫੇਰੇ ਡਾਂਗਾਂ ਸੋਟਿਆਂ, ਕਿਰਪਾਨਾਂ ਬਰਛਿਆਂ ਅਤੇ ਹੋਰ ਜੋ ਵੀ ਹਥਿਆਰ ਹੋਵੇ ਲੈ ਕੇ ਸਾਰੀ ਰਾਤ ਥੋੜ੍ਹੀ-ਥੋੜ੍ਹੀ ਦੂਰ ਤੁਰ ਫਿਰ ਕੇ ਟੋਲੀਆਂ ਵਿਚ ਚੁੱਪ-ਚੁਪੀਤੇ ਪਹਿਰਾ ਦੇਣਾ ਹੁੰਦਾ ਹੈ। ਪਹਿਰਾ ਸ਼ੁਰੂ ਹੋ ਗਿਆ। ਭਾਈਆ ਜੀ ਪੂਰੀ ਫੌਜੀਆਂ ਵਾਲੀ ਵਰਦੀ ਪਾ ਕੇ ਦੋ ਹੋਰ ਜਵਾਨਾਂ ਨੂੰ ਨਾਲ ਲੈ ਕੇ ਅਤੇ ਨਾਲ ਉਹ ਖਰਾਬ ਅਤੇ ਘਟੀਆ ਜਿਹੀ ਰਾਇਫਲ ਲੈ ਕੇ ਅਤੇ ਬਾਬੇ ਜ਼ੈਲਦਾਰ ਦੀ ਘੋੜੀ 'ਤੇ ਚੜ੍ਹ ਕੇ ਸਾਰੀ ਰਾਤ ਪਿੰਡ ਦੇ ਚੱਕਰ ਲਾਉਂਦੇ ਰਹਿੰਦੇ ਸਨ। ਮੈਂ ਵੀ ਘਰਦਿਆਂ ਤੋਂ ਚੋਰੀ ਇੱਕ ਪੂਰੀ ਰਾਤ ਪਹਿਰਾ ਦਿੱਤਾ ਸੀ। ਪਿੰਡ ਦੀ ਰਾਖੀ ਲਈ ਇਹ ਇਕ ਬਹੁਤ ਹੀ ਵਧੀਆ ਵਿਉਂਤਬੰਦੀ ਸੀ। ਇਕ ਦੋ ਦਿਨਾਂ ਪਿਛੋਂ ਲਾਗਲੇ ਸਾਰੇ ਹੀ ਪਿੰਡਾਂ ਵਿਚ ਇਹ ਠੀਕਰੀ ਪਹਿਰਾ ਸ਼ੁਰੂ ਹੋ ਗਿਆ। ਇਸਦੇ ਨਾਲ ਇਕ ਜਵਾਨ ਮੁੰਡੇ ਨੂੰ ਗੁਰਦਵਾਰੇ ਰੱਖੇ ਨਗਾਰੇ ਕੋਲ ਬਿਠਾ ਦਿੱਤਾ ਗਿਆ ਤਾਂ ਜੋ ਉਹ ਲੋੜ



ਵੇਲੇ ਨਗਾਰਾ ਵਜਾ ਕੇ ਖ਼ਤਰੇ ਤੋਂ ਲੋਕਾਂ ਅਤੇ ਨਾਲ ਦੇ ਪਿੰਡਾਂ ਨੂੰ ਸੁਚੇਤ ਕਰ ਦੇਵੇ। ਠੀਕਰੀ ਪਹਿਲੇ ਨਾਲ ਇਕ ਦਿਲ ਕੰਬਾਊ ਘਟਨਾ ਵੀ ਜੁੜੀ ਹੋਈ ਹੈ।

ਚਾਚਾ ਇੰਦਰ ਸਿੰਘ ਜੋ ਤੀਜੀ ਚੌਥੀ ਪੀੜੀਓਂ ਮੇਰਾ ਚਾਚਾ ਲੱਗਦਾ ਸੀ ਇਕ ਹੋਰ ਪਿੰਡ ਦੇ ਗੱਭਰੂ ਨੂੰ ਨਾਲ ਲੈ ਕੇ ਲਾਇਲਪੁਰ ਵਲੋਂ ਰਾਇਫਲ ਮੁੱਲ ਲੈ ਕੇ ਇਕ ਰਾਤ ਨੂੰ ਪਿੰਡ ਵਾਪਸ ਆ ਰਹੇ ਸਨ ਕਿ ਪਿੰਡ 'ਭਲੇਰਾਂ' ਦੇ ਲਾਗੇ ਬੰਨੇ ਜਦੋਂ ਉਹ ਸ਼ਾਹਕੋਟ ਬ੍ਰਾਂਚ ਦੇ ਪੁਲ ਤੋਂ ਨਹਿਰ ਲੰਘਣ ਲੱਗੇ ਤਾਂ ਨਹਿਰ ਦੇ ਪੁਲ ਦੇ ਅਗਲੇ ਪਾਸੇ ਮੁਸਲਮਾਨਾਂ ਦੇ ਪਿੰਡ ਦੇ ਜਵਾਨ ਮੁੰਡੇ ਪੁਲ ਤੇ ਪਹਿਰਾ ਦਿੰਦਿਆਂ ਨੂੰ ਵੇਖ ਉਹ ਪਿੱਛੇ ਮੁੜ ਗਏ ਅਤੇ ਦੂਰੋਂ ਜਾ ਕੇ ਵੱਗਦੀ ਨਹਿਰ ਵਿਚੋਂ ਦੀ ਲੰਘ ਕੇ ਪਾਰ ਕਰਨ ਦੀ ਵਿਉਂਤ ਬਣਾਈ ਅਤੇ ਵੱਗਦੀ ਨਹਿਰ ਵਿਚੋਂ ਠਿੱਲ ਪਏ। ਨਹਿਰ ਲੰਘਦਿਆਂ ਉਹਨਾਂ ਨੂੰ ਘੇਰਾ ਪੈ ਗਿਆ। ਰਾਇਫਲ ਗੋਲੀ ਸਿੱਕੇ ਸਣੇ ਉਹਨਾਂ ਵੱਗਦੀ ਨਹਿਰ ਵਿਚ ਹੀ ਸੁੱਟ ਦਿੱਤੀ। ਕਿਉਂ ਜੋ ਗੋਲੀ ਚਲਾ ਕੇ ਉਥੋਂ ਨਿਕਲਣਾ ਅਸੰਭਵ ਸੀ। ਪਹਿਰੇ ਵਾਲਿਆਂ ਉਹਨਾਂ ਨੂੰ ਕਾਬੂ ਕਰ ਲਿਆ ਅਤੇ ਉਹ ਉਹਨਾਂ ਦੇ ਹੱਥ ਉਹਨਾਂ ਦੀਆਂ ਪੱਗਾਂ ਨਾਲ ਪਿੱਛੇ ਬੰਨ੍ਹਕੇ ਸ਼ਿਕਾਰ ਨੂੰ ਪਿੰਡ ਨੂੰ ਲੈ ਤੁਰੇ। ਚਾਚਿਆਂ ਦੇ ਦੱਸਣ ਅਨੁਸਾਰ ਸਾਰਾ ਪਿੰਡ ਉਨ੍ਹਾਂ ਦੇ ਦੁਆਲੇ ਇਕੱਠਾ ਹੋ ਗਿਆ। ਕੁਝ ਗਭਰੇਟਿਆਂ ਲੱਕੜਾਂ ਇਕੱਠੀਆਂ ਕਰਕੇ ਚੌਕ ਵਿਚ ਹੀ ਮੜੀ ਬਣਾ ਦਿੱਤੀ ਅਤੇ ਦੋਵਾਂ ਨੂੰ ਉੱਪਰ ਬਿਠਾਲ ਪੁੱਛ-ਗਿੱਛ ਸ਼ੁਰੂ ਕਰ ਦਿੱਤੀ। ਉਹ ਪੁਲ ਤੋਂ ਕਿਉਂ ਨਾ ਲੰਘੇ? ਉਹ ਨਹਿਰ ਦੇ ਠੰਡੇ ਅਤੇ ਤੇਜ਼ ਪਾਣੀ ਵਿਚੋਂ ਕਿਉਂ ਲੰਘੇ? ਉਹ ਕਿੱਥੋਂ ਆਏ ਅਤੇ ਅੱਧੀ ਰਾਤ ਕਿੱਥੇ ਜਾ ਰਹੇ ਸਨ? ਉਹਨਾਂ ਦਾ ਕਿਹੜਾ ਪਿੰਡ ਹੈ ਆਦਿ। ਚਾਚਿਆਂ ਦੱਸਿਆ ਕਿ ਉਹਨਾਂ ਨੂੰ ਰਾਇਫਲ ਦਾ ਕੋਈ ਸ਼ੱਕ ਵੀ ਨਾ ਹੋਇਆ। ਕੁਝ ਕਹਿਣ ਤੁਸੀਂ ਮੁਸਲਮਾਨ ਬਣ ਜਾਓ ਨਹੀਂ ਤਾਂ ਕਾਫਰੋ ਤੁਹਾਨੂੰ ਜੀਂਦਿਆਂ ਨੂੰ ਸਾੜ ਦੇਣਾ ਹੈ। ਇਹ ਡਰਾਮਾ ਲਗਭਗ ਦੋ ਘੰਟੇ ਚੱਲਦਾ ਰਿਹਾ। ਕਈ ਗੱਭਰੂ ਤਾਂ ਜੀਂਦਿਆਂ ਨੂੰ ਸਾੜ ਦੇਣ ਲਈ ਬੜੇ ਕਾਹਲੇ ਸਨ ਅਤੇ ਵਾਰ-ਵਾਰ ਕਹਿ ਰਹੇ ਸਨ ਕਿ ਇਹਨਾਂ ਕਾਫਰਾਂ ਦਾ ਅਸਲੀ ਥਾਂ ਜਹੱਨਮ ਹੈ। ਇਹਨਾਂ ਨੂੰ ਜਹੱਨਮ ਰਸੀਦਾ ਕਰਕੇ ਸਵਾਬ ਖੱਟੋ। ਪ੍ਰੰਤੂ ਕਈ ਬੁੱਢੇ ਵਾਰ-ਵਾਰ ਜਵਾਨਾਂ ਨੂੰ ਇਹ ਮੱਤ ਦੇ ਰਹੇ ਸਨ ਕਿ ਮੁੰਡਿਓ ਇਹ ਵਹਿਸ਼ੀ ਕੰਮ ਬਿਲਕੁਲ ਨਹੀਂ ਕਰਨਾ। ਇਹ ਆਪਣੇ ਧੀਆਂ ਪੁੱਤਰਾਂ ਵਰਗੇ ਹਨ। ਇਹ ਪੁਲ ਦੇ ਪਹਿਰੇ ਅਤੇ ਭਰਾਮਾਰੂ ਮਾਹੌਲ ਤੋਂ ਡਰਦਿਆਂ ਨਹਿਰ ਪਾਰ ਕਰਨ ਲਈ ਮਜ਼ਬੂਰ ਸਨ। ਜਾਣ ਦਿਓ ਇਹਨਾਂ ਨੂੰ। ਜੇ ਬਹੁਤਾ ਹੀ ਕੁਝ ਕਰਨ ਹੈ ਤਾਂ ਸਾਂਗਲੇ ਥਾਣੇ ਦੇ ਹਵਾਲੇ ਕਰ ਆਓ। ਏਸੇ ਹੀ ਰਾਮ ਰੌਲੇ ਵਿਚ ਇੱਕ ਬੀਬੀ ਦਾੜੀ ਵਾਲਾ ਬੁੱਢਾ ਮੁਸਲਮਾਨ ਜਿਸਨੂੰ ਹੁਣੇ ਹੀ ਘਰੋਂ ਸੱਦਕੇ ਲਿਆਂਦਾ ਗਿਆ ਸੀ ਨੇ ਆਉਂਦਿਆਂ ਪੁੱਛਿਆ ਕਿ ਇਹ ਕਿਹੜਾ ਪਿੰਡ ਦੱਸਦੇ ਹਨ? ਹੁਣ ਬਜ਼ੁਰਗ ਨੇ ਆਪ ਪੁੱਛ-ਗਿੱਛ ਸ਼ੁਰੂ ਕੀਤੀ। ਅਸੀਂ ਜਿਉਂਦੇ ਮੜੀ 'ਤੇ ਬੈਠੇ ਹੁਣ ਤੱਕ ਲਾਸ਼ ਹੀ ਬਣ ਗਏ ਸਾਂ। ਸਾਡੇ ਮੂੰਹੋਂ ਕੋਈ ਗੱਲ ਨਹੀਂ ਨਿਕਲ ਰਹੀ ਸੀ। ਮੌਤ ਨੇ ਸਾਨੂੰ ਜਕੜਿਆ ਹੋਇਆ ਸੀ। ਕਈ ਵਾਰ ਪੁੱਛਣ ਤੇ ਚਾਚੇ ਇੰਦਰ ਸਿੰਘ ਨੇ ਦੱਸਿਆ ਕਿ ਅਸੀਂ 'ਫਾਹੀਵਾਲੇ' ਤੋਂ ਜ਼ੈਲਦਾਰ ਮਹਿੰਗਾ ਸਿੰਘ ਦੇ ਭਤੀਜੇ ਹਾਂ। ਜਥੇਦਾਰ ਸਰਦੂਲ ਸਿੰਘ ਦੇ ਵੀ ਭਤੀਜੇ ਹਾਂ। ਬਜ਼ੁਰਗ ਨੇ ਕੰਨਾਂ ਨੂੰ ਹੱਥ ਲਾਏ ਅਤੇ ਆਖਿਆ ਉਹ ਕਮਲਿਓ ਇਹ ਤਾਂ ਜ਼ੁਲਮ ਹੋ ਚੱਲਿਆ ਸੀ। ਇਹ ਤਾਂ ਆਪਣੇ ਮਿੱਤਰਾਂ ਦੇ ਪੁੱਤ ਭਤੀਜੇ ਹਨ ਇਹ ਕੀ ਕਹਿਰ

ਵਰਤ ਚੱਲਿਆ ਸੀ? ਬਜ਼ੁਰਗ ਨੇ ਪਹਿਲਾਂ ਇੱਕ ਗੱਭਰੂ ਨੂੰ ਡਾਢੀ ਫਟਕਾਰ ਪਾਈ ਜੋ ਅੱਗ ਲਾਉਣ ਲਈ ਤੀਲਾਂ ਦੀ ਡੱਬੀ ਲਈ ਫਿਰਦਾ ਸੀ ਅਤੇ ਘੜੀ ਮੁੜੀ ਇਹੋ ਹੀ ਰੌਲਾ ਪਾਈ ਜਾਂਦਾ ਸੀ ਕਿ ਅੱਗ ਲਾਓ ਅਤੇ ਪਰਾਂ ਕਾਫਰਾਂ ਦਾ ਸਿਆਪਾ ਵੱਢੋ। ਫਿਰ ਉਹਨੇ ਇੱਕ ਗੱਭਰੂ ਨੂੰ ਆਖ ਸਾਡੇ ਹੱਥ ਪੈਰ ਖੁਲ੍ਹਵਾਏ ਅਤੇ ਸਾਨੂੰ ਮੜੀ ਤੋਂ ਥੱਲੇ ਲਾਹਿਆ। ਅਸੀਂ ਦੋਵੇਂ ਅੱਧਮੋਏ ਸਾਂ, ਸਾਥੋਂ ਖੜਾ ਨਹੀਂ ਹੋਇਆ ਜਾ ਰਿਹਾ ਸੀ। ਧਰਤੀ ਭੰਬੀਰੀ ਵਾਂਗ ਘੁੰਮਦੀ ਜਾਪਦੀ ਸੀ। ਸਾਡੀ ਸੋਚਣੀ ਸਾਨੂੰ ਜਵਾਬ ਦੇ ਚੁੱਕੀ ਸੀ ਅਤੇ ਕੁਝ ਵੀ ਪਤਾ ਨਹੀਂ ਲੱਗ ਰਿਹਾ ਸੀ ਕਿ ਕੌਣ ਕੀ ਕਹਿ ਰਿਹਾ ਹੈ। ਕੁਝ ਚਿਰ ਪਿਛੋਂ ਸਾਡੀ ਸੁਰਤ ਪਰਤਣੀ ਸ਼ੁਰੂ ਹੋਈ। ਸਾਰਾ ਪਿੰਡ ਉਸੇ ਤਰ੍ਹਾਂ ਹੀ ਘੇਰਾ ਘੱਤੀ ਖੜਾ ਸੀ ਪਰ ਹੁਣ ਲੋਕ ਠਰੰਮੇ ਵਿਚ ਸਨ। ਸ਼ੋਰਸ਼ਿਨੀਆਂ ਗੱਲ ਬੰਦ ਹੋ ਗਈ ਸੀ। ਬਜ਼ੁਰਗ ਨੇ ਦੁੱਧ ਗਰਮ ਕਰਵਾ ਕੇ ਮੰਗਵਾ ਕੇ ਸਾਨੂੰ ਪੀਣ ਲਈ ਦਿੱਤਾ। ਪ੍ਰੰਤੂ ਦੁੱਧ ਤਾਂ ਅਜੇ ਵੀ ਸਾਡੇ ਅੰਦਰ ਜਾਣੋ ਇਨਕਾਰੀ ਸੀ। ਹੁਣ ਸਾਡੀਆਂ ਅੱਖਾਂ ਵੀ ਪਰਲ-ਪਰਲ ਵਗ ਤੁਰੀਆਂ ਸਨ। ਔਖਿਆਂ ਸੁਖਾਲਿਆਂ ਅਸਾਂ ਦੁੱਧ ਸੰਘੋਂ ਲੰਘਾਇਆ। ਹੁਣ ਬਜ਼ੁਰਗ ਨੇ ਦੋ ਘੋੜੀਆਂ ਮੰਗਵਾ ਕੇ ਦੋ ਮੁੰਡਿਆਂ ਨੂੰ ਆਖਿਆ ਕਿ ਇਹਨਾਂ ਨੂੰ ਇਹਨਾਂ ਦੇ ਪਿੰਡ ਦੇ ਲਾਗੇ ਛੱਡ ਆਓ ਨਹੀਂ ਤਾਂ ਫਿਰ ਕਿਤੇ ਘੇਰੇ ਜਾਣਗੇ। ਮੁੰਡਿਆਂ ਬਰਛੇ ਹੱਥੀਂ ਲੈ ਸਾਨੂੰ ਘੋੜੀਆਂ ਮੰਗਵਾ ਕੇ ਦੋ ਮੁੰਡਿਆਂ ਨੂੰ ਆਖਿਆ ਕਿ ਇਹਨਾਂ ਨੂੰ ਇਹਨਾਂ ਦੇ ਪਿੰਡ ਛੱਡ ਆਓ ਨਹੀਂ ਤਾਂ ਇਹ ਫਿਰ ਕਿਤੇ ਘੇਰੇ ਜਾਣਗੇ। ਮੁੰਡਿਆਂ ਬਰਛੇ ਹੱਥੀਂ ਲੈ ਸਾਨੂੰ ਘੋੜੀਆਂ ਦੇ ਪਿੱਛੇ ਬਿਠਾਲ ਪਿੰਡ ਲਾਗੇ ਛੱਡ ਕੇ ਆਪ ਵਾਪਸ ਮੁੜ ਗਏ। ਚਾਚੇ ਜਦੋਂ ਦੱਸ ਰਹੇ ਸਨ ਤਾਂ ਉਹਨਾਂ ਦੇ ਆਲੇ-ਦੁਆਲੇ ਵੀ ਪਿੰਡ ਦਾ ਚੰਗਾ ਤੱਗੜਾ ਇਕੱਠ ਸੀ। ਉਹਨਾਂ ਨਾਲ ਸਾਰਿਆਂ ਦੀਆਂ ਹੀ ਅੱਖਾਂ ਗਿੱਲੀਆਂ ਸਨ। ਕਈ ਵਾਰ-ਵਾਰ ਵਾਹਿਗੁਰੂ ਵਾਹਿਗੁਰੂ ਆਖਦੇ। ਕਈ ਬਜ਼ੁਰਗ ਮੁਸਲਮਾਨ ਜਿਸਦੀ ਦਖਲਅੰਦਾਜ਼ੀ ਤੇ ਛੁਟਕਾਰਾ ਹੋਇਆ ਸੀ ਦਾ ਦਿਆਲੂ ਹੋਣ ਦਾ ਧੰਨਵਾਦ ਕਰ ਰਹੇ ਸਨ ਅਤੇ ਆਖ ਰਹੇ ਸਨ ਕਿ ਅਜੇ ਮੁਸਲਮਾਨਾਂ ਵਿਚ ਵੀ ਮਨੁੱਖਤਾ ਹੈ। ਇਹ ਧਰਤੀ ਐਵੇਂ ਨਹੀਂ ਖੜੀ। ਅਜੇ ਵੀ ਰਹਿਮ ਦਯਾ ਧਰਤੀ ਤੋਂ ਮੋਏ ਨਹੀਂ। ਕੱਛਾਂਵਾਲਿਆਂ ਦਾ ਪਾਲੂ ਵਿਚੋਂ ਹੀ ਬੋਲ ਪਿਆ। "ਜੇ ਪੁੱਤ ਸਾਡੇ ਵੀ ਕਿਤੇ ਟੇਟੇ ਚੜ੍ਹ ਗਏ ਤਾਂ ਅਸੀਂ ਵੀ ਪੂਰਾ-ਪੂਰਾ ਦਾਖੂਦਾਨਾ ਦੇਵਾਂਗੇ। ਵੇਖਣਾ ਅਸਾਂ ਵੀ ਹਰਾਮੀਆਂ ਨੂੰ ਜਿਉਂਦਿਆਂ ਕਬਰ ਵਿਚ ਨਾ ਦੱਬਿਆ ਤਾਂ ਨਾਂ ਵਟਾ ਦੇਣਾ।" ਪਾਲੂ ਦੀ ਇਹ ਗੱਲ ਲੋਕਾਂ ਨੂੰ ਚੰਗੀ ਨਾ ਲੱਗੀ। ਅਤੇ ਕਈਆਂ ਨੇ ਉਸਨੂੰ ਝਾੜ ਪਾ ਕੇ ਉਥੋਂ ਨਸਾ ਦਿੱਤਾ। ਮੈਨੂੰ ਪਾਲੂ ਦੀ ਗੱਲ ਬੜੀ ਚੰਗੀ ਲੱਗੀ ਸੀ। ਉਸਨੂੰ ਐਵੇਂ ਹੀ ਝਿੜਕਿਆ ਗਿਆ ਸੀ। ਇਹ ਸਾਰੀ ਗੱਲ ਮੈਂ ਆ ਕੇ ਆਪਣੀ ਭਾਬੀ ਅਤੇ ਮਾਂ ਨੂੰ ਦੱਸੀ ਸੀ।

**ਬੇਅੰਤ ਮੀਂਹ** :- ਉਂਝ ਤਾਂ ਸੌਣ ਭਾਦਰੋਂ ਬਰਸਾਤ ਦਾ ਮੌਸਮ ਮੰਨਿਆ ਜਾਂਦਾ ਹੈ ਅਤੇ ਇਹ ਵੀ ਆਮ ਸਮਝ ਬਣੀ ਹੋਈ ਹੈ ਕਿ ਸੌਣ ਦੇ ਸੌ ਮੀਂਹ ਅਤੇ ਭਾਦਰੋਂ ਦੇ ਤਿੰਨ-ਚਾਰ ਮੀਹਾਂ ਦੀ ਤੀਬਰਤਾ ਬਰਾਬਰ ਹੀ ਹੁੰਦੀ ਹੈ। ਕਿਉਂ ਜੋ ਸੌਣ ਮਹੀਨੇ ਕਾਲੀ ਘਟਾ ਆਈ ਮੀਂਹ ਪਿਆ ਅਤੇ ਝੱਟ ਪਿਛੋਂ ਅਸਮਾਨ ਫਿਰ ਸਾਫ਼ ਅਤੇ ਇਹ ਹਰ ਦਿਨ ਜਾਂ ਇਕ ਦੋ ਦਿਨ ਛੱਡ ਕੇ ਸੌਣ ਮਹੀਨੇ ਵਾਰ-ਵਾਰ ਵਾਪਰਦਾ ਰਹਿੰਦਾ ਹੈ। ਸੌਣ ਦੀਆਂ ਬਰਸਾਤਾਂ ਦੀ ਇਕ ਹੋਰ ਵੀ ਵਿਸ਼ੇਸ਼ਤਾ ਹੁੰਦੀ ਹੈ ਕਿ ਇਹ ਕੰਧ ਨਾਲ ਕੰਧ ਅਤੇ ਬੰਨੇ ਨਾਲ ਬੰਨਾ ਛੱਡ ਜਾਂਦਾ ਹੈ। ਪ੍ਰੰਤੂ ਭਾਦੋਂ ਦੀ



ਲੱਗੀ ਝੜੀ ਤਾਂ ਕਈ-ਕਈ ਦਿਨ ਸੂਰਜ ਦੇਵਤਾ ਦੇ ਦਰਸ਼ਨ ਹੀ ਦੁਰਲੱਭ ਕਰਵਾ ਦਿੰਦੀ ਹੈ ਅਤੇ ਨਾਲ ਹੀ ਰੁਕ-ਰੁਕ ਕੇ ਜਾਂ ਲਗਾਤਾਰ ਬਾਰਸ਼ ਹੁੰਦੀ ਹੀ ਰਹਿੰਦੀ ਹੈ। ਇਹਨਾਂ ਬਾਰਸ਼ਾਂ ਨੂੰ ਤੇ ਕਿਸਾਨਾਂ ਵਲੋਂ ਜੀ ਆਇਆ ਹੀ ਕਿਹਾ ਜਾਂਦਾ ਹੈ ਭਾਵੇਂ ਲਗਾਤਾਰ ਬਾਰਸ਼ ਸਾਰੇ ਸਮਾਜੀ ਜੀਵਨ ਲਈ ਕਈ ਪ੍ਰਕਾਰ ਦੀਆਂ ਔਕੜਾਂ ਵੀ ਲੈ ਕੇ ਆਉਂਦੀ ਹੈ। ਪ੍ਰੰਤੂ 1947 ਦੇ ਸੌਣ ਦਾ ਮੀਂਹ ਤਾਂ ਬੇਭਰੋਸਗੀ, ਚਿੰਤਾਵਾਂ, ਅਸੁਰੱਖਿਆ ਭੈ ਦੇ ਵਰਤਮਾਨ ਮਾਹੌਲ ਵਿਚ ਹੋਰ ਮਣਾ ਮੂੰਹ ਔਕੜਾਂ ਲੈ ਕੇ ਆਇਆ ਸੀ। ਇਹ ਮੀਂਹ ਸਾਡੇ ਪਿੰਡ ਦੇ ਲਾਗੇ ਬੰਨੇ ਦੇ ਇਲਾਕੇ ਵਿਚ ਲਗਾਤਾਰ ਪੰਜ ਦਿਨ ਬਿਨਾਂ ਰੁਕੇ ਪੈਂਦਾ ਰਿਹਾ। ਸਾਡੇ ਪਿੰਡ ਜਿਸ ਵਿਚ ਪੰਜਾਂ ਸੱਤਾਂ ਪੱਕਿਆਂ ਨੂੰ ਛੱਡ ਕੇ ਬਾਕੀ ਸਾਰੇ ਘਰ ਕੱਚੇ ਹੀ ਸਨ, ਵੱਡੀ ਪੱਧਰ ਤੇ ਨੁਕਸਾਨੇ ਗਏ ਸਨ। ਕਿਸੇ ਦਾ ਕੌਲਾ ਡਿੱਗ ਪਿਆ। ਕਿਸੇ ਦੀ ਛੱਤ ਦਾ ਇਕ ਅੱਧ ਪੱਖਾ, ਕਿਸੇ ਦੇ ਬਨੇਰੇ, ਕਿਸੇ ਦੀਆਂ ਕੰਧਾਂ ਡਿੱਗ ਪਈਆਂ ਸਨ। ਸਾਡੇ ਘਰ ਦੀ ਵੀ ਬਾਹਰ ਵਾਲੀ ਕੰਧ ਡਿੱਗ ਪਈ ਸੀ ਅਤੇ ਹੋਰ ਸਾਰੇ ਹੀ ਕੋਠੇ ਤਰਿੱਪ-ਤਰਿੱਪ ਚੋਣ ਲੱਗ ਪਏ ਸਨ।

ਮਾਲ ਡੰਗਰ ਦਾ ਵੀ ਬੁਰਾ ਹਾਲ ਸੀ। ਉਹਨੀਂ ਦਿਨੀਂ ਡੰਗਰ ਗਰਮੀਆਂ ਵਿਚ ਰੁੱਖਾਂ ਦੀ ਛਾਵੇਂ ਅਤੇ ਸਰਦੀਆਂ ਵਿਚ ਅੰਦਰੀ ਜਾਂ ਢਾਰਿਆਂ ਵਿਚ ਬੰਨ੍ਹੇ ਜਾਂਦੇ ਸਨ। ਅੰਦਰੀਂ ਵੀ ਬਹੁਤ ਲੋਕੀਂ ਆਪਣੇ ਵਸੋਂ ਵਾਲੇ ਅੰਦਰਾਂ ਵਿਚ ਹੀ ਇਕ ਪਾਸੇ ਆਪ ਸੌਂਦੇ ਸਨ ਅਤੇ ਦੂਸਰੇ ਪਾਸੇ ਡੰਗਰ ਨੂੰ ਠੰਡ ਤੋਂ ਬਚਾਉਣ ਲਈ ਬੰਨ੍ਹ ਦਿੰਦੇ ਸਨ। ਸੋ ਮਾਲ ਵੱਛੇ ਲਈ ਵੱਖਰਾ ਪ੍ਰਬੰਧ ਨਾ ਹੋਣ ਕਰਕੇ ਲਗਾਤਾਰ ਬਾਹਰ ਵਰ੍ਹਦੇ ਮੀਂਹ ਵਿਚ ਹੀ ਰਹਿਣ ਕਰਕੇ ਪੱਠੇ ਵਲੋਂ ਵੀ ਭੁੱਖਿਆਂ ਅਤੇ ਵੇਲੇ-ਕੁਵੇਲੇ ਮਿਲਣ ਕਰਕੇ ਬਹੁਤ ਡੰਗਰ ਬਿਮਾਰ ਹੋ ਗਏ ਸਨ ਜਾਂ ਮਰ ਗਏ ਸਨ। ਕਮਾਦ ਨੂੰ ਛੱਡ ਹੋਰ ਸਾਰੀਆਂ ਫਸਲਾਂ ਦਾ ਮੰਦਾ ਹਾਲ ਸੀ। ਜਨਸਮੂਹ ਗਲ-ਗਲ ਤੱਕ ਔਕੜਾਂ ਵਿਚ ਧੱਸੀ ਜਾ ਰਿਹਾ ਸੀ। ਸਾਡੇ ਪਿੰਡੋਂ ਬਾਹਰ ਵਾਰ ਕੋਈ ਮੁਰੱਬੇ ਦੀ ਵਿੱਥ ਤੇ ਬੇਅਬਾਦ ਇੱਕ ਕਿੱਲੇ ਦੇ ਲਗਭਗ ਚੌੜੀ ਇੱਕ ਲੰਮੀ ਭੌਂ ਦੀ ਪੱਟੀ ਉੱਤਰ ਤੋਂ ਦੱਖਣ ਤੱਕ ਖਾਲੀ ਛੱਡੀ ਹੋਈ ਸੀ। ਜਿਸ ਵਿਚੋਂ ਬੀਬੀਆਂ ਪੋਚੇ ਲਈ ਚੀਕਣੀ ਮਿੱਟੀ ਲਿਆਉਂਦੀਆਂ ਹੁੰਦੀਆਂ ਸਨ ਅਤੇ ਜਿੱਥੇ ਵਿਚ-ਵਿਚ ਕਰੀਰ ਅਤੇ ਮਲਿਆਂ ਦੀਆਂ ਝਾੜੀਆਂ ਦੇ ਬੂੰਡ ਸਨ। ਅਸੀਂ ਕਈ ਵਾਰ ਉੱਥੇ ਸਹਿਆ (ਖਰਗੋਸ਼) ਦਾ ਸ਼ਿਕਾਰ ਖੇਡਣ ਜਾਂ ਮਲਿਆਂ ਵਿਚੋਂ ਮਾਖਿਓਂ ਲੱਭਣ ਜਾਂਦੇ ਹੁੰਦੇ ਸਾਂ। ਇਸ ਪੱਟੀ ਨੂੰ ਨਾਲੀ ਆਖਿਆ ਜਾਂਦਾ ਸੀ। ਮੈਨੂੰ ਨਾਲੀ ਨਾਂ ਦੀ ਕੋਈ ਸਮਝ ਨਹੀਂ ਸੀ ਪੈਂਦੀ। ਮੇਰੇ ਮਨ ਨੇ ਹਰ ਵਾਰ ਆਖਣਾ ਕਿ ਇਸ ਦਾ ਨਾਂ ਨਾਲੀ ਕਿਉਂ ਹੈ। ਮੈਂ ਕਈ ਮਿੱਤਰਾਂ ਕੋਲੋਂ ਵੀ ਪੁੱਛਣਾ ਪਰ ਉਹਨਾਂ ਨੂੰ ਵੀ ਮੇਰੇ ਜਿੰਨੀ ਹੀ ਸਮਝ ਸੀ ਅਤੇ ਉਹ ਵੀ ਇਸਦਾ ਕੋਈ ਉੱਤਰ ਨਹੀਂ ਸੀ ਦਿੰਦੇ। ਇਸਦਾ ਪਤਾ ਉਦੋਂ ਲੱਗਾ ਜਦੋਂ ਮੀਹਾਂ ਤੋਂ ਪਿੱਛੋਂ ਇਸ ਵਿਚ ਪਾਣੀ ਵੱਗਣ ਲੱਗ ਪਿਆ ਅਤੇ ਇਸਨੇ ਨਾਲੇ ਦੀ ਸ਼ਕਲ ਧਾਰਨ ਕਰ ਲਈ। ਮੇਰੀ ਹੋਸ਼ ਸੰਭਾਲਣ ਪਿਛੋਂ ਮੈਂ ਇਹ ਨਾਲੀ ਕਦੇ ਵੀ ਵੱਗਦੀ ਨਹੀਂ ਸੀ ਦੇਖੀ। ਸਗੋਂ ਹੋਰ ਵੀ ਵਡੇਰੀ ਉਮਰ ਵਾਲੇ ਵੀ ਇਹੋ ਹੀ ਕਹਿੰਦੇ ਸਨ ਕਿ ਉਹ ਪਿਛਲੇ 50-60 ਵਰ੍ਹਿਆਂ ਤੋਂ ਜਦੋਂ ਦੀ ਇਹ ਬਾਰ ਵੱਸੀ ਸੀ ਉਹਨਾਂ ਕਦੇ ਵੀ ਨਾਲੀ ਵਿਚ ਪਾਣੀ ਵਗਦਾ ਨਹੀਂ ਸੀ ਦੇਖਿਆ। ਇਸ ਨਾਲੀ ਦਾ ਪਾਣੀ ਬਾਹਰ ਦੋ-ਦੋ ਤਿੰਨ-ਤਿੰਨ ਕਿੱਲੇ ਤੀਕ ਰਿਸਦਾ ਰਿਹਾ ਸੀ ਅਤੇ ਭੌਂ ਰੇਤਲੀ ਹੋਣ ਕਰਕੇ ਉੱਥੇ ਜਿਲ੍ਹਣ ਬਣ ਗਈ ਸੀ। ਜਿਸ ਵ੍ਹਿਚ ਸਾਡੇ ਪਿੰਡੋਂ ਉਜੜਨ ਵੇਲੇ

ਲੰਘਦਿਆਂ ਗੱਡੇ ਅਤੇ ਹੋਰ ਮਾਲ ਡੰਗਰ ਇਸ ਜਿਲ੍ਹਣ ਵਿਚ ਹੀ ਖੁਭ ਗਿਆ ਸੀ। ਇਹ ਵੀ ਉਜਾੜੇ ਸਮੇਂ ਇੱਕ ਵੱਡੀ ਘਾਟਕ ਘਟਨਾ ਹੋ ਨਿਬੜੀ ਸੀ।

**ਸ਼ੇਖੂਪੁਰੇ ਗੋਲੀ ਚੱਲਣ ਦਾ ਸਾਕਾ** :- ਇਹ ਤਾਂ ਮੈਨੂੰ ਪਤਾ ਨਹੀਂ ਕਿ ਸ਼ੇਖੂਪੁਰੇ ਗੋਲੀ ਕਿਉਂ ਚੱਲੀ? ਸੁਣਿਆ ਤੇ ਇਸ ਤਰ੍ਹਾਂ ਸੀ ਕਿ ਜਦੋਂ ਹੁਣ ਪਿੰਡਾਂ ਵਿਚ ਵੀ ਹਾਲਤ ਵਿਸਫੋਟਕ ਹੁੰਦੀ ਜਾ ਰਹੀ ਸੀ। ਪਰ ਸ਼ਹਿਰਾਂ ਦੀ ਵਸੋਂ ਤਾਂ ਜਿਵੇਂ ਬਾਰੂਦ ਦੇ ਢੇਰ ਤੇ ਹੀ ਬੈਠੀ ਪ੍ਰਤੀਤ ਹੋ ਰਹੀ ਸੀ। ਹਿੰਦੂ, ਸਿੱਖ, ਮੁਸਲਮਾਨਾਂ ਉੱਤੇ ਬਿਲਕੁਲ ਮਾੜਾ ਜਿੰਨਾ ਵੀ ਵਿਸ਼ਵਾਸ ਨਹੀਂ ਸੀ ਕਰਦੇ ਅਤੇ ਇਸੇ ਤਰ੍ਹਾਂ ਹੀ ਮੁਸਲਮਾਨ ਇਹਨਾਂ ਦੋਵਾਂ ਫਿਰਕਿਆਂ ਨੂੰ ਮੈਲੀ ਅੱਖ ਨਾਲ ਵੇਖਦੇ ਸਨ। ਇਹ ਸ਼ਾਇਦ ਲਾਹੌਰ ਜੋ ਉਥੋਂ ਮੁਸ਼ਕਿਲ ਨਾਲ 20, 25 ਕੋਹ ਸੀ, ਵਿਚ ਹੋ ਰਹੇ ਦੰਗਿਆਂ ਅਤੇ ਸਾੜ ਫੂਕ ਦਾ ਹੀ ਲੜੀ ਵਜੋਂ ਸੋਚੀ ਸਮਝੀ ਸਾਜਿਸ਼ ਦਾ ਹਿੱਸਾ ਸੀ ਜਾਂ ਫਿਰ 14 ਅਗਸਤ ਦੇ ਪਾਕਿਸਤਾਨ ਬਣਨ ਦੇ ਐਲਾਨ ਕਰਕੇ ਅਤੇ ਮਾਸਟਰ ਤਾਰਾ ਸਿੰਘ ਵਲੋਂ ਅਸੈਂਬਲੀ ਹਾਲ ਲਾਹੌਰ ਤੋਂ ਪਾਕਿਸਤਾਨ ਦੇ ਵੱਢੇ ਗਏ ਝੰਡੇ ਦਾ ਪ੍ਰਤੀਕਰਮ ਸੀ। ਸ਼ੇਖੂਪੁਰੇ ਜ਼ਬਰਦਸਤ ਗੋਲੀ ਚੱਲੀ। ਹਿੰਦੂਆਂ ਸਿੱਖਾਂ ਨੂੰ ਘਰੋਂ ਕੱਢ ਕੇ ਕੋਹ-ਕੋਹ ਮਾਰਿਆ ਗਿਆ। ਧੀਆਂ ਭੈਣਾਂ ਨੂੰ ਉਧਾਲਿਆ ਗਿਆ ਅਤੇ ਬੇਇੱਜ਼ਤ ਕੀਤਾ ਗਿਆ। ਬੇਪਰਦ ਕਰਕੇ ਬਜ਼ਾਰਾਂ ਵਿਚ ਘੁੰਮਾਇਆ ਗਿਆ। ਇਹ ਵਹਿਸ਼ੀ ਕੁਕਰਮ ਕਈ ਦਿਨ ਚੱਲਦਾ ਰਿਹਾ। ਅੰਤ ਪ੍ਰਸ਼ਾਸਨ ਅਤੇ ਮਿਲਟਰੀ ਦੀ ਦਖ਼ਲ ਅੰਦਾਜ਼ੀ ਨਾਲ ਇਸਨੂੰ ਠੱਲ੍ਹ ਪਈ ਅਤੇ ਹਿੰਦੂਆਂ ਸਿੱਖਾਂ ਨੂੰ ਇਕ ਨਵੇਕਲੇ ਥਾਂ ਕੈਂਪ ਬਣਾ ਕੇ ਰੱਖਿਆ ਗਿਆ। ਜੋ ਬਾਅਦ ਵਿਚ ਰੇਲਗੱਡੀ ਰਾਹੀਂ ਹਿੰਦੁਸਤਾਨ ਪੁੱਜੇ। ਇਹ ਵੀ ਸੁਣਨ ਵਿਚ ਆਇਆ ਸੀ ਕਿ ਸ਼ੇਖੂਪੁਰੇ ਦੇ ਦੰਗਿਆਂ ਵਿਚ ਹਜ਼ਾਰਾਂ ਹੀ ਹਿੰਦੂ ਸਿੱਖ ਕਤਲ ਕੀਤੇ ਗਏ ਸਨ। ਵੱਡੀ ਪੱਧਰ ਤੇ ਹਿੰਦੂਆਂ ਸਿੱਖਾਂ ਦੇ ਘਰ ਫੂਕੇ ਗਏ ਸਨ ਅਤੇ ਅਨੇਕਾਂ ਨੂੰ ਜਿਉਂਦਿਆਂ ਹੀ ਸਾੜ ਦਿੱਤਾ ਗਿਆ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਕਤਲੇਆਮ ਮੰਨੂੰ ਵੇਲੇ ਕੀਤੇ ਅੱਤਿਆਚਾਰਾਂ ਤੋਂ ਵੀ ਭਿਆਨਕ ਸੀ। ਵੱਡੀ ਗਿਣਤੀ ਵਿਚ ਪੂਰੇ ਦੇ ਪੂਰੇ ਪਰਿਵਾਰ ਹੀ ਸਫਾ ਹਸਤੀ ਤੋਂ ਮਿਟਾ ਦਿੱਤੇ ਗਏ ਸਨ। ਇਹ ਇਕ ਬਹੁਤ ਵੱਡਾ ਘੱਲੂਘਾਰਾ ਸੀ ਜਿਸ ਇਲਾਕੇ ਦੇ ਹਿੰਦੂਆਂ ਸਿੱਖਾਂ ਦੇ ਮਨਾਂ ਵਿਚ ਬੇਯਕੀਨੀ ਅਸੁਰੱਖਿਆ ਅਤੇ ਡਰ ਨੇ ਡਾਢੀ ਕੰਬਣੀ ਛੇੜ ਦਿੱਤੀ ਸੀ। ਮੇਰੇ ਇੱਕ ਵਾਕਿਫ਼ਕਾਰ ਨੇ ਬਹੁਤ ਸਾਲਾਂ ਪਿਛੋਂ ਜਦੋਂ ਉਹ ਅੰਮ੍ਰਿਤਸਰ ਰੇਲਵੇ ਸਟੇਸ਼ਨ 'ਤੇ ਇਕ ਦਿਨ ਤਰਕਾਲਾਂ ਨੂੰ ਮੈਨੂੰ ਗੱਡੀ ਚੜ੍ਹਨ ਲੱਗਿਆ ਮਿਲਿਆ ਅਤੇ ਲੁਧਿਆਣੇ ਤੱਕ ਮੇਰੇ ਨਾਲ ਹੀ ਆਇਆ ਸੀ, ਨੇ ਮੈਨੂੰ ਦੱਸਿਆ ਕਿ ਇਹ ਨਰਸੰਹਾਰ ਤਾਂ 15 ਅਗਸਤ 1946 ਨੂੰ ਸਹਿਰਾਵਰਦੀ ਮੁੱਖ ਮੰਤਰੀ ਬੰਗਾਲ ਦੇ ਕਲਕੱਤੇ ਵਿਖੇ ਕਰਵਾਏ ਕਤਲੇਆਮ ਨਾਲੋਂ ਵੀ ਕਈ ਗੁਣਾ ਵੱਧ ਅਤੇ ਭਿਆਨਕ ਸੀ। ਉਸਨੇ ਇਹ ਕਤਲੇਆਮ ਆਪਣੀ ਅੱਖੀਂ ਦੇਖਿਆ ਸੀ।

**ਢਾਬਾ ਮੰਡੀ ਦਾ ਉਜਾੜਾ** :- ਸ਼ੇਖੂਪੁਰੇ ਦੇ ਕਤਲੇਆਮ ਸਰਬਤ ਹਿੰਦੂ ਸਿੱਖਾਂ ਨੂੰ ਜਿਹਨਾਂ ਨੇ ਇਹ ਸਰਕਾਰੀ ਕਤਲੇਆਮ ਅਤੇ ਵਾਪਰਿਆ ਕਹਿਰ ਸੁਣਿਆ ਤਾਂ ਕਾਂਬਾ ਛੇੜ ਦਿੱਤਾ ਸੀ। ਹੋਰ ਥਾਈਂ ਇਸ ਕਤਲੇਆਮ ਨੂੰ ਕਿਸ ਤਰ੍ਹਾਂ ਘੋਖਿਆ ਗਿਆ ਹੋਵੇਗਾ, ਪਤਾ ਨਹੀਂ ਪ੍ਰੰਤੂ ਸ਼ੇਖੂਪੁਰੇ ਦੇ ਚਾਰ-ਚੁਫੇਰੇ ਤਾਂ ਇਸ ਦਾ ਬੜਾ ਮਾਰੂ ਪ੍ਰਭਾਵ ਪਿਆ। ਮੰਡੀ ਢਾਬਨ ਸਿੰਘ ਸ਼ੇਖੂਪੁਰੇ ਤੋਂ 30 ਕੁ ਮੀਲ 'ਤੇ ਲਾਇਲਪੁਰ ਵਾਲੇ ਪਾਸੇ ਇਕ ਛੋਟਾ ਜਿਹਾ ਖਰੀਦ ਕੇਂਦਰ ਹੈ।



ਜਿੱਥੇ ਲਾਗੇ ਬੰਨੇ ਦੇ 25, 30 ਪਿੰਡਾਂ ਦੇ ਲੋਕ ਆਪਣੀਆਂ ਲੋੜੀਂਦੀਆਂ ਵਸਤਾਂ ਖਰਦੀਦੇ ਸਨ ਅਤੇ ਇਕ ਛੋਟੀ ਜਿਹੀ ਅਨਾਜ ਅਤੇ ਹੋਰ ਖੇਤੀ ਵਸਤਾਂ ਦੀ ਵਿਕਰੀ ਮੰਡੀ ਵੀ ਸੀ ਅਤੇ ਲਗਭਗ 20-25 ਆੜ੍ਹਤਾਂ ਦੀਆਂ ਦੁਕਾਨਾਂ ਸਨ। ਇਹ ਲਾਹੌਰ ਲਾਇਲਪੁਰ ਵਾਲੀ ਰੇਲਵੇ ਲਾਈਨ ਤੇ ਰੇਲਵੇ ਸਟੇਸ਼ਨ ਵੀ ਹੈ। 1945 ਵਿਚ ਇਥੇ ਬਰਫ਼ ਦਾ ਕਾਰਖਾਨਾ ਵੀ ਲੱਗ ਗਿਆ ਸੀ। ਸ਼ੇਖੂਪੁਰ ਦੇ ਸਾਕੇ ਤੋਂ ਇੱਕ ਦੋ ਦਿਨ ਪਿਛੋਂ ਜਾਂ ਉਹਨੀਂ ਦਿਨੀਂ ਹੀ ਢਾਬਾ ਮੰਡੀ ਵੀ ਲੁੱਟ ਲਈ ਗਈ। ਇਸ ਮੰਡੀ ਵਿਚ ਸਾਰੀਆਂ ਹੀ ਦੁਕਾਨਾਂ ਹਿੰਦੂਆਂ ਅਤੇ ਸਿੱਖਾਂ ਦੀਆਂ ਸਨ। ਉਹ ਲਾਗੇ ਬੰਨੇ ਦੇ ਪਿੰਡ ਦੇ ਲੋਕਾਂ ਨੇ ਪਿੰਡਾਂ ਤੋਂ ਆ ਕੇ ਬਣਾਈਆਂ ਸਨ ਜਿਸ ਤਰ੍ਹਾਂ ਤਰਲੋਕ ਸਿੰਘ ਭਾਟੀਆ ਕਿਤਾਬਾਂ ਅਤੇ ਮਨਿਆਰੀ, ਤਖਤ ਸਿੰਘ ਕਰਿਆਣਾ, ਡਾਕਟਰ ਧਰਮ ਸਿੰਘ, ਨਿਹਾਲ ਚੰਦ ਜ਼ਾਰਜੀ ਬਸੰਤੇ ਦੀ ਸੋਡਾ ਵਾਟਰ ਫੈਕਟਰੀ ਅਤੇ ਹੋਰ। ਸਾਡੇ ਪਿੰਡੋਂ ਬਦਰੂ (ਬਦਰਦੀਨ) ਜੋ ਜ਼ਾਤ ਤੋਂ ਜੁਲਾਹਿਆ ਸੀ। ਰੋਜ਼ ਮੰਡੀ ਦੁੱਧ ਦੀਆਂ ਦੋ ਵਲਟੋਹੀਆਂ ਸਿਰ 'ਤੇ ਚੁੱਕ ਕੇ ਵੇਚਣ ਜਾਂਦਾ ਸੀ। ਉਸਨੇ ਇੱਕ ਦਿਨ ਆ ਕੇ ਦੱਸਿਆ ਕਿ ਮੰਡੀ ਤਾਂ ਪਹਿਲੇ ਦਿਨ ਸ਼ਾਮੀਂ ਲੁੱਟੀ ਗਈ ਹੈ ਅਤੇ ਉਹ ਲੁੱਟਣ ਦਾ ਦੋਸ਼ ਛੋਟੀਆਂ ਢਾਬਾਂ, ਵੱਡੀਆਂ ਢਾਬਾ ਸੁਜਾਨਪੁਰ, ਗੋਬਿੰਦਗੜ੍ਹ ਅਤੇ ਚੜ੍ਹਦੇ ਪਾਸੇ ਵਿਰਕਾਂ ਦੇ ਪਿੰਡਾਂ ਤੇ ਲਾਉਂਦਾ ਸੀ। ਇਹ ਸਾਰੀ ਗੱਲ ਤਾਂ ਮੈਨੂੰ ਬਦਰੂ ਦੇ ਮੁੰਡੇ ਮੰਦ (ਮੁਹੰਮਦ ਅਲੀ) ਜੋ ਮੇਰੀ ਜਮਾਤੀ ਸੀ ਅਤੇ ਮੇਰੇ ਦੋਸਤਾਂ ਵਿਚੋਂ ਸੀ, ਨੇ ਦੱਸੀ। ਉਹਨੇ ਇਹ ਵੀ ਦੱਸਿਆ ਕਿ ਮੇਰਾ ਅੱਬਾ ਇਕ ਗਾਜਰਾਂ ਦੇ ਮੁਰੱਬੇ ਦਾ ਪੀਪਾ ਵੀ ਮੰਡੀਓਂ ਲਿਆਇਆ ਹੈ। ਮੈਂ ਇਹ ਸਾਰੀ ਗੱਲ ਜਦੋਂ ਆਪਣੇ ਭਾਈਆ ਜੀ ਨੂੰ ਦੱਸੀ ਤਾਂ ਉਹਨਾਂ ਕਿਹਾ ਕਿ ਸਾਰੀ ਹੀ ਗੱਲ ਦਾ ਪਤਾ ਲੱਗ ਗਿਆ ਹੈ। ਅਸੀਂ ਬਦਰੂ ਦੇ ਬੱਚੇ ਨੂੰ ਸੱਦ ਕੇ ਪੁੱਛਦੇ ਹਾਂ ਕਿ ਉਸ ਇਹ ਲੁੱਟ ਵਾਲਾ ਨੀਚ ਕੰਮ ਕਿਉਂ ਕੀਤਾ ਹੈ। ਬਦਰੂ ਨੂੰ ਸਾਡੇ ਘਰ ਲਾਗਲੇ ਵੱਡੇ ਚੌਂਕ ਵਿਚ ਜਿੱਥੇ ਪੰਚਾਇਤ ਲੱਗਿਆ ਕਰਦੀ ਸੀ, ਸੱਦਿਆ ਗਿਆ ਸੀ ਅਤੇ ਪੁੱਛ-ਗਿੱਛ ਤੋਂ ਪਿਛੋਂ ਪੰਚਾਇਤ ਨੇ ਉਸਨੂੰ ਇਹ ਆਦੇਸ਼ ਦਿੱਤਾ ਕਿ ਜਿਸ ਤਰ੍ਹਾਂ ਜਿਥੋਂ ਇਹ ਗਾਜਰਾਂ ਦੇ ਮੁਰੱਬੇ ਵਾਲਾ ਪੀਪਾ ਚੁੱਕ ਕੇ ਲਿਆਇਆ ਏ ਉਸੇ ਤਰ੍ਹਾਂ ਉੱਥੇ ਉਹਨੂੰ ਛੱਡ ਕੇ ਆਵੇ। ਇਸੇ ਵਿਚ ਹੀ ਉਸਦਾ ਭਲਾ ਹੈ। ਬਦਰੂ ਮੈਨੂੰ ਵਿਚਾਰਾ ਲੱਗ ਰਿਹਾ ਸੀ, ਉਹ ਪੰਚਾਇਤ ਅੱਗੇ ਹੱਥ ਜੋੜ ਕੇ ਖਲੋਤਾ ਹੋਇਆ ਬੜੇ ਮਿੰਨਤਾਂ ਤਰਲੇ ਕੱਢ ਰਿਹਾ ਸੀ ਅਤੇ ਆਖ ਰਿਹਾ ਸੀ ਸਰਦਾਰ ਜੀ ਤੁਸੀਂ ਐਥੇ ਹੀ ਮੈਨੂੰ ਜੋ ਡੰਨ ਲਾਉਣਾ ਹੈ ਲਾ ਦੇਵੋਂ। ਮੰਡੀ ਨਾ ਘੱਲੋ, ਉੱਥੇ ਤਾਂ ਹੁਣ ਇੱਕ ਵੀ ਦੁਕਾਨ ਲੁੱਟ ਤੋਂ ਨਹੀਂ ਬਚੀ ਹੋਣੀ। ਉਦੋਂ ਹੀ ਸਾਰੀਆਂ ਦੁਕਾਨਾਂ ਦੇ ਤਾਲੇ ਦਰਵਾਜ਼ੇ ਤੋੜੇ ਜਾ ਚੁੱਕੇ ਸਨ। ਉਥੇ ਵੱਡੀ ਪੱਧਰ ਤੇ ਲੁੱਟਮਾਰ ਹੋ ਰਹੀ ਸੀ। ਇਹ ਸਭ ਕੁਝ ਤਾਂ ਮੇਰੇ ਮੰਡੀ ਅਪੜਨ ਤੋਂ ਪਹਿਲਾਂ ਹੀ ਵਾਪਰ ਚੁੱਕਿਆ ਸੀ। ਮੰਡੀ ਦੇ ਵਸਨੀਕ ਤਾਂ ਉਥੋਂ ਸਾਰੇ ਹੀ ਨੱਸ ਚੁੱਕੇ ਸਨ। ਮੰਡੀ ਲੁੱਟਣੀ ਤਾਂ ਪਰਸੋਂ ਸ਼ਾਮੀ ਹੀ ਸ਼ੁਰੂ ਹੋ ਗਈ ਸੀ। ਕਹਿੰਦੇ ਸਨ ਕਿ ਪਹਿਲਾਂ ਕੁਝ ਫਾਇਰ ਹੋਏ ਤਾਂ ਬਾਅਦ ਵਿਚ ਲੁੱਟ ਘਸੁੱਟ ਸ਼ੁਰੂ ਹੋਈ। ਹੁਣ ਤੱਕ ਤਾਂ ਉਥੇ ਪੁਲਿਸ ਜਾਂ ਮਿਲਟਰੀ ਆ ਗਈ ਹੋਵੇਗੀ, ਮੈਨੂੰ ਉਹਨਾਂ ਕੋਲੋਂ ਕਿਉਂ ਮਰਵਾਉਣ ਲਈ ਘੱਲ ਰਹੇ ਹੋ। ਆਪ ਹੀ ਮਾਰ ਦਿਓ। ਪ੍ਰੰਤੂ ਉਸ ਨਿਮਾਣੇ ਦੀ ਕਿਸੇ ਕੋਈ ਗੱਲ ਨਾ ਸੁਣੀ ਅਤੇ ਇਸ ਫੈਸਲੇ ਨੂੰ ਸਿਰੇ ਚਾੜ੍ਹਨ ਲਈ ਭਾਈਆ ਜੀ ਨੂੰ ਘੋੜੀ ਤੇ ਉਸਦੇ ਨਾਲ ਜਾਣ ਲਈ ਕਿਹਾ ਗਿਆ। ਫੈਸਲੇ ਤੇ ਅਮਲ ਹੋਇਆ। ਭਾਈਆ ਜੀ ਨੇ ਦੱਸਿਆ ਕਿ

ਠੋਕਰਵਾਲੇ ਪੁਲ ਤੋਂ ਮੈਂ ਬਦਰੂ ਨੂੰ ਘੋੜੀ ਪਿੱਛੇ ਬਿਠਾ ਲਿਆ ਸੀ ਅਤੇ ਬੰਗਲੇ ਵਾਲੇ ਪੁਲ ਦੇ ਕੋਲ ਮੈਂ ਰੁਕ ਗਿਆ ਤੇ ਬਦਰੂ ਨੂੰ ਪੀਪਾ ਚੁੱਕਾ ਕੇ ਇਕੱਲੇ ਨੂੰ ਮੰਡੀ ਭੇਜ ਦਿੱਤਾ। ਭਾਈਆ ਜੀ ਨੇ ਦੱਸਿਆ ਕਿ ਬਦਰੂ ਟੀਨ ਬਰਫ਼ ਦੇ ਕਾਰਖਾਨੇ ਦੇ ਕੋਲ ਸੁੱਟ ਕੇ ਭੱਜ ਆਇਆ ਸੀ ਕਿਉਂ ਜੋ ਮੰਡੀ ਵਿਚ ਹੁਣ ਪੁਲਿਸ ਆ ਚੁੱਕੀ ਸੀ। ਉਹਨਾਂ ਅੱਗੇ ਦੱਸਿਆ ਕਿ ਅਸੀਂ ਫਿਰ ਦੋਵੇਂ ਘੋੜੀ ਤੇ ਚੜ੍ਹ ਪਿੰਡ ਆ ਗਏ ਹਾਂ। ਇਹ ਗੱਲ ਜਦੋਂ ਭਾਈਆ ਜੀ ਮਾਂ ਅਤੇ ਭਾਬੀ ਨੂੰ ਦੱਸ ਰਹੇ ਸਨ ਤਾਂ ਭਾਬੀ ਨੇ ਪੁੱਛਿਆ ਕਿ ਉਸ ਮੁਸਲੱਕੇ ਨੂੰ ਤੁਸਾਂ ਘੋੜੀ ਤੇ ਪਿੱਛੇ ਆਪਣੇ ਨਾਲ ਕਿਉਂ ਚੜ੍ਹਾਇਆ। ਭਾਈਆ ਜੀ ਨੇ ਅੱਗੋਂ ਦੱਸਿਆ ਕਿ ਬਦਰੂ ਭਾਵੇਂ ਜੁਲਾਹਾ ਹੈ ਪਰ ਉਹ ਮੇਰੇ ਨਿੱਕੇ ਹੁੰਦਿਆਂ ਦਾ ਬੜਾ ਗੂੜ੍ਹਾ ਮਿੱਤਰ ਹੈ। ਜੇ ਮੈਂ ਉਹਨੂੰ ਘੋੜੀ ਤੇ ਨਾ ਚੜ੍ਹਾਉਂਦਾ ਤਾਂ ਕੀ ਕਰਦਾ। ਮੈਂ ਤਾਂ ਉਹਨੂੰ ਏਨੀ ਸਜ਼ਾ ਵੀ ਦੇਣ ਲਈ ਰਾਜ਼ੀ ਨਹੀਂ ਸੀ ਪ੍ਰੰਤੂ ਉਹਦਾ ਤਾਂ ਕਸੂਰ ਹੀ ਬੜਾ ਵੱਡਾ ਸੀ। ਹੁਣ ਪਿੰਡ ਦੇ ਸਭ ਲੋਕਾਂ ਦੇ ਦਿਲਾਂ ਵਿਚ ਘਬਰਾਹਟ ਸੀ, ਭਈ ਪਤਾ ਨਹੀਂ ਭਲਕੇ ਕਿਸੇ ਨਾਲ ਕੀ ਵਾਪਰ ਜਾਣਾ ਸੀ, ਜਦ ਮੰਡੀ ਹੀ ਲੁੱਟੀ ਗਈ ਅਤੇ ਮੰਡੀ ਦੀ ਪੂਰੀ ਵਸੋਂ ਆਪਣਾ ਕਾਰੋਬਾਰ, ਘਰ ਘਾਟ ਛੱਡ ਕੇ ਉਥੋਂ ਨੱਸ ਗਏ ਹਨ ਤਾਂ ਬਾਕੀ ਕੀ ਰਹਿ ਗਿਆ। ਕਿਤੇ ਵੀ ਕੋਈ ਕਾਰਾ ਹੋ ਸਕਦਾ ਹੈ। ਮੰਦੇ ਭਾਗੀ ਮੇਰੇ ਨਾਨਕੇ ਲੋਗੋਵਾਲ ਪਿੰਡ ਵਿਚ ਰਹਿੰਦੇ ਸਨ ਜੋ ਸ਼ੇਖੂਪੁਰੇ ਤੋਂ ਛੇ ਕੋਹ ਦੀ ਵਿੱਥ ਤੇ ਨਨਕਾਣਾ ਸਾਹਿਬ ਵਾਲੀ ਸੜਕ ਤੇ ਸੀ। ਮੇਰੀ ਭਾਬੀ ਸ਼ੇਖੂਪੁਰੇ ਦਾ ਕਤਲੇਆਮ ਸੁਣ ਕੇ ਸਾਰਾ ਦਿਨ ਹੀ ਰੋਂਦੀ ਰਹੀ ਕਿ ਪਤਾ ਨਹੀਂ ਉਹਦੇ ਮਾਪਿਆਂ ਨਾਲ ਉਥੇ ਕੀ ਵਾਪਰਿਆ ਹੋਵੇਗਾ। ਪ੍ਰੰਤੂ ਉਸ ਵੇਲੇ ਕੋਈ ਚਾਰਾ ਨਹੀਂ ਸੀ। ਸਾਨੂੰ ਪਿੱਛੋਂ ਪਤਾ ਲੱਗਾ ਕਿ ਉਹ ਉਸ ਤੋਂ ਪਹਿਲਾਂ ਹੀ ਚਾਲੇ ਪਾ ਗਏ ਸਨ।

**ਪਾਕਿਸਤਾਨ ਦਾ ਐਲਾਨ** :- ਭਾਵੇਂ ਹੁਣ ਇਸ ਗੱਲ ਦਾ ਪਤਾ ਹੈ ਕਿ ਪਾਕਿਸਤਾਨ ਬਣਨ ਦਾ ਐਲਾਨ ਅਤੇ ਰਾਜ ਭਾਗ ਜਨਾਹ ਹੱਥ ਸੌਂਪਣ ਦਾ ਕਾਰਜ 14 ਅਗਸਤ 1947 ਨੂੰ ਕਰਾਚੀ ਵਿਖੇ ਗਵਰਨਰ ਹਾਊਸ ਵਿਚ ਹੋਇਆ ਸੀ ਅਤੇ ਇਸ ਕਾਰਜ ਲਈ ਉਸ ਵੇਲੇ ਦਾ ਗਵਰਨਰ ਜਨਰਲ ਲਾਰਡ ਮਾਊਂਟ ਬੇਟਨ ਦਿੱਲੀ ਤੋਂ ਵਿਸ਼ੇਸ਼ ਹਵਾਈ ਜਹਾਜ਼ ਰਾਹੀਂ ਕਰਾਚੀ ਗਿਆ ਸੀ ਪ੍ਰੰਤੂ ਉਸ ਵੇਲੇ ਮੈਨੂੰ ਇਸ ਸਾਰੀ ਘਟਨਾ ਦਾ ਬਿਲਕੁਲ ਕੁਝ ਪਤਾ ਨਹੀਂ ਸੀ ਅਤੇ ਇਸਦੀ ਵੀ ਕੁਝ ਸਮਝ ਨਹੀਂ ਸੀ ਕਿ ਪਿਛਲੀਆਂ ਵੋਟਾਂ ਸਮੇਂ ਕੁਝ ਮੁਸਲਮਾਨ ਇਹ ਨਾਹਰੇ ਲਾਉਂਦੇ ਹੁੰਦੇ ਸਨ, 'ਜਨਾਹ ਜਿੰਦਾਬਾਦ-ਮੁਸਲਮਲੀਗ ਜਿੰਦਾਬਾਦ-ਲੈ ਕੇ ਰਵਾਂਗੇ ਪਾਕਿਸਤਾਨ'। ਮੈਨੂੰ ਤਾਂ ਚੌਂਕ ਵਿਚ ਕੁਝ ਸਿਆਣੇ ਬੰਦਿਆਂ ਦੇ ਗੱਲਾਂ ਕਰਨ ਤੋਂ ਹੀ ਪਤਾ ਲੱਗਾ ਕਿ ਲਾਲਾ ਬਲਵੰਤ ਰਾਏ ਆੜ੍ਹਤੀਏ ਜੋ ਢਾਬਾ ਮੰਡੀ ਛੱਡ ਕੇ ਆਪਣੇ ਪਿੰਡ ਦੇਵਾ ਸਿੰਘ ਵਾਲੇ ਚਲਿਆ ਗਿਆ ਸੀ ਨੇ ਆਪਣਾ ਰੇਡੀਓ ਡਾਂਗ ਮਾਰ ਕੇ ਭੰਨ ਦਿੱਤਾ ਸੀ ਅਤੇ ਉਹ ਭੰਨਿਆ ਵੀ ਇਸ ਕਰਕੇ ਸੀ ਕਿ ਉਸ ਵਿਚ ਜਨਾਹ ਨੇ ਪਾਕਿਸਤਾਨ ਬਣਨ ਤੇ ਰੇਡੀਓ ਤੇ ਭਾਸ਼ਨ ਕਰਦਿਆਂ ਪਾਕਿਸਤਾਨ ਪਾਇੰਦਾਬਾਅਦ ਦਾ ਨਾਹਰਾ ਲਾਇਆ ਸੀ। ਮੇਰੇ ਅਤੇ ਹੋਰ ਪਿੰਡ ਦੇ ਲੋਕਾਂ ਲਈ ਬੜੀ ਹੀ ਹੈਰਾਨੀ ਦੀ ਗੱਲ ਸੀ ਕਿ ਲਾਲਾ ਜੀ ਨੇ ਆਪਣਾ ਰੇਡੀਓ ਡਾਂਗ ਮਾਰ ਕੇ ਭੰਨ ਦਿੱਤਾ ਸੀ ਕਿਉਂ ਜੋ ਲਾਗੇ ਬੰਨੇ ਅਤੇ ਸਾਡੀ ਕੰਬੋਜ਼ ਬਰਾਦਰੀ ਦੇ 14 ਪਿੰਡਾਂ ਵਿਚ ਸਿਰਫ਼ ਦੋ ਹੀ ਰੇਡੀਓ ਸਨ। ਇਕ ਸਾਡੇ ਬਾਬੇ ਜ਼ੈਲਦਾਰ ਅਤੇ ਦੂਜਾ ਲਾਲਾ ਬਲਵੰਤ ਰਾਏ ਆੜ੍ਹਤੀਏ ਕੋਲ। ਬਲਵੰਤ ਰਾਏ ਦੇ ਦੋ ਪੁੱਤਰ ਮਦਨ ਅਤੇ ਬਨਵਾਰੀ ਸਾਡੇ



ਸਕੂਲ ਪੜ੍ਹਦੇ ਹੁੰਦੇ ਸਨ। ਮਦਨ ਨੌਂਵੀਂ ਅਤੇ ਬਨਵਾਰੀ ਛੋਟਾ ਮੇਰਾ ਹਮਜਮਾਤੀ ਸੀ। ਦੋਵੇਂ ਭਰਾ ਰੰਗ ਰੂਪ ਵਿਚ ਬੜੇ ਸੋਹਣੇ ਸਨ ਅਤੇ ਹਰ ਸਾਲ ਰਾਸ ਲੀਲਾ (ਰਾਮ ਲੀਲਾ) ਵਿਚ ਵੀ ਕੰਮ ਕਰਦੇ ਹੁੰਦੇ ਸਨ। ਬਨਵਾਰੀ ਸੀਤਾ ਦਾ ਪਾਰਟ ਕਰਦਾ ਸੀ ਅਤੇ ਅਸੀਂ ਪਿਆਰ ਨਾਲ ਉਸਦਾ ਨਾਂ ਸੀਤਾ ਰੱਖਿਆ ਹੋਇਆ ਸੀ। ਮੈਂ ਆਪਣੇ ਕਈ ਜਮਾਤੀਆਂ ਦੇ ਘਰ ਗਿਆ ਅਤੇ ਉਹਨਾਂ ਨੂੰ ਆਖਿਆ ਕਿ ਆਓ ਦੇਵਾ ਸਿੰਘ ਵਾਲੇ ਸੀਤਾ ਨੂੰ ਮਿਲਣ ਚੱਲੀਏ। ਉਹਨਾਂ ਦੇ ਭਾਪੇ ਨੇ ਆਪਣਾ ਰੇਡੀਓ ਹੀ ਤੋੜ ਛੱਡਿਆ ਹੈ। ਦੋ ਤਿੰਨ ਮੁੰਡੇ ਤਾਂ ਮੇਰੇ ਨਾਲ ਤਿਆਰ ਵੀ ਹੋ ਗਏ। ਦੇਵਾ ਸਿੰਘ ਵਾਲਾ ਸਾਡੇ ਪਿੰਡੋਂ ਚਾਰ ਕੋਹ ਪੱਛਮ ਵੱਲ ਸੀ। ਜਦੋਂ ਇਸ ਗੱਲ ਦਾ ਪਤਾ ਮੇਰੇ ਭਾਈਆ ਨੂੰ ਲੱਗਾ ਤਾਂ ਉਹ ਬਹੁਤ ਹੈਰਾਨ ਅਤੇ ਨਾਰਾਜ਼ ਹੋਏ। ਆਖਣ ਲੱਗੇ, ਓਏ ਮੂਰਖੋਂ ਕਦੇ ਤੇ ਮੱਤ ਦੀ ਗੱਲ ਕਰਿਆ ਕਰੋ। ਤੁਹਾਨੂੰ ਸਮਝ ਨਹੀਂ ਲੱਗਦੀ ਕਿ ਉਪਰੋਂ ਕੀ ਕੁਝ ਵਾਪਰਨ ਡਿਹਾ ਹੋਇਆ ਹੈ। ਸਾਰੇ ਲੋਕਾਂ ਨੂੰ ਆਪਣੀ ਜਾਨ ਦੀ ਬਣੀ ਪਈ ਹੈ ਅਤੇ ਤੁਸੀਂ ਦੇਵਾ ਸਿੰਘ ਵਾਲੇ ਨੂੰ ਤਿਆਰ ਹੋਏ ਫਿਰਦੇ ਹੋ। ਉਹਨਾਂ ਸਾਰਿਆਂ ਇਸ ਵਿਉਂਤ ਲਈ ਮੇਰਾ ਨਾਂ ਲਾ ਦਿੱਤਾ। ਇਹ ਸੁਣ ਕੇ ਭਾਈਆ ਜੀ ਬਹੁਤ ਨਰਾਜ਼ ਹੋਏ ਅਤੇ ਭਾਬੀ ਜੀ ਨੂੰ ਆਣ ਕਹਿਣ ਲੱਗੇ ਕਿ ਇਹ ਝੱਲਾ ਕਿਸੇ ਦਿਨ ਜ਼ਰੂਰ ਚੰਦ ਚੜ੍ਹਾਏਗਾ। ਮੈਂ ਤਾਂ ਸਾਰਾ ਸਮਾਂ ਫੌਜ ਵਿਚ ਰਿਹਾ ਹਾਂ। ਮੈਨੂੰ ਤੇ ਇਸ ਦੇ ਸੁਭਾਅ ਦਾ ਪੂਰਾ ਪਤਾ ਹੀ ਨਹੀਂ ਲੱਗ ਰਿਹਾ। ਤੂੰ ਇਸ ਦਾ ਸਤਿਆਨਾਸ਼ ਕਰ ਦਿੱਤਾ ਹੈ। ਵੇਖ ਇਹ ਕੁਝ ਭੂਤਨਿਆਂ ਨੂੰ ਨਾਲ ਲੈ ਦੇਵਾ ਸਿੰਘ ਵਾਲੇ ਆਪਣੇ ਮਿੱਤਰਾਂ ਨੂੰ ਮਿਲਣ ਜਾ ਰਿਹਾ ਸੀ। ਏਥੇ ਚਾਰੇ ਪਾਸੇ ਅੱਗ ਲੱਗੀ ਹੋਈ ਹੈ। ਪਰ ਇਸਨੂੰ ਇਸਦੀ ਰੱਤੀ ਭਰ ਵੀ ਸਮਝ ਨਹੀਂ। ਮੇਰੀ ਬਾਂਹ ਫੜ ਉਹ ਮੇਰੀ ਮਾਂ (ਦਾਦੀ) ਕੋਲ ਵੀ ਲੈ ਗਿਆ ਅਤੇ ਉਸ ਕੋਲ ਵੀ ਮੇਰੇ ਪ੍ਰਤੀ ਆਪਣੀ ਚਿੰਤਾ ਦੱਸੀ। ਮੇਰੀ ਮਾਂ (ਦਾਦੀ) ਨੇ ਮੈਨੂੰ ਆਪਣੇ ਕੋਲ ਬਿਠਾ ਕੇ ਬੜੇ ਪਿਆਰ ਨਾਲ ਵਾਪਰ ਰਹੀਆਂ ਘਟਨਾਵਾਂ ਨੂੰ ਵੇਰਵੇ ਸਹਿਤ ਦੱਸਿਆ ਅਤੇ ਨਾਲ ਹੀ ਇਹ ਵੀ ਤਾੜਨਾ ਕੀਤੀ ਕਿ ਮਰਥੇ ਪੱਠੇ ਵੱਢ ਕੇ ਲਿਆਉਣ ਤੋਂ ਬਿਨਾਂ ਮੈਂ ਘਰੋਂ ਕਿਧਰੇ ਵੀ ਨਾ ਜਾਵਾਂ। ਮੈਨੂੰ ਹਾਲਤ ਦੀ ਤੀਬਰਤਾ ਦਾ ਅੰਦਾਜ਼ਾ ਪਹਿਲੀ ਵਾਰ ਮਾਂ ਕੋਲੋਂ ਹੀ ਲੱਗਾ। ਇਸ ਤੋਂ ਪਹਿਲਾਂ ਤਾਂ ਮੈਂ ਇਹ ਸਭ ਕੁਝ ਇਕ ਸ਼ੁਗਲ ਵਜੋਂ ਹੀ ਸਮਝੀ ਜਾ ਰਿਹਾ ਸਾਂ। ਹੁਣ ਮੇਰਾ ਦਿਲ ਵੀ ਅੰਦਰੋਂ ਦਹਿਲ ਗਿਆ ਸੀ।

**ਸਾਂਗਲਾ ਹਿੱਲ ਵਿਚ ਹਿਲਜੁਲ** :- ਸਾਂਗਲਾ ਹਿੱਲ ਇੱਕ ਛੋਟਾ ਜਿਹਾ ਸ਼ਹਿਰ ਹੈ। ਇਹ ਇਕ ਰੇਲਵੇ ਜੰਕਸ਼ਨ ਵੀ ਹੈ। ਇਸ ਥਾਂ ਤੇ ਵਜ਼ੀਰਾਬਾਦ, ਲਾਹੌਰ ਅਤੇ ਲਾਇਲਪੁਰ ਨੂੰ ਰੇਲ ਰਾਹੀਂ ਯਾਤਰਾ ਕੀਤੀ ਜਾ ਸਕਦੀ ਹੈ। ਇੱਥੇ ਪੁਲਿਸ ਸਟੇਸ਼ਨ ਵੀ ਹੈ। ਇਸਦੇ ਬਾਹਰ ਵਾਰ ਇਕ ਛੋਟੀ ਜਿਹੀ ਪਥਰੀਲੀ ਪਹਾੜੀ ਵੀ ਹੈ। ਉਸ ਵੇਲੇ ਇਹ ਗੱਲ ਪ੍ਰਚਲਿਤ ਸੀ ਕਿ ਜਦੋਂ ਹਨੂਮਾਨ ਸੰਜੀਵਨੀ ਬੂਟੀ ਲੈ ਕੇ ਇਧਰ ਦੀ ਲੰਘਿਆ ਸੀ ਤਾਂ ਇਹ ਪਹਾੜੀ ਉਸ ਵੇਲੇ ਸੰਜੀਵਨੀ ਬੂਟੀ ਵਾਲੀ ਪਹਾੜੀ ਤੋਂ ਹੀ ਡਿੱਗੀ ਸੀ। ਮੈਂ ਪਹਿਲੀ ਵਾਰ ਬਹੁਤ ਹੀ ਛੋਟੇ ਹੁੰਦਿਆਂ ਆਪਣੇ ਮਾਮਿਆਂ ਦੇ ਗੁੜ ਦੇ ਗੱਡੇ ਵਿਚ ਬੈਠ ਕੇ ਸਾਂਗਲੇ ਗਿਆ ਸਾਂ। ਮੇਰੇ ਮਾਮਿਆਂ ਗੁੜ ਸਾਂਗਲੇ ਮੰਡੀ ਵੇਚਣ ਲਈ ਅੱਧੀ ਰਾਤੀਂ ਹੀ ਰਾਣੇਵਾਲ ਪਿੰਡੋਂ ਗੱਡਾ ਤੋਰਾ ਲਿਆ ਸੀ।

ਸਾਂਗਲਾ ਹਿੱਲ ਵੀ ਚਾਰ ਚੁਫੇਰੇ ਹੋ ਰਹੇ ਵੱਢ ਵਢਾਂਗੇ ਤੋਂ ਕਿਵੇਂ ਬਚ ਸਕਦਾ ਸੀ! ਸਾਡੇ

ਪਿੰਡੋਂ ਲੰਘਦਿਆਂ ਭਲੇਰ ਨਿਵਾਸੀ ਸਾਡੇ ਸਾਇੰਸ ਮਾਸਟਰ ਗੁਰਦਿਆਲ ਸਿੰਘ ਬਾਜਵੇ ਨੇ ਦੱਸਿਆ ਸੀ ਕਿ ਇਕ ਪੂਰਾ ਦਿਨ ਸਾਂਗਲੇ ਸ਼ਹਿਰ ਵਿਚ ਢੋਲ ਵੱਜਦਾ ਰਿਹਾ ਅਤੇ ਮੁਸਲਮਾਨਾਂ ਨੇ ਉੱਥੇ ਸਾਰੇ ਸ਼ਹਿਰ ਵਿਚ ਜਲੂਸ ਕੱਢਿਆ, ਭੜਕਾਊ ਨਾਹਰੇ ਲਾਏ ਅਤੇ ਕਈ ਥਾਈਂ ਹਿੰਦੂਆਂ ਸਿੱਖਾਂ ਤੇ ਹਮਲੇ ਕੀਤੇ ਅਤੇ ਕੁੱਟਮਾਰ ਵੀ ਕੀਤੀ। ਬਾਜਵੇ ਮਾਸਟਰ ਦੇ ਦੱਸਣ ਅਨੁਸਾਰ ਉੱਥੇ ਦੇ ਸਿੱਖਾਂ ਦਾ ਕਤਲ ਕੀਤਾ ਗਿਆ ਅਤੇ ਭਾਰੀ ਗਿਣਤੀ ਵਿਚ ਫੱਟੜ ਹੋਏ ਸਨ। ਮਾਸਟਰ ਜੀ ਦਾ ਕਹਿਣਾ ਸੀ ਕਿ ਕੁਝ ਦਿਨ ਹੋਏ ਪੁਲਿਸ ਥਾਣੇ ਵਿਚ ਕੋਈ ਮੁਸਲਮਾਨ ਨਵਾਂ ਥਾਣੇਦਾਰ ਦਸੂਹੇ ਹੁਸ਼ਿਆਰਪੁਰ ਤੋਂ ਆਇਆ ਹੈ। ਉਸਨੇ ਹੀ ਇਹ ਭਾਂਬੜ ਬਾਲੇ ਹਨ। ਮਾਸਟਰ ਜੀ ਦੇ ਦੱਸਣ ਅਨੁਸਾਰ ਉਸ ਥਾਣੇਦਾਰ ਦੇ ਦੋ ਸੂਏ (ਜਿਸ ਦਾ ਉਸ ਵੇਲੇ ਅਸੀਂ ਨਾ ਲੈ ਲੈ ਕੇ ਹੱਸਿਆ ਕਰਦੇ ਸਾਂ ਉਹ ਨਾਂ ਦੋ ਸੂਣਾ ਨਹੀਂ ਦਸੂਹਾ ਸੀ) ਤੋਂ ਉੱਜੜ ਕੇ ਆਇਆ ਸੀ ਅਤੇ ਉਸਦਾ ਸਾਰਾ ਹੀ ਪਰਿਵਾਰ ਇਧਰ ਕਤਲ ਕਰ ਦਿੱਤਾ ਗਿਆ ਸੀ। ਉਸ ਆਉਂਦਿਆਂ ਹੀ ਕਈ ਮੁਸਲਮਾਨ ਜਵਾਨ ਅਤੇ ਬਜ਼ੁਰਗਾਂ ਨੂੰ ਸੱਦ ਕੇ ਰੋ-ਰੋ ਕੇ ਆਪਣੀ ਹੱਡ ਬੀਤੀ ਸੁਣਾਈ ਸੀ ਅਤੇ ਉਹਨਾਂ ਨੂੰ ਬਹੁਤ ਬੁਰਾ ਭਲਾ ਆਖਿਆ ਸੀ ਜਿਹਨਾਂ ਨੇ ਕਾਫਰਾਂ ਤੋਂ ਬਦਲਾ ਲੈਣ ਦੀ ਥਾਂ ਪ੍ਰਾਹੁਣਿਆਂ ਵਾਂਗੂ ਅਜੇ ਤੱਕ ਉਥੇ ਰੱਖਿਆ ਹੋਇਆ ਸੀ। ਮੁੰਡਿਆਂ ਨੂੰ ਸੌਂਹਾਂ ਚੁਕਾਈਆਂ ਗਈਆਂ, ਹਥਿਆਰ ਦਿੱਤੇ ਗਏ ਅਤੇ ਉਹਨਾਂ ਦੇ ਨਾਲ ਪਾਕਿਸਤਾਨ ਨੈਸ਼ਨਲ ਗਾਰਡ (ਜੋ ਉਦੋਂ ਹੀ ਪੂਰੇ ਪਾਕਿਸਤਾਨ ਵਿਚ ਰਿਟਾਇਰ ਫੌਜੀਆਂ ਨੂੰ ਮੁੜ ਭਰਤੀ ਕਰਕੇ ਅਤੇ ਹਥਿਆਰਬੰਦ ਕਰਕੇ ਅਮਨ ਕਾਨੂੰਨ ਬਣਈ ਰੱਖਣ ਦੇ ਬਹਾਨੇ ਸਥਾਪਤ ਕੀਤੀ ਗਈ ਸੀ ਅਤੇ ਜੋ ਦਰਅਸਲ ਹਿੰਦੂਆਂ ਸਿੱਖਾਂ ਤੇ ਹਮਲੇ ਕਰਨ, ਲੁੱਟਮਾਰਾਂ ਕਰਨ ਅਤੇ ਪਿੰਡਾਂ ਵਿਚ ਦਹਿਸ਼ਤ ਫੈਲਾ ਕੇ ਹਿਜਰਤ ਕਰਵਾਉਣ ਲਈ ਵਰਤੀ ਜਾ ਰਹੀ ਸੀ) ਦੇ ਵੀ ਕੁਝ ਬੰਦੇ ਭੇਜੇ ਗਏ। ਜਿਹਨਾਂ ਨੇ ਪਹਿਲਾਂ ਸਾਂਗਲੇ ਅਤੇ ਉਸ ਪਿੱਛੋਂ ਚਾਰ-ਚੁਫੇਰੇ ਦੇ ਹਿੰਦੂ ਸਿੱਖਾਂ ਦੇ ਪਿੰਡਾਂ ਤੇ ਹਮਲੇ ਸ਼ੁਰੂ ਕੀਤੇ। ਏਸੇ ਤਰ੍ਹਾਂ ਹੀ ਏਧਰਲੇ ਪੰਜਾਬ ਵਿਚ ਦੋ ਰੁਪਏ ਦਿਹਾੜੀ ਤੇ ਨੌਜਵਾਨ ਮੁੰਡਿਆਂ ਨੂੰ ਅਮਨ ਅਮਾਨ ਬਣਾਈ ਰੱਖਣ ਲਈ (ਕਿਉਂ ਜੋ ਵੰਡ ਪਹਿਲੋਂ 80% ਮੁਸਲਮਾਨ ਪੁਲਸ ਵਿਚ ਹੋਣ ਅਤੇ ਉਹਨਾਂ ਦਾ ਪਾਕਿਸਤਾਨ ਚਲੇ ਜਾਣ ਕਰਕੇ ਫੋਰਸ ਵਿਚ ਘਾਟਾ ਪੈ ਗਿਆ ਸੀ) ਭਰਤੀ ਕੀਤਾ ਗਿਆ ਸੀ। ਉਹ ਪੁਲਿਸ ਵਾਲੀ ਵਰਦੀ ਹੀ ਪਾਉਂਦੇ ਸਨ। ਇਹਨਾਂ ਦੋਵਾਂ ਫੋਰਸਾਂ ਵਿਚ ਫ਼ਰਕ ਸਿਰਫ਼ ਐਨਾ ਹੀ ਸੀ ਕਿ ਪਾਕਿਸਤਾਨ ਵਿਚ ਨੈਸ਼ਨਲ ਗਾਰਡ ਕੋਲ ਰਾਈਫਲਾਂ ਗੰਨਾਂ, ਅਤੇ ਘੋੜੀਆਂ ਸਨ ਜਦ ਕਿ ਨੈਸ਼ਨਲ ਵਲੰਟੀਅਰ ਕੋਲ ਡੰਡੇ ਅਤੇ ਡਾਂਗਾਂ ਸਨ।

**ਭਲੇਰਾਂ ਦਾ ਕਤਲੇਆਮ** :- ਸੁਣਨ ਵਿਚ ਆਇਆ ਸੀ ਕਿ ਭੁਲੇਰਾ ਵਿਚ ਹੋਏ ਕਤਲੇਆਮ ਪਿੱਛੇ ਵੀ ਉਸੇ ਥਾਣੇਦਾਰ ਦਾ ਹੱਥ ਸੀ। ਉਸ ਵੱਲੋਂ ਚਾਰ ਚੁਫੇਰੇ ਦੇ ਮੁਸਲਮਾਨਾਂ ਨੂੰ ਉਪਲਬਧ ਹਥਿਆਰਾਂ ਨਾਲ ਇਕੱਠੇ ਹੋਣ ਦਾ ਹੋਕਾ ਦਿੱਤਾ ਗਿਆ। ਕੁਝ ਘਾਤਕ ਹਥਿਆਰ ਥਾਣੇ ਵਿਚੋਂ ਵੀ ਵੰਡੇ ਗਏ ਅਤੇ ਇਕ ਟੁਕੜੀ ਪਾਕਿਸਤਾਨ ਨੈਸ਼ਨਲ ਗਾਰਡ ਦੀ ਵੀ ਉਹਨਾਂ ਨਾਲ ਭੇਜੀ ਗਈ। ਪਹਿਲਾਂ ਇਕ ਦੋ ਦਿਨ ਭਲੇਰਾਂ ਦੇ ਚੁਫੇਰੇ ਮੁਸਲਮਾਨ ਪਿੰਡਾਂ ਵਿਚੋਂ ਢੋਲ ਵਜਾਏ ਗਏ ਅਤੇ ਫਿਰ ਇਕ ਦਿਨ ਉਸਨੂੰ ਚੁਫੇਰਿਓਂ ਘੇਰ ਲਿਆ ਗਿਆ।

ਭਲੇਰਾਂ ਦੇ ਜੱਟ ਸਿੱਖ ਵੱਡੀ ਗਿਣਤੀ ਵਿਚ ਫੌਜੀ ਸਨ ਅਤੇ ਰਿਟਾਇਰ ਹੋ ਕੇ ਆਏ ਹੋਏ



ਸਨ। ਉਹ ਵੀ ਆਉਣ ਵਾਲੇ ਖ਼ਤਰਿਆਂ ਤੋਂ ਸੁਚੇਤ ਸਨ ਅਤੇ ਉਹਨਾਂ ਵੀ ਪਿੰਡ ਦੀ ਪੂਰੀ ਮੋਰਚੇ ਬੰਦੀ ਕੀਤੀ ਹੋਈ ਸੀ। ਉਹਨਾਂ ਬਲਵਾਈਆਂ ਦਾ ਡੱਟ ਕੇ ਮੁਕਾਬਲਾ ਕੀਤਾ। ਪ੍ਰੰਤੂ ਲੜਾਈ ਨੂੰ ਜਿੱਤਣ ਲਈ ਜਾਂ ਧਾਰਮਿਕ ਜਨੂੰਨੀਆਂ ਦਾ ਮੁਕਾਬਲਾ ਕਰਨ ਲਈ ਕੋਠੇ 'ਤੇ ਰੱਖੇ ਇੱਟਾਂ ਵੱਟੇ ਜਾਂ ਪਿੰਡ ਤੇ ਚਾਰ ਚੁਫੇਰੇ ਮੋਰਚਾਬੰਦੀ ਅਤੇ ਉਹ ਵੀ ਕਿਰਪਾਨਾਂ ਬਰਛਿਆਂ ਜਾਂ ਕਿਤੇ-ਕਿਤੇ ਕੋਈ ਸ਼ਿਕਾਰੀ ਬੰਦੂਕ ਨਾਲ ਤਾਂ ਨਹੀਂ ਸੀ ਹੋ ਸਕਣੀ। ਦੂਸਰੇ ਪਾਸੇ ਪਾਕਿਸਤਾਨ ਬਣਨ ਦੇ ਨਾਲ-ਨਾਲ ਬਲਵਾਈਆਂ ਦੇ ਹੌਸਲੇ ਬੁਲੰਦ ਸਨ। ਹੱਥੀ ਰਾਈਫਲਾਂ ਅਤੇ ਹੋਰ ਗੋਲੀ ਸਿੱਕ ਇਹ ਮੁਕਾਬਲਾ ਇੱਕ-ਦੋ ਦਿਨ ਚੱਲਿਆ। ਲੋਕ ਬਹੁਤ ਮਾਰੇ ਗਏ। ਘੇਰਾ ਹੋਰ ਪੀਡਾ ਹੋਇਆ। ਅਣਗਿਣਤ ਕੁੜੀਆਂ ਨੇ ਆਪਣੀਆਂ ਇੱਜ਼ਤਾਂ ਬਚਾਉਣ ਲਈ ਜਾਂ ਮਾਪਿਆਂ ਨੇ ਆਪਣੀਆਂ ਧੀਆਂ ਭੈਣਾਂ ਨੂੰ ਬਲਵਾਈਆਂ ਦੇ ਹੱਥੋਂ ਬਚਾਉਣ ਲਈ ਕਤਲ ਕੀਤਾ ਜਾਂ ਖੂਹ ਵਿਚ ਸੁੱਟ ਦਿੱਤਾ। ਬਚੇ ਲੋਕ ਇਕ ਪਾਸਿਓਂ ਘੇਰਾ ਤੋੜ ਕੇ ਰਾਤ ਦੇ ਹਨੇਰੇ ਵਿਚ ਪਿੰਡੋਂ ਨਿਕਲ ਗਏ। ਮਾਸਟਰ ਗੁਰਦਿਆਲ ਸਿੰਘ ਵਾਹਵਾ ਤਗੜੀ ਟੋਲੀ ਨਾਲ ਦੁਪਹਿਰ ਵੇਲੇ ਕੈਂਪ ਨੂੰ ਜਾਣ ਲਈ ਸਾਡੇ ਪਿੰਡ ਥਾਣੀ ਲੰਘਿਆ। ਉਹਨਾਂ ਦੇ ਹੱਥ ਵਿਚ ਦੇਗੀ ਲੋਹੇ ਦਾ ਬਣਿਆ ਇਕ ਛੋਟਾ ਜਿਹਾ ਹੱਥ ਗੋਲਾ, ਪੈਂਟ ਦੀ ਜੇਬ ਵਿਚ ਇਕ ਪਿਸਤੌਲ ਸੀ। ਉਹ ਸਾਰੇ ਬਹੁਤ ਘਬਰਾਏ ਹੋਏ ਅਤੇ ਨਿਢਾਲ ਸਨ। ਉਹਨਾਂ ਨੇ ਉੱਪਰ ਦੱਸੇ ਵਾਕਿਆ ਦੀ ਪੁਸ਼ਟੀ ਕੀਤੀ ਕਿ ਇਹ ਬਿਲਕੁਲ ਸੱਚ ਸੀ। ਭਲਿਰਾਂ ਦਾ ਸਾਕਾ ਦੱਸਦਿਆਂ ਉਹਨਾਂ ਦੀ ਜ਼ੁਬਾਨ ਅਤੇ ਹੌਂਸਲਾ ਉਹਨਾਂ ਦਾ ਸਾਥ ਨਹੀਂ ਦੇ ਰਹੇ ਸਨ। ਗੱਲ ਗੱਲ ਨਾਲ ਗਲੇਡੂ ਉਹਨਾਂ ਦੇ ਸੰਘ ਵਿਚੋਂ ਗੱਲ ਨੂੰ ਡੱਕ ਲੈਂਦੇ ਅਤੇ ਅੱਥਰੂ ਆ ਜਾਂਦੇ। ਉਹਨਾਂ ਦੀਆਂ ਅੱਖਾਂ ਬੇਰਾਂ ਵਾਂਗੂ ਲਾਲ ਸੂਹੀਆਂ ਅਤੇ ਨਿਢਾਲ ਸਨ। ਉਹ ਵੀ ਆਪਣੇ ਪਰਿਵਾਰ ਦੇ ਕਈ ਜੀਅ ਕਤਲ ਕਰਵਾ ਆਏ ਸਨ। ਹੁਣ ਉਹ ਸਾਡੇ ਪਿੰਡ ਜਾਂ ਹੋਰ ਥਾਂ ਰੁਕਣਾ ਚੰਗਾ ਨਹੀਂ ਸਮਝ ਰਹੇ ਸਨ ਅਤੇ ਇਸ ਲਈ ਉਹਨਾਂ ਉਸੇ ਤਰ੍ਹਾਂ ਅੱਗੇ ਸੱਚੇ ਸੌਦੇ ਕੈਂਪ ਨੂੰ ਚਾਲੇ ਪਾ ਦਿੱਤੇ।

ਬਿਸ਼ਨ ਸਿੰਘ ਮਿਸਤਰੀ ਸਖ਼ਤ ਮਿਹਨਤ ਸਦਕਾ ਹੁਣ ਇਕ ਹੋਰ ਪਿਸਤੌਲ ਬਣਾਉਣ ਵਿਚ ਕਾਮਯਾਬ ਹੋ ਗਿਆ ਸੀ ਅਤੇ ਪੰਦਰਾਂ ਵੀਹਾਂ ਦਿਨ ਪਹਿਲਾਂ ਭਾਈਆ ਜੀ ਕੋਲੋਂ ਬਣਾਏ ਪਹਿਲੇ ਪਿਸਤੌਲ ਦਾ ਪ੍ਰਯੋਗ ਕਰਵਾਉਂਦਿਆਂ ਪਿਸਤੌਲ ਦੀ ਨਾਲੀ ਫਟਣ ਨਾਲ ਜੋ ਕਾਰਤੂਸ ਦੇ ਛੱਰੇ ਭਾਈਆ ਜੀ ਦੇ ਹੱਥਾਂ ਤੇ ਵੱਜਣ ਨਾਲ ਜ਼ਖ਼ਮੀ ਹੋ ਗਏ ਸਨ, ਹੁਣ ਜਖ਼ਮ ਬਿਲਕੁਲ ਠੀਕ ਹੋ ਗਏ ਸਨ। ਪ੍ਰੰਤੂ ਦੂਸਰੀ ਵਾਰ ਪਿਸਤੌਲ ਦੀ ਸੋਧੀ ਹੋਈ ਵੰਨਗੀ ਨੂੰ ਉਹਨਾਂ ਮੁੜ ਕੇ ਪ੍ਰਯੋਗ ਕਰਨ ਤੋਂ ਨਾਂਹ ਕਰ ਦਿੱਤੀ। ਜਿਸ ਨਾਲ ਮਿਸਤਰੀ ਬਿਸ਼ਨ ਸਿੰਘ ਬੜਾ ਨਿਰਾਸ਼ ਹੋਇਆ। ਭਾਈਆ ਜੀ ਨੇ ਕਿਹਾ ਕਿ ਮਿਸਤਰੀ ਜੀ ਹੁਣ ਸਾਡੇ ਕੋਲ ਇਹਨਾਂ ਪ੍ਰਯੋਗਾਂ ਦਾ ਸਮਾਂ ਉੱਕਾ ਹੀ ਨਹੀਂ ਹੈ। ਸਾਨੂੰ ਆਪਣੀ ਸੁਰੱਖਿਆ ਹੱਥਲੇ ਹਥਿਆਰਾਂ ਨਾਲ ਹੀ ਕਰਨੀ ਪੈਣੀ ਹੈ।

**ਹਮਲੇ ਦੇ ਸੰਕੇਤ** :- ਅਗਲੇ ਦਿਨ ਨਿੱਕੀਆਂ ਅਤੇ ਵੱਡੀਆਂ ਥੋਥੀਆਂ ਵੱਲੋਂ ਢੋਲ ਵੱਜਣ ਦੀਆਂ ਆਵਾਜ਼ਾਂ ਆਉਣ ਲੱਗ ਪਈਆਂ। ਇੰਝ ਜਾਪ ਰਿਹਾ ਸੀ ਕਿ ਸਾਡੇ ਉੱਤੇ ਵੀ ਹਮਲਾ ਹੋਇਆ ਕਿ ਹੋਇਆ। •

# ਸਿਰੋਂ ਸੱਖਣੇ ਲੋਕ / ਖੋਜੀ ਕਾਫਰ

ਸਾਹਿਤਕਾਰ ਖੋਜੀ ਕਾਫਰ ਨੇ ਦੋ ਨਾਟਕ ਅਤੇ ਦੋ ਇਕਾਂਗੀ ਸੰਗ੍ਰਹਿ ਪ੍ਰਧਾਨ ਕਰਕੇ ਸਾਹਿਤ ਵਿਚ ਆਪਣੀ ਵੱਖਰੀ ਪਛਾਣ ਕਾਇਮ ਕੀਤੀ ਹੈ। 'ਸਿਰੋਂ ਸੱਖਣੇ ਲੋਕ' ਲੇਖਕ ਦੀ ਨਾਵਲ ਵਿਧਾ ਵਿਚ ਪਲੇਠੀ ਰਚਨਾ ਹੈ। ਇਹ ਨਾਵਲ ਮੋਟੇ ਤੌਰ 'ਤੇ ਪਾਠਕਾਂ ਨੂੰ 1947 ਭਾਰਤ-ਪਾਕਿਸਤਾਨ ਵੰਡ-ਦੁਖਾਂਤ ਦੀ ਝੋਲੀ ਪਰ ਯਥਾਰਥਮਈ ਤਸਵੀਰ ਦਿਖਾਉਂਦਾ ਹੈ। ਸਮੁੱਚੇ ਤੌਰ 'ਤੇ ਨਾਵਲ ਵਿਚ ਦੋ ਤੰਦਾਂ ਸਮਾਂਤਰ ਕਾਰਜਸ਼ੀਲ ਰਹਿੰਦੀਆਂ ਹਨ। ਇੱਕ ਤਾਂ ਹੈ, 1947 ਦੀ ਵੰਡ ਤੋਂ ਪਹਿਲਾਂ ਲਾਹੌਰ ਦੇ ਮੈਡੀਕਲ ਕਾਲਜ ਵਿਚ ਪੜ੍ਹਦੇ ਇੱਕ ਸਿੱਖ ਮੁੰਡੇ ਪਿਆਰਾ ਸਿੰਘ ਰੰਧਾਵਾ (ਨਾਇਕ) ਅਤੇ ਮੁਸਲਿਮ ਕੁੜੀ ਸ਼ਹਿਨਾਜ਼ (ਨਾਇਕਾ) ਦੀ ਪ੍ਰੇਮ-ਕਹਾਣੀ ਅਤੇ ਦੂਜੀ ਹੈ, ਭਾਰਤ-ਪਾਕਿਸਤਾਨ ਵਿਚ ਸਿਆਸੀ ਫਰੇਬ ਅਤੇ ਮਜ਼ਹਬੀ ਫਿਰਕੂਪੁਣੇ ਤੋਂ ਉਪਜੇ ਭਿਆਨਕ ਇਤਿਹਾਸਕ ਹਾਦਸਿਆਂ ਦੀ ਦੁਖਾਂਤਮਈ ਕਹਾਣੀ।

ਨਾਵਲ ਦੀ ਕਹਾਣੀ ਵਿਚ (ਨਾਇਕਾ) ਸ਼ਹਿਨਾਜ਼ ਇਕ ਮੁਸਲਿਮ ਹੋਣ ਦੇ ਬਾਵਜੂਦ, ਇੱਕ ਸਿੱਖ (ਨਾਇਕ) ਪਿਆਰਾ ਸਿੰਘ ਰੰਧਾਵਾ ਨਾਲ ਮੁਹੱਬਤ ਦੀ ਪੀਂਘ ਝੂਟਦੀ ਹੈ। ਸ਼ਹਿਨਾਜ਼ ਦਾ ਰਈਸ ਬਾਪੂ ਮਿਰਜ਼ਾ ਹਸਨ ਖਾਂ, ਜੋ ਕਿ ਜਵਾਨੀ ਸਮੇਂ ਇੱਕ ਹਿੰਦੂ ਕੁੜੀ ਪੁਸ਼ਪਾ ਸੋਨੀ ਨਾਲ ਮਜ਼ਹਬੀ ਫਸਾਦਾਂ ਕਾਰਣ ਆਪਣੀ ਮੁਹੱਬਤ ਸਿਰੇ ਚਾੜ੍ਹਨ ਵਿਚ ਅਸਫ਼ਲ ਰਹਿੰਦਾ ਹੈ, ਅੱਧਖੜ ਉਮਰ ਵਿਚ ਆ ਕੇ ਆਪਣੀ ਧੀ ਸ਼ਹਿਨਾਜ਼ ਦੀ ਮਜ਼ਹਬੀ ਫ਼ਰਕਾਂ ਤੋਂ ਨਿਰਲੇਪ ਮੁਹੱਬਤ ਦੇ ਖਿਲਾਫ਼ ਖੜ੍ਹਾ ਹੋ ਜਾਂਦਾ ਹੈ। ਹਾਲਾਤਾਂ ਦੇ ਅਜਿਹੇ ਤਕਾਜ਼ੇ ਦਰਮਿਆਨ, ਘਰ-ਪਰਿਵਾਰ ਦੇ ਨਾਲ-ਨਾਲ ਹੀ ਸਮੁੱਚੇ ਸਮਾਜਿਕ ਹਾਲਾਤ ਦਾ ਸ਼ਹਿਨਾਜ਼-ਪਿਆਰਾ ਦੀ ਮੁਹੱਬਤ ਵਿਚ ਵੱਡਾ ਪੱਥਰ ਬਣ ਕੇ ਖੜ੍ਹੇ ਹੋ ਜਾਂਦੇ ਹਨ। ਸਿਆਸੀ ਫਰੇਬ ਅਤੇ ਮਜ਼ਹਬੀ ਫਿਰਕੂਪੁਣੇ ਕਾਰਣ ਭਾਰਤ-ਪਾਕਿਸਤਾਨ 1947 ਵੰਡ-ਦੁਖਾਂਤ ਵਾਪਰਦਾ ਹੈ। ਵੰਡ ਸਮੇਂ ਹਿੰਦੂ-ਸਿੱਖਾਂ ਨੂੰ ਪਾਕਿਸਤਾਨੀ ਪੰਜਾਬ ਛੱਡਣਾ ਪੈਂਦਾ ਹੈ ਅਤੇ ਦੋਵੇਂ ਪ੍ਰੇਮੀ ਵਿਛੜ ਜਾਂਦੇ ਹਨ। ਸ਼ਹਿਨਾਜ਼ ਪਾਕਿਸਤਾਨ ਪੰਜਾਬ ਵਿਚ ਰਹਿ ਜਾਂਦੀ ਹੈ ਅਤੇ ਪਿਆਰਾ ਭਾਰਤ ਪੰਜਾਬ ਵਿਚ ਚਲਾ ਜਾਂਦਾ ਹੈ। ਵੰਡ-ਦੁਖਾਂਤ ਦੇ ਸਮੁੱਚੇ ਪ੍ਰਕੋਪ ਦਰਮਿਆਨ ਲੱਖਾਂ-ਕਰੋੜਾਂ ਦੀ ਤਾਦਾਦ ਵਿਚ ਆਮ ਜਨਤਾ ਉੱਤੇ ਵਹਿਸ਼ੀਆਨਾ ਕਹਿਰ ਵਰਸਦਾ ਹੈ। ਇਸ ਸਮੇਂ ਮਜ਼ਹਬੀ ਫਿਰਕੂਪੁਣੇ ਤੋਂ ਉਪਜੇ ਵੱਢ-ਟੁੱਕ, ਸਾੜ-ਫੂਕ, ਜਬਰ-ਜਿਨਾਹ, ਗੁੰਡਾਗਰਦੀ, ਲੁੱਟ-ਖੋਹ ਆਦਿ ਅਨੇਕਾਂ ਵਹਿਸ਼ੀਆਨਾ ਹਰਕਤਾਂ ਦੀ ਆਮ ਜਨਤਾ ਸ਼ਿਕਾਰ ਬਣਦੀ ਹੈ। ਆਮ ਜਨਤਾ ਘਰੋਂ ਬੇਘਰ ਹੁੰਦੀ ਹੈ। ਨਾਇਕ ਪਿਆਰਾ ਸਿੰਘ ਦੀ ਮਾਂ ਇਸ ਸਮੇਂ ਸਦਾ ਦੀ ਨੀਂਦ ਸੌਂ ਜਾਂਦੀ ਹੈ ਅਤੇ ਉਹ ਆਪਣੀ ਛੋਟੀ ਇਕਲੌਤੀ ਭੈਣ ਅੰਮ੍ਰਿਤ ਨਾਲ ਭਾਰਤ-ਪੰਜਾਬ ਪਹੁੰਚਦਾ ਹੈ। ਵੰਡ ਦੌਰਾਨ ਦੋਵੇਂ ਪ੍ਰੇਮੀ ਸ਼ਹਿਨਾਜ਼-ਪਿਆਰਾ ਜਿਸਮਾਂ ਪੱਖੋਂ ਭਾਵੇਂ ਵਿਛੜ ਜਾਂਦੇ ਹਨ



ਪਰ ਉਨ੍ਹਾਂ ਦੀਆਂ ਰੂਹਾਂ ਵਿਚ ਵੱਸੀ ਬਿਰਹਾ ਉਨ੍ਹਾਂ ਨੂੰ ਅਲੱਗ ਨਹੀਂ ਹੋਣ ਦਿੰਦੀ। ਭਾਰਤ-ਪਾਕਿਸਤਾਨ ਪੰਜਾਬਾਂ ਵਿਚ ਅਲੱਗ-ਅਲੱਗ ਵਿਚਰਦੇ ਵੀ ਦੋਵੇਂ ਆਪਣੇ ਅੰਦਰ ਮਿਲਾਪ ਦੀ ਆਸ ਦਾ ਦੀਵਾ ਜਗਾਈ ਰੱਖਦੇ ਹਨ।

ਨਾਵਲਕਾਰ ਆਦਰਸ਼ਵਾਦੀ ਸੋਚ ਦਾ ਧਾਰਨੀ ਹੈ ਅਤੇ ਇਸੇ ਲਈ ਉਸਨੇ ਨਾਵਲ ਦੇ ਅੰਤ ਵਿਚ ਲਗਭਗ ਦੋ ਦਹਾਕਿਆਂ ਦੇ ਬਾਅਦ ਦੋਵੇਂ ਵਿਛੜੇ ਪ੍ਰੇਮੀਆਂ (ਪਿਆਰਾ ਅਤੇ ਸ਼ਹਿਨਾਜ਼) ਨੂੰ ਬੁੱਦਾਪੈਸਟ (ਯੂਰਪ) ਦੀ ਕਨਵੈਨਸ਼ਨ ਵਿਚ ਮਿਲਾ ਦਿੱਤਾ ਹੈ, ਜਦੋਂ ਕਿ ਦੋਵੇਂ ਚਾਲੀਆਂ ਤੋਂ ਟੱਪ ਚੁੱਕੇ ਹਨ। ਇਸ ਤੋਂ ਇਲਾਵਾ ਅੰਤ ਵਿਚ ਹੀ ਨਾਵਲਕਾਰ ਨੇ ਦੋਵਾਂ ਨੂੰ ਯੂਰਪ ਵਿਚ ਇੱਕ ਅੰਗਰੇਜ਼ ਡਾਕਟਰ ਲਿੰਡਾ ਹਰਿੰਗਟਨ ਦੀ ਮਦਦ ਨਾਲ 'ਪੰਜਾਬ ਪੀਸ ਫਾਊਂਡੇਸ਼ਨ' ਉਸਾਰਨ ਬਾਰੇ ਵਿਚਾਰ ਕਰਦਿਆਂ ਦੱਸਿਆ ਹੈ।

ਲੇਖਕ ਨੇ ਨਾਵਲ ਵਿਚ ਵੰਡ-ਦੁਖਾਂਤ ਸਮਕਾਲੀਨ ਇਤਿਹਾਸਕ ਤਸਵੀਰ ਦੇ ਅਨੇਕਾਂ ਪਹਿਲੂਆਂ ਨੂੰ ਵਧੇਰੇ ਯਥਾਰਥਮਈ ਰੂਪ ਵਿਚ ਸਿਰਜਣ ਲਈ ਅਨੇਕਾਂ ਹੀ ਉਪ-ਕਥਾਵਾਂ, ਉਪ ਪਲਾਟ ਅਤੇ ਗੌਣ ਪਾਤਰਾਂ ਦਾ ਸਹਾਰਾ ਲਿਆ ਹੈ, ਜਿਸ ਕਰਕੇ ਨਾਵਲ ਦੇ ਪਲਾਟ ਦੀ ਗੋਂਦ, ਕੁਝ ਥਾਵਾਂ ਦੇ ਕਾਫ਼ੀ ਗੁੰਝਲਦਾਰ ਹੋ ਜਾਂਦੀ ਹੈ। ਨਾਵਲ ਵਿਚ ਵੰਡ-ਦੁਖਾਂਤ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਨ ਪੱਖੋਂ ਲੇਖਕ ਨੂੰ ਸਫ਼ਲ ਕਿਹਾ ਜਾ ਸਕਦਾ ਹੈ। ਇਸ ਤੋਂ ਸਿਵਾ ਲੇਖਕ ਦੀ ਇਹ ਵੀ ਪ੍ਰਾਪਤੀ ਰਹੀ ਹੈ ਕਿ ਆਪਣੀ ਵਿਅੰਗਮਈ ਸੂਝ ਦੇ ਜ਼ਰੀਏ ਉਸਨੇ ਵੰਡ-ਦੁਖਾਂਤ ਦੇ ਵਾਪਰਨ ਦੇ ਕਾਰਨਾਂ ਅਤੇ ਪ੍ਰਭਾਵਾਂ ਉੱਤੇ ਵੀ ਦਲੀਲਮਈ ਢੰਗ ਨਾਲ ਰੌਸ਼ਨੀ ਪਾਈ ਹੈ। ਸਿੱਖ, ਮੁਸਲਿਮ ਅਤੇ ਹਿੰਦੂ ਫਿਰਕਿਆਂ ਦੀਆਂ ਮਜ਼ਹਬੀ ਫਿਤਰਤਾਂ ਨੂੰ ਕਟਾਖ਼ਸ਼ ਦੀ ਮਦਦ ਨਾਲ ਸੋਹਣੀ ਤਰ੍ਹਾਂ ਉਘਾੜਿਆ ਗਿਆ ਹੈ।

ਨਾਵਲ ਵਿਚ ਥਾਂ-ਪਰ-ਥਾਂ ਮੌਕਾ ਮੇਲ ਦੀ ਬਾਖ਼ੂਬੀ ਵਰਤੋਂ ਕੀਤੀ ਗਈ ਹੈ। ਰੁਮਾਂਸ ਦੀ ਮਦਦ ਨਾਲ ਦੁਖਾਂਤਮਈ ਇਤਿਹਾਸਕ ਕਹਾਣੀ ਵੀ ਗਿਆਨ ਭਰਪੂਰ ਅਤੇ ਵਧੇਰੇ ਦਿਲਚਸਪ ਹੋ ਗਈ ਹੈ। ਪਾਠਕ ਆਦਿ ਤੋਂ ਅੰਤ ਤੱਕ ਇਸ ਨਾਵਲ ਨੂੰ ਪੜ੍ਹਨ ਲਈ ਉਤਾਵਲਾ ਰਹਿੰਦਾ ਹੈ। ਬੋਲੀ ਸ਼ੈਲੀ ਪੱਖੋਂ ਇਸ ਨਾਵਲ ਵਿਚ ਵਰਤੇ ਗਏ ਉਰਦੂ ਦੇ ਵਧੇਰੇ ਲਫ਼ਜ਼ ਕਿਤੇ-ਕਿਤੇ ਪਾਠਕ ਲਈ ਰੋਕ ਬਣਦੇ ਪ੍ਰਤੀਤ ਹੁੰਦੇ ਹਨ, ਇਹੀ ਇਸ ਨਾਵਲ ਦੀ ਅੰਸ਼ਕ ਮਾਤਰ ਕਮਜ਼ੋਰੀ ਭਾਸਦੀ ਹੈ।

ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਇਹ ਨਾਵਲ 1947 ਦੇ ਭਾਰਤ-ਪਾਕਿਸਤਾਨ ਵੰਡ ਦੁਖਾਂਤ ਦੀ ਇਤਿਹਾਸਕ ਕਹਾਣੀ ਦੱਸਦਾ ਹੋਇਆ, ਪਾਠਕਾਂ ਨੂੰ ਭਵਿੱਖ ਵਿਚ ਮਜ਼ਹਬੀ ਫਿਰਕੂਪੁਣੇ ਜਿਹੇ ਮੂਰਖਪੁਣੇ ਤੋਂ ਉੱਪਰ ਉੱਠ ਕੇ ਦਿਲਾਂ ਵਿਚ ਭਾਈਚਾਰਕ ਸਾਂਝਾਂ ਕਾਇਮ ਕਰਨ ਦੀ ਤਜਵੀਜ਼ ਪੇਸ਼ ਕਰਦਾ ਹੈ। •

ਰਮਨਦੀਪ ਕੌਰ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

# ਸ਼ਾਇਰੀ ਦੀ ਸਿਰਜਨਾਤਮਕ ਸਹਿਜਤਾ ਦਾ ਸੁਆਲ

ਨਿਰੰਜਣ ਬੋਹਾ

ਸੁਲੱਖਣ ਸਰਹੱਦੀ ਦੇ ਗ਼ਜ਼ਲ ਸੰਗ੍ਰਹਿ 'ਬਸਤੀ ਬਸਤੀ ਜੰਗਲ' ਦੇ ਭਾਵੁਕਤਾ ਮੁਕਤ ਪਾਠ ਉਪਰੰਤ 'ਚਿਰਾਗ਼' ਦੇ ਅੰਕ ਵਿਚੋਂ ਇਸ ਸੰਗ੍ਰਹਿ ਦੀ ਗ਼ਜ਼ਲੀਅਤ ਬਾਰੇ ਭਾਵਪੂਰਤ ਵਾਦ-ਵਿਵਾਦ ਛੇੜਦੇ ਸੂਫ਼ੀ ਅਮਰਜੀਤ ਤੇ ਸੁਰਜੀਤ ਜੱਜ ਦੇ ਆਲੋਚਨਾਤਮਕ ਨਿਬੰਧਾਂ ਨੂੰ ਪੜ੍ਹਨਾ ਮੇਰੇ ਲਈ ਆਨੰਦਦਾਇਕ ਅਮਲ ਰਿਹਾ। ਇਨ੍ਹਾਂ ਦੋਵੇਂ ਨਿਬੰਧਾਂ ਦਾ ਪਾਠ-ਅਨੰਦ ਆਲੋਚਕਾਂ ਵਲੋਂ ਸਿਰਜੇ ਗਏ ਸੰਵਾਦ ਨੂੰ ਅੱਗੇ ਤੋਰਨ ਦੀ ਉਤਸੁਕਤਾ ਵੀ ਪੈਦਾ ਕਰਦਾ ਹੈ। ਆਲੋਚਕਾਂ ਦਾ ਸਾਹਿਤਕ ਦ੍ਰਿਸ਼ਟੀਕੋਣ ਵੱਖ-ਵੱਖਰਾ ਹੈ ਇਸ ਲਈ ਪਾਠਕ ਦੇ ਮਨ ਵਿਚ ਇਹ ਦੁਬਿਧਾ ਪੈਦਾ ਹੋਣੀ ਸੁਭਾਵਿਕ ਹੈ ਕਿ ਉਹ ਇਕ ਜਾਂ ਦੂਸਰੇ ਆਲੋਚਕ ਦੇ ਦ੍ਰਿਸ਼ਟੀਕੋਣ ਦੀ ਪ੍ਰੋੜ੍ਹਤਾ ਕਰੇ ਜਾਂ ਫਿਰ ਆਪਣੀ ਸੂਝ ਦੀ ਸਮਰੱਥਾ ਤੇ ਵਿਵੇਕ ਅਨੁਸਾਰ ਸਿਰਜੇ ਨਵੇਂ ਸਾਹਿਤਕ ਦ੍ਰਿਸ਼ਟੀਕੋਣ ਤੋਂ ਸੁਲੱਖਣ ਸਰਹੱਦੀ ਦੀ ਗ਼ਜ਼ਲਈ ਚੇਤਨਾ ਨੂੰ ਵਿਸ਼ਲੇਸ਼ਿਤ ਕਰੇ।

ਸੁਲੱਖਣ ਸਰਹੱਦੀ ਦੀ ਸ਼ਾਇਰੀ ਦਾ ਵਿਚਾਰਧਾਰਕ ਪਰਿਪੇਖ ਸਮਕਾਲੀਨ ਸਮਾਜਿਕਤਾ ਅਤੇ ਇਸਦੇ ਅੰਤਰ ਮੁਖੀ ਤੇ ਬਾਹਰ-ਮੁਖੀ ਸਰੋਕਾਰਾਂ ਨਾਲ ਪੂਰੀ ਤਰ੍ਹਾਂ ਵਾ-ਬਸਤਾ ਹੈ। ਉਸਦੀ ਸ਼ਾਇਰੀ ਲੋਕ ਪ੍ਰਤੀਬੱਧਤਾ ਦੇ ਅਰਥਾਂ ਨੂੰ ਪਰਿਭਾਸ਼ਤ ਹੀ ਨਹੀਂ ਕਰਦੀ ਸਗੋਂ ਯਥਾਰਥਕ ਧਰਾਤਲ ਤੇ ਇਨ੍ਹਾਂ ਅਰਥਾਂ ਨੂੰ ਸਾਕਾਰ ਹੋਇਆ ਵੇਖਣ ਦੀ ਵੀ ਇੱਛੁਕ ਹੈ। ਇਸੇ ਸੰਦਰਭ ਵਿਚ ਸੂਫ਼ੀ ਅਮਰਜੀਤ ਦਾ ਲੇਖ ਜਿੱਥੇ ਸਰਹੱਦੀ ਦੀ ਸ਼ਾਇਰੀ ਦੇ ਬਾਹਰਮੁਖੀ ਸਰੋਕਾਰਾਂ ਦੀ ਖੁੱਲ੍ਹੇ ਦਿਲ ਨਾਲ ਪ੍ਰਸ਼ੰਸਾ ਕਰਦਾ ਹੈ, ਉੱਥੇ ਉਹ ਗ਼ਜ਼ਲਗੋ ਨੂੰ ਸੁਝਾਅ ਵੀ ਦਿੰਦਾ ਹੈ ਕਿ ਉਹ ਅਚੇਤ ਜਾਂ ਸੁਚੇਤ ਰੂਪ ਵਿਚ ਅਧਿਆਤਮਵਾਦੀ ਅੰਤਰਮੁਖਤਾ ਦੀ ਏਨੀ ਗਹਿਰਾਈ ਵਿਚ ਨਾ ਜਾਵੇ ਕਿ ਉਸਦੀ ਲੋਕ ਪ੍ਰਤੀਬੱਧਤਾ ਦਾ ਪ੍ਰਭਾਵ ਪੇਤਲਾ ਮਹਿਸੂਸ ਹੋਣ ਲੱਗ ਪਏ। ਇਸਦੇ ਉਲਟ ਸੁਰਜੀਤ ਜੱਜ ਅਜਿਹੀ ਲੋਕ ਪ੍ਰਤੀਬਧਤਾ ਨੂੰ ਪੂਰਵ-ਮਿਥਿਤ ਧਾਰਨਾਵਾਂ, ਘਟਾਓਵਾਦੀ ਬਿਰਤੀਆਂ, ਉਪਦੇਸ਼ਾਤਮਕ ਤੇ ਉਦੇਸ਼ਾਤਮਕ ਰੁਚੀਆਂ, ਆਦੇਸ਼ ਮੂਲਕ ਨਸੀਹਤਾਂ, ਸਵੈ ਸਿਰਜਤ ਇੱਛਾ-ਪੂਰਤੀਆਂ ਦੀਆਂ ਦੁਆ ਮੂਲਕ ਅਰਜੋਈਆਂ ਤੇ ਬੇਬਹਵਾ ਸ਼ੇਰ ਆਦਿ ਨਾਂ ਦੇ ਕੇ ਇਸਨੂੰ ਸ਼ਾਇਰੀ ਤੇ ਸ਼ਿਅਰੀਅਤ ਦੀ ਸਿਰਜਣਾਤਮਿਕ ਸਹਿਜਤਾ ਲਈ ਨੁਕਸਾਨਦੇਹ ਕਰਾਰ ਦਿੰਦਾ ਹੈ। ਅਲੋਚਕ ਅਨੁਸਾਰ ਅਜਿਹੀ ਸਥਿਤੀ ਵਿਚ ਸ਼ਿਅਰ ਵੀ ਸ਼ਿਅਰੀਅਤ ਦੁਜੈਲੀ ਥਾਂ ਤੇ ਚਲੀ ਜਾਂਦੀ ਹੈ ਤੇ ਲੇਖਕ ਦੀ ਮਨ-ਇੱਛਤ ਧਾਰਨਾ ਪ੍ਰਾਥਮਿਕਤਾ ਗ੍ਰਹਿਣ ਕਰ ਜਾਂਦੀ ਹੈ। ਅਲੋਚਕ ਦਾ ਇਹ ਵੀ ਮੱਤ ਹੈ ਕਿ ਸਿਰਜਨਾਤਮਕ ਸਹਿਜਤਾ ਦੀ ਸਥਿਤੀ ਵਿਚ ਹੀ ਸ਼ਾਇਰੀ ਬਹੁ-ਪਰਤੀ ਅਰਥ ਘੇਰੇ ਸਿਰਜਣ ਦੇ ਸਮਰੱਥ ਹੁੰਦੀ ਹੈ। ਦੋਹੇਂ ਲੇਖ ਪੜ੍ਹਨ ਉਪਰੰਤ ਮੇਰੇ ਵਿਚਾਰ ਸੂਫ਼ੀ ਅਮਰਜੀਤ ਦੇ ਲੇਖ "ਰਾਜਨੀਤੀ ਦਾ ਸੁਖ਼ਨਵਰ - ਸਰਹੱਦੀ" ਨਾਲ ਹੀ ਆਪਣੀ ਵਧੇਰੇ ਇਕਸੁਰਤਾ ਕਾਇਮ ਕਰ ਸਕੇ ਹਨ, ਜਦੋਂ ਕਿ ਸੁਰਜੀਤ ਜੱਜ ਦੇ ਲੇਖ "ਰਿਵਾਇਤ ਮੁਖ਼ਤਾ ਤੋਂ ਆਧੁਨਿਕ ਸੰਵੇਦਨਾ" ਵੱਲ ਸਰਕਦੀ ਸ਼ਾਇਰੀ ਵਿਚਲੀਆਂ ਸਾਹਿਤਕ ਧਾਰਨਾਵਾਂ ਤੋਂ ਉਪਜਿਆ ਸੰਵਾਦ ਇਸ ਚਰਚਾ ਨੂੰ ਹੋਰ ਅੱਗੇ ਤੋਰਨ ਦੀ ਮੰਗ ਕਰਦਾ ਹੈ।



ਸੁਲੱਖਣ ਸਰਹੱਦੀ ਦਾ ਸ਼ੁਮਾਰ, ਉਨ੍ਹਾਂ ਲੇਖਕਾਂ ਵਿਚ ਹੈ ਜੋ ਲੋਕ ਸੰਗਰਾਮਾਂ ਨਾਲ ਮਾਨਸਿਕ ਅਤੇ ਕ੍ਰਿਆਤਮਿਕ ਨੇੜਤਾ ਰੱਖਦੇ ਹਨ। ਇਸ ਲਈ ਲੋਕ ਸੰਘਰਸ਼ਾਂ ਦੇ ਵਿਭਿੰਨ ਪਸਾਰਾਂ ਤੇ ਸਰੋਕਾਰਾਂ ਦੀ ਤਰਜਮਾਨੀ ਹੀ ਉਸਦੇ ਜੀਵਨ ਅਨੁਭਵ ਦਾ ਵਡੇਰਾ ਹਿੱਸਾ ਹੈ। ਹੁਣ ਸਾਡੇ ਵਿਚਾਰਣ ਗੋਚਰਾ ਸੁਆਲ ਇਹ ਹੈ ਕਿ ਕੀ ਕੋਈ ਸ਼ਾਇਰ ਆਪਣੇ ਅਨੁਭਵ ਖੇਤਰ ਤੋਂ ਬਾਹਰ ਜਾ ਕੇ ਆਪਣੀ ਸ਼ਾਇਰੀ ਦੀ ਸਿਰਜਨਾਤਮਿਕ ਸਹਿਜਤਾ ਬਰਕਰਾਰ ਰੱਖ ਸਕਦਾ ਹੈ। ਇਥੇ ਇਕ ਸੁਆਲ ਇਹ ਵੀ ਪੈਦਾ ਹੁੰਦਾ ਹੈ ਕਿ ਉਹ ਆਪਣੇ ਅਨੁਭਵਾਂ ਦੀ ਸ਼ਿੱਦਤ ਨੂੰ ਹੀ ਪਾਠਕਾਂ ਤੀਕ ਸਹਿਜ ਰੂਪ ਵਿਚ ਪੁੱਜਦਾ ਕਰੇ ਜਾਂ ਕਿਸੇ ਅਜਿਹੇ ਪੈਗੰਬਰੀ ਸੰਦੇਸ਼ ਨੂੰ ਉਡੀਕੇ ਜਿਸ ਵਿਚ ਸ੍ਰੀ ਜੱਜ ਅਨੁਸਾਰ ਸ਼ਿਅਰ ਦੀ ਸ਼ਿਅਰੀਅਤ ਪ੍ਰਾਥਮਿਕਤਾ ਹਾਸਿਲ ਕਰ ਸਕੇ।

ਸ੍ਰੀ ਸੁਰਜੀਤ ਜੱਜ ਲੋਕ ਪ੍ਰਤੀਬੱਧ ਸ਼ਾਇਰੀ ਨੂੰ 'ਬਿਆਨਮੁਖੀ' ਸ਼ਾਇਰੀ ਦਾ ਦਰਜਾ ਦਿੰਦਿਆਂ ਲਿਖਦੇ ਹਨ ਕਿ ਅਜਿਹੀ ਸ਼ਾਇਰੀ ਇਕਹਿਰਾ ਅਰਥ ਹੀ ਸੰਚਾਰਤ ਕਰਦੀ ਹੈ। ਉਹ ਇਹ ਵੀ ਲਿਖਦੇ ਹਨ ਕਿ ਅਜਿਹੀ ਸ਼ਾਇਰੀ ਪਾਠਕ ਜਾਂ ਸਰੋਤੇ ਨੂੰ ਪਹਿਲੀ ਮਿਲਣੀ ਤੇ ਪਹਿਲੀ ਅਵਾਜ਼ੇ ਹੀ ਸਾਰਾ ਕੁਝ ਸੁਣਾ ਦਿੰਦੀ ਹੈ ਤੇ ਉਸਦੇ ਤਲਾਸ਼ਣ ਲਈ ਆਪਣੇ ਅੰਦਰ ਕੁਝ ਨਹੀਂ ਛੱਡਦੀ। ਇਸ ਸੰਬੰਧੀ ਮੈਂ ਨਿਮਰਤਾ ਸਹਿਤ ਕਹਿਣਾ ਚਾਹਾਂਗਾ ਕਿ ਲੋਕ ਸੰਵੇਦਨਾਵਾਂ ਦੇ ਮਰਮ ਤੀਕ ਨਾ ਪਹੁੰਚ ਸਕਣ ਵਾਲੇ ਵਿਸ਼ੇਸ਼ ਲੇਖਕ ਪਾਠਕ ਵਰਗ ਲਈ ਅਜਿਹੀ ਸ਼ਾਇਰੀ ਸੱਚਮੁੱਚ ਹੀ ਇਕਹਿਰੇ ਅਰਥ ਹੀ ਸਿਰਜੇਗੀ। ਪਰ ਜਿਹੜੇ ਪਾਠਕ ਆਪਣੀਆਂ ਸੰਵੇਦਨਾਵਾਂ ਨੂੰ ਸ਼ਾਇਰੀ ਵਿਚਲੀਆਂ ਲੋਕ ਪੀੜਾਂ ਨਾਲ ਇਕ ਸੁਰ ਕਰਨ ਦੀ ਸਮਰੱਥਾ ਰੱਖਦੇ ਹਨ, ਉਨ੍ਹਾਂ ਦੇ ਸੋਚਣ ਲਈ ਇਸ ਵਿਚ ਬਹੁਤ ਕੁਝ ਹੁੰਦਾ ਹੈ। ਅਜਿਹੀ ਸ਼ਾਇਰੀ ਦਾ ਮੰਤਵ ਆਪਣੇ ਸੁਹਜ ਸੁਆਦ ਰਾਹੀਂ ਪਾਠਕਾਂ ਨੂੰ ਵਿਸਮਾਦੀ ਅਵਸਥਾ ਵਿਚ ਲੈ ਜਾਣਾ ਨਹੀਂ ਹੁੰਦਾ ਸਗੋਂ ਇਹ ਤਾਂ ਪਾਠਕਾਂ ਦੀਆਂ ਮਨੋ ਬਿਰਤੀਆਂ ਵਿਚ ਉਤੇਜਨਾ ਪੈਦਾ ਕਰਕੇ ਉਨ੍ਹਾਂ ਦੀ ਚਿੰਤਨਸ਼ੀਲਤਾ ਵਿਚ ਵਾਧਾ ਕਰਦੀ ਹੈ। ਸ਼ਾਇਰੀ ਵਿਚ ਸਿਰਜਣਾਤਮਿਕ ਚੁੱਪ ਦੀ ਭਾਸ਼ਾ ਸਿਰਜਣ ਸੰਬੰਧੀ ਮੈਂ ਸ੍ਰੀ ਜੱਜ ਦੀ ਦਲੀਲ ਨਾਲ ਸਹਿਮਤ ਹਾਂ ਪਰ ਮੇਰੇ ਵਿਚਾਰ ਅਨੁਸਾਰ ਇਹ ਚੁੱਪ ਇੰਨੀ ਰਹੱਸਵਾਦੀ ਨਹੀਂ ਹੋਣੀ ਚਾਹੀਦੀ ਕਿ ਸਿਰਜਕ ਦੀ ਵਿਚਾਰਧਾਰਾ ਇਸ ਵਿਚ ਗੁੰਮ ਹੋ ਜਾਵੇ ਜਾਂ ਅਰਥਾਂ ਦੇ ਅਨਰਥ ਹੀ ਹੋ ਜਾਣ।

ਸ੍ਰੀ ਸੁਰਜੀਤ ਜੱਜ ਸ਼ਾਇਰੀ ਦੇ ਸੱਚ ਨੂੰ ਮਨੁੱਖੀ ਤਰਕ ਬੋਧ ਤੋਂ ਉੱਤਮ ਦਰਜ਼ਾ ਦਿੰਦਿਆਂ ਲਿਖਦੇ ਹਨ ਕਿ ਅਨੇਕਾਂ ਭਾਂਤ ਦੇ ਤਰਕ ਵਿਤਰਕ ਕੀਤੇ ਜਾ ਸਕਦੇ ਹਨ ਪ੍ਰੰਤੂ ਇਹ ਸੱਚ ਦਾ ਬਦਲ ਨਹੀਂ ਹੋ ਸਕਦੇ। ਮੇਰੇ ਮੱਤ ਅਨੁਸਾਰ ਸ਼ਾਇਰੀ ਦਾ ਸੱਚ ਕਿਸੇ ਅਜਿਹੇ ਵਸਤੂਗਤ ਪਸਾਰ ਦੇ ਦਾਇਰੇ ਵਿਚ ਨਹੀਂ ਆਉਂਦਾ ਜਿਸ ਨੂੰ ਇਕ ਨਿਸ਼ਚਿਤ ਪਰਿਭਾਸ਼ਾ ਦਿੱਤੀ ਜਾ ਸਕੇ। ਜਮਾਤੀ ਸਮਾਜ ਵਿਚ ਹਰੇਕ ਵਰਗ ਦਾ ਆਪਣਾ ਸੱਚ ਹੁੰਦਾ ਹੈ ਤੇ ਸਮੇਂ ਤੇ ਸਥਿਤੀ ਅਨੁਸਾਰ ਸਾਹਿਤ ਵਿਚ ਇਹ ਸੱਚ ਨਵੇਂ ਅਰਥ ਗ੍ਰਹਿਣ ਕਰਦਾ ਰਹਿੰਦਾ ਹੈ। ਇਸ ਲਈ ਸਾਹਿਤਕ ਖੇਤਰ ਵਿਚ ਕਿਸੇ ਅੰਤਿਮ ਸੱਚ ਜਾਂ ਸਦੀਵੀਂ ਸੱਚ ਦੀ ਪੁਸ਼ਟੀ ਨਹੀਂ ਕੀਤੀ ਜਾ ਸਕਦੀ। ਹਰੇਕ ਲੇਖਕ ਆਪਣੀ ਸਮਾਜਿਕ ਹੋਂਦ ਤੋਂ ਉਪਜੇ ਤਰਕ ਅਨੁਸਾਰ ਹੀ ਆਪਣੇ ਸਾਹਿਤਕ ਸੱਚ ਦਾ ਨਿਰਧਾਰਨ ਕਰਦਾ ਹੈ। ਸੁਲੱਖਣ ਸਰਹੱਦੀ ਦੇ ਜੀਵਨ ਅਨੁਭਵ ਵਿਚ ਉਪਜੇ ਤਰਕ ਨੇ ਜਿਹੜੇ ਸਾਹਿਤਕ ਸੱਚ ਨੂੰ ਸਵੀਕਾਰਿਆ ਹੈ, ਸੰਭਵ ਹੈ ਕਿ ਉਹ ਸੁਰਜੀਤ

ਜੱਜ ਦੇ ਤਰਕ ਵਲੋਂ ਸਵੀਕਾਰੇ ਸੱਚ ਨਾਲ ਮੇਲ ਨਾ ਖਾਂਦਾ ਹੋਵੇ।

ਸੁਰਜੀਤ ਜੱਜ ਦਾ ਇਹ ਲੇਖ ਸਰੋਤਿਆਂ ਤੇ ਪਾਠਕਾਂ ਵਿਚਕਾਰ ਇਕ ਸਪੱਸ਼ਟ ਲੀਕ ਖਿੱਚ ਕੇ ਸ੍ਰੀ ਸਰਹੱਦੀ ਨੂੰ ਸਰੋਤਾ ਮੁਖੀ ਸ਼ਾਇਰੀ ਕਰਨ ਤੋਂ ਵਰਜਦਾ ਹੈ। ਉਸ ਅਨੁਸਾਰ ਸਰੋਤਾ ਮੁਖੀ ਸ਼ਾਇਰੀ ਸਥਾਪਤੀ, ਸਤਾ ਤੇ ਸਾਮਰਾਜ ਵਿਰੁੱਧ ਸ਼ੋਰ ਤਾਂ ਪੈਦਾ ਕਰ ਸਕਦੀ ਹੈ ਪਰ ਸਾਮਰਾਜੀ ਸ਼ਕਤੀ ਰੂਪੀ ਮੱਛੀ ਦੀ ਅੱਖ ਵਿੰਨਣ ਵਾਲਾ ਸ਼ਬਦ ਬਾਣ ਨਹੀਂ ਬਣ ਸਕਦੀ। ਇਸ ਲਿਹਾਜ ਨਾਲ 'ਪੱਗੜੀ ਸੰਭਾਲ ਜੱਟਾ' ਵਰਗੇ ਇਨਕਲਾਬੀ ਸਰੋਤਾ ਮੁਖੀ ਤਰਾਨੇ ਤਾਂ ਨਿਰਾ ਸ਼ੋਰ ਹੀ ਸਨ। ਜਦੋਂ ਕਿ ਇਤਿਹਾਸ ਗਵਾਹ ਹੈ ਕਿ ਇਨ੍ਹਾਂ ਤਰਾਨਿਆਂ ਨੇ ਆਜ਼ਾਦੀ ਸੰਘਰਸ਼ ਨੂੰ ਜੋਸ਼ੀਲਾ ਬਣਾਉਣ ਵਿਚ ਕਿੰਨੀ ਅਹਿਮ ਭੂਮਿਕਾ ਨਿਭਾਈ ਸੀ। ਜੇ ਅਸੀਂ ਸੁਰਜੀਤ ਜੱਜ ਦੀ ਉਪਰੋਕਤ ਧਾਰਨਾ ਨੂੰ ਸਮੁੱਚੇ ਸਾਹਿਤ ਅਤੇ ਲਾਗੂ ਕਰੀਏ ਤਾਂ ਨਕਸਲਬਾੜੀ ਲਹਿਰ ਦੇ ਪ੍ਰਭਾਵ ਅਧੀਨ ਰਚਿਆ ਗਿਆ ਸਾਰਾ ਜੁਝਾਰੂ ਕਾਵਿ ਸ਼ੋਰ ਕਹਿ ਕੇ ਰੱਦ ਕਰਨਾ ਪਵੇਗਾ। ਕੀ ਭਾਅ ਜੀ ਗੁਰਸ਼ਰਨ ਸਿੰਘ ਹੁਣ ਆਪਣੇ ਸਰੋਤਾਮੁਖੀ ਰਾਜਨੀਤਕ ਸੁਰ ਦੇ ਨਾਟਕ ਖੇਡਣੇ ਬੰਦ ਕਰ ਦੇਣ? ਕੀ 'ਮਸ਼ਾਲਾਂ ਬਾਲ ਕੇ ਰੱਖਣਾ ਜਦੋਂ ਤੀਕ ਰਾਤ ਬਾਕੀ ਹੈ' ਵਰਗੇ ਸਰੋਤਾਮੁਖੀ ਇਨਕਲਾਬੀ ਤਰਾਨੇ ਦੀ ਸਾਹਿਤਕ ਮਾਨਤਾ ਖ਼ਤਮ ਕਰ ਦਿੱਤੀ ਜਾਵੇ? ਸ੍ਰੀ ਜੱਜ ਨੂੰ ਇਹਨਾਂ ਸੁਆਲਾਂ ਦੇ ਰੂ-ਬਰੂ ਜ਼ਰੂਰ ਹੋਣਾ ਚਾਹੀਦਾ ਹੈ। ਜੇ ਇਹ ਸਭ ਕੁਝ ਸ਼ੋਰ ਹੈ ਤਾਂ ਸਾਮਰਾਜੀ ਤਾਕਤਾਂ ਦਾ ਪਰਦਾ ਫਾਸ਼ ਕਰਨ ਲਈ ਅਜਿਹਾ ਸ਼ੋਰ ਵੀ ਜ਼ਰੂਰੀ ਹੈ। ਅਸੀਂ ਸ਼ਿਅਰੀਅਤ ਦੇ ਸੁਹਜ ਸੁਆਦ ਅਤੇ ਸਿਰਜਨਾਤਮਿਕ ਸਹਿਜਤਾ ਦੀਆਂ ਲੋਰੀਆਂ ਦੇ ਕੇ ਪਾਠਕ ਨੂੰ ਨੀਂਦ ਦੀ ਅਵਸਥਾ ਵਿਚ ਨਹੀਂ ਲਿਜਾਣਾ ਸਗੋਂ ਕਲਾਤਮਿਕ ਸ਼ੋਰ ਪਾ ਕੇ ਉਸਨੂੰ ਆਲਮ ਨੀਂਦਦੇ ਤੋਂ ਜਗਾਉਣਾ ਹੈ ਤਾਂ ਕਿ ਉਹ ਆਪਣੇ ਹੱਕਾਂ ਤੇ ਹਿੱਤਾਂ ਨੂੰ ਸੁਚੇਤ ਹੋ ਕੇ ਆਪਣੀ ਸਮਾਜਿਕ ਭੂਮਿਕਾ ਨੂੰ ਪਹਿਚਾਣ ਸਕੇ। ਜੇ ਇਹ ਸ਼ੋਰ ਪਾਠਕਾਂ ਦੀ ਸਮਾਜਿਕ ਚੇਤਨਾ ਨੂੰ ਜਾਗ ਲਾਉਂਦਾ ਹੈ ਤਾਂ ਇਸਦਾ ਸੁਆਗਤ ਹੈ। ਮੈਂ ਇਸ ਸਾਹਿਤਕ ਧਾਰਨਾ ਦਾ ਮੁਦੱਈ ਹਾਂ ਕਿ ਜੇ ਘਟਨਾ ਸਾਹਿਤ ਪੈਦਾ ਕਰਦੀ ਹੈ ਤਾਂ ਸਾਹਿਤ ਵੀ ਪਰਤਾਵੇਂ ਰੂਪ ਵਿਚ ਕਿਸੇ ਇੱਛਤ ਘਟਨਾ ਨੂੰ ਜਨਮ ਦੇ ਸਕਦਾ ਹੈ।

ਮੈਂ ਇਸ ਗੱਲ ਦੀ ਸ਼ਲਾਘਾ ਕਰਦਾ ਹਾਂ ਕਿ ਜਨਾਬ ਸੁਰਜੀਤ ਜੱਜ, ਸੁਲੱਖਣ ਸਰਹੱਦੀ ਦੀ ਮਨੁੱਖਤਾ ਹਿਤੈਸ਼ੀ ਸੁਹਿਰਦਤਾ ਦੇ ਪ੍ਰਸ਼ੰਸਕ ਹਨ। ਉਹਨਾਂ ਦੀ ਧਾਰਨਾ ਅਨੁਸਾਰ ਸ੍ਰੀ ਸਰਹੱਦੀ ਨੂੰ ਸਮਾਜਿਕ ਵਰਤਾਰੇ ਦੀ ਸਮਝ ਵੀ ਹੈ ਤੇ ਉਹ ਉਸ ਨੂੰ ਸਹੀ ਦ੍ਰਿਸ਼ਟੀਕੋਨ ਤੋਂ ਪਕੜਨ ਦੀ ਸਮਰੱਥਾ ਵੀ ਰੱਖਦਾ ਹੈ। ਪਰ ਸ੍ਰੀ ਜੱਜ ਅਤੇ ਸੁਲੱਖਣ ਸਰਹੱਦੀ ਦੀ ਸ਼ਾਇਰੀ ਨੂੰ ਸੁਹਜ ਸੰਪਨ ਤੇ ਸ਼ਿਅਰੀਅਤ ਪੱਖੋਂ ਪ੍ਰਮਾਣਿਕ ਸ਼ਾਇਰੀ ਨਹੀਂ ਮੰਨਦੇ ਸਗੋਂ ਇਸਨੂੰ ਰਵਾਇਤ ਪੁਖ਼ਤਾ ਤੋਂ ਆਧੁਨਿਕ ਸੰਵੇਦਨਾ ਵੱਲ ਸਰਕਦੀ ਸ਼ਾਇਰੀ ਕਰਾਰ ਦਿੰਦੇ ਹਨ। ਮੈਂ ਇਸ ਸਾਹਿਤਕ ਨੁਕਤੇ 'ਤੇ ਵਿਸ਼ੇਸ਼ ਵਾਦ-ਵਿਵਾਦ ਸਿਰਜੇ ਜਾਣ ਦੀ ਇੱਛਾ ਰੱਖਦਾ ਹਾਂ ਕਿ ਕੋਈ ਸ਼ਾਇਰ ਆਪਣੀ ਸ਼ਾਇਰੀ ਦੀ ਪ੍ਰਮਾਣਿਕਤਾ ਲੋਕਾਂ ਤੋਂ ਹਾਸਿਲ ਕਰੇ ਜਾਂ ਉਹ ਸ਼ਾਇਰੀ ਦੀ ਸਿਰਜਣਾਤਮਕ ਸਹਿਜਤਾ ਦੇ ਮੁਦੱਈ ਇੱਕ ਵਿਸ਼ੇਸ਼ ਲੇਖਕ ਪਾਠਕ ਵਰਗ ਤੋਂ ਇਸਦੇ ਪ੍ਰਮਾਣਿਕ ਹੋਣ ਦੀ ਦਸਤਾਵੇਜ਼ੀ ਮਾਣਤਾ ਹਾਸਲ ਕਰੇ। ਸ਼ਾਇਰੀ ਦੀ ਪ੍ਰਮਾਣਿਕਤਾ ਦੇ ਹੋਰ ਮਾਪਦੰਡ ਕਿਹੜੇ ਹਨ? ਉਮੀਦ ਕਰਦਾ ਹਾਂ ਕਿ ਅਦਾਰਾ 'ਚਿਰਾਗ਼' ਇਸ ਵਾਦ-ਵਿਵਾਦ ਲਈ ਆਪਣਾ ਪਲੇਟਫਾਰਮ ਦੇਵੇਗਾ। ● ( - ਪਿੰਡ ਤੇ ਡਾ. ਬੋਹਾ (ਮਾਨਸਾ)





# ਸਹਿਕਦੀਆਂ ਲਾਸ਼ਾਂ - ਇੱਕ ਵਿਸ਼ਲੇਸ਼ਣ

**ਸੁਰਜੀਤ ਗਿੱਲ**

"ਸਹਿਕਦੀਆਂ ਲਾਸ਼ਾਂ" ਪਰਵਾਸੀ ਲੇਖਕ ਸਾਹਿਬ ਸਿੰਘ ਗਿੱਲ ਦਾ ਦੂਜਾ ਕਹਾਣੀ ਸੰਗ੍ਰਹਿ ਹੈ। ਸਾਹਿਬ ਸਿੰਘ ਗਿੱਲ ਦੇਸ਼ ਅੰਦਰ ਲੰਮਾ ਸਮਾਂ ਅਧਿਆਪਕ ਰਿਹਾ ਹੈ ਤੇ ਮੁਲਾਜ਼ਮ ਲਹਿਰ 'ਚ ਸਰਗਰਮ ਰਿਹਾ ਹੈ। ਇਸ ਤਰ੍ਹਾਂ ਜਿੱਥੇ ਉਹ ਆਪਣੇ ਕਿੱਤੇ ਦਾ ਮਾਹਰ ਸੀ ਉੱਥੇ ਸੰਘਰਸ਼ ਸਮੇਂ ਉਹਦੀ ਸਰਵਪੱਖੀ ਚੇਤਨਾ ਦਾ ਵਿਕਾਸ ਹੋਇਆ। ਟਰੇਡ ਯੂਨੀਅਨ ਅੰਦਰ ਮੁਲਾਜ਼ਮਾਂ ਦੀਆਂ ਮੰਗਾਂ ਦੀ ਜਾਣਕਾਰੀ ਤੇ ਉਹਨਾਂ ਦੇ ਕਾਨੂੰਨੀ ਪੱਖਾਂ ਨੂੰ ਜਾਨਣਾ ਤੇ ਫਿਰ ਪੜਾਅ ਵਾਰ ਲਹਿਰ ਖੜੀ ਕਰਕੇ ਤੇ ਕਦਮ-ਕਦਮ ਕਰਕੇ ਪ੍ਰਾਪਤੀ ਵੱਲ ਵਧਣਾ ਜ਼ਰੂਰੀ ਹੁੰਦਾ ਹੈ। ਸਾਹਿਬ ਸਿੰਘ ਵੀ ਇਹੋ ਕਰਦਾ ਰਿਹਾ ਹੈ। ਕਿੱਤੇ ਤੋਂ ਮੁਕਤ ਹੋਣ ਉਪਰੰਤ ਉਹ ਸਣੇ ਪਰਿਵਾਰ ਕੈਨੇਡਾ ਜਾ ਵੱਸਿਆ। ਉੱਥੇ ਬਹੁਤੀਆਂ ਆਰਥਿਕ ਜ਼ਿੰਮੇਵਾਰੀਆਂ ਸਿਰ ਤੇ ਨਾ ਹੋਣ ਕਾਰਨ ਚਿੰਤਨ ਉਹਦਾ ਮੁੱਖ ਵਿਸ਼ਾ ਬਣ ਗਿਆ। ਕੈਨੇਡਾ ਵਰਗਾ ਦੇਸ਼ ਜਿੱਥੇ ਸਰਵਪੱਖੀ ਜਾਣਕਾਰੀ ਦੇ ਸਾਧਨ ਹੋਣ ਕਾਰਨ ਚਿੰਤਨ ਦਾ ਵਿਸ਼ਾਲ ਹੋਣਾ ਸੁਭਾਵਿਕ ਗੱਲ ਹੈ। ਉਹਦਾ ਦ੍ਰਿਸ਼ਟੀਕੋਣ ਪਹਿਲਾਂ ਵੀ ਲੋਕਪੱਖੀ ਸੀ। ਉੱਥੇ ਜਾ ਕੇ ਇਹਦੀ ਸੂਝ ਹੋਰ ਤੀਖਣ ਹੋ ਗਈ। ਇਹ ਗੱਲ ਸਹਿਬਨ ਹੀ ਹੈ ਕਿ ਜਦੋਂ ਕਿਸੇ ਕੋਲ ਢੇਰ ਸਾਰੀ ਜਾਣਕਾਰੀ ਹੋਵੇ ਤਾਂ ਉਹ ਇਸ ਜਾਣਕਾਰੀ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਅਵੱਸ਼ ਕੋਈ ਸਾਧਨ ਭਾਲੇਗਾ। ਸਾਹਿਬ ਸਿੰਘ ਨੇ ਇਹ ਸਾਧਨ ਸਾਹਿਤ ਨੂੰ ਬਣਾਇਆ ਤੇ ਉਹ ਕਹਾਣੀਆਂ ਲਿਖਣ ਲੱਗ ਪਿਆ। ਦੇਸ਼ ਅੰਦਰ ਰਹਿੰਦਿਆਂ ਸਾਹਿਤ ਬਾਰੇ ਗੱਲ ਕਰਨ ਜਾਂ ਕੁਝ ਲਿਖਣ ਬਾਰੇ ਕੋਈ ਸਮਾਚਾਰ ਮੇਰੀ ਜਾਣਕਾਰੀ ਵਿਚ ਨਹੀਂ। ਉਹਨੇ ਕਹਾਣੀਆਂ ਲਿਖੀਆਂ। ਮੈਨੂੰ ਨੀ ਪਤਾ ਕਿ ਉਹਨੇ ਕਿਸੇ ਸਾਹਿਤਕ ਵਿਅਕਤੀ ਜਾਂ ਸਮਝ ਰੱਖਣ ਵਾਲੇ ਨਾਲ ਉਹ ਸਾਂਝੀਆਂ ਕੀਤੀਆਂ ਹੋਣ। ਉਹ ਸਾਧਨ ਸੰਪੰਨ ਹੈ। ਇਸ ਤਰ੍ਹਾਂ ਉਹਨੂੰ ਆਪਣਾ ਸੰਗ੍ਰਹਿ ਛਪਵਾਉਣ ਵਿਚ ਕੋਈ ਔਕੜ ਨਾ ਆਈ। ਉਸਦੇ ਪਹਿਲੇ ਸੰਗ੍ਰਹਿ ਦੀ ਚੰਗੀ ਚਰਚਾ ਹੋਈ ਤੇ ਉਹਨੇ ਆਪਣੇ ਅਸਰ-ਰਸੂਖ ਨਾਲ ਚੰਗੀ ਚਰਚਾ ਕਰਵਾਈ। ਮੈਂ ਵੀ ਉਸ ਸੰਗ੍ਰਹਿ ਬਾਰੇ ਇੱਕ ਭਰਵਾਂ ਲੇਖ "ਨਵਾਂ ਜ਼ਮਾਨਾ" 'ਚ ਲਿਖਿਆ ਤੇ ਆਪਣੀ ਸਹਿਜ-ਸੂਝ ਰਾਹੀਂ ਉਹਦਾ ਮੁਲਾਂਕਣ ਕੀਤਾ। ਨਵਾਂ ਲੇਖਕ ਹੋਣ ਕਾਰਨ ਉਹਦੀ ਲਿਖਤ ਵਿਚ ਕੁਝ ਉਕਤਾਈਆਂ ਦਾ ਹੋਣਾ ਕੋਈ ਅਲੋਕਾਰ ਗੱਲ ਨਹੀਂ ਸੀ। ਮੈਂ ਉਹਨਾਂ ਤੇ ਵੀ ਸਹਿੰਦੀ-ਸਹਿੰਦੀ ਉਂਗਲ ਰੱਖਣ ਦਾ ਯਤਨ ਕੀਤਾ ਸੀ।

ਨਵੇਂ ਕਹਾਣੀ ਸੰਗ੍ਰਹਿ "ਸਹਿਕਦੀਆਂ ਲਾਸ਼ਾਂ" ਦਾ ਖਰਚਾ ਵੀ ਮੈਂ ਦੇਖਿਆ ਸੀ ਤੇ ਕੁਝ ਸੁਝਾਅ ਵੀ ਸਾਹਿਬ ਸਿੰਘ ਨੂੰ ਦਿੱਤੇ ਸਨ। ਇਸ ਸੰਗ੍ਰਹਿ ਵਿਚ ਪੰਦਰਾਂ ਕਹਾਣੀਆਂ ਹਨ ਜਿਹੜੀਆਂ ਵੱਖੋ-ਵੱਖਰੇ ਥਾਵਾਂ ਤੇ ਦੇਸ਼ਾਂ ਨਾਲ ਸੰਬੰਧ ਰੱਖਦੀਆਂ ਹੋਈਆਂ ਮੂਲ ਰੂਪ ਵਿਚ ਲੋਕ-ਪੀੜਾ ਤੇ ਵਿਸੇਸ਼ ਕਰਕੇ ਇਸਤਰੀ ਦੀ ਦੁਰਦਸ਼ਾ ਦਾ ਵਰਨਣ ਕਰਦੀਆਂ ਹਨ। ਸਾਹਿਬ ਸਿੰਘ ਦਾ ਵਰਨਣ ਬੜਾ ਯਥਾਰਥਕ ਹੈ। ਜਿਹੜੀ ਵੀ ਘਟਨਾ ਦਾ ਇਹ ਬਿਆਨ ਕਰਦਾ ਹੈ ਉਹ ਅਵੱਸ਼ ਕਿਸੇ ਨਾ ਕਿਸੇ ਥਾਂ ਜਾਂ ਕਿਸੇ ਨਾ ਕਿਸੇ ਰੁਪ ਵਿਚ ਵਾਪਰੀ ਹੋਈ ਹੁੰਦੀ ਹੈ। ਤੇ ਜੇ

ਸਾਹਿਤਕ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਸਾਹਿਬ ਸਿੰਘ ਲੋਕਾਂ ਦਾ ਅਜਿਹਾ ਪਹਿਰੇਦਾਰ ਹੈ ਜਿਹੜਾ ਹਰ ਇੱਕ ਥਾਂ ਜਿੱਥੇ, ਕਿਸੇ ਨੂੰ ਕੋਈ ਤਕਲੀਫ਼ ਜਾਂ ਦਰਦ ਜਾਂ ਮਨੁੱਖਤਾ ਦਾ ਘਾਣ ਹੁੰਦਾ ਹੈ, ਉੱਥੇ ਜਾ ਹਾਜ਼ਰ ਹੁੰਦਾ ਹੈ। ਉਹਦੀਆਂ ਕਹਾਣੀਆਂ ਵਿਚ ਸਾਹਿਤ ਸਿਧਾਂਤ ਅਨੁਸਾਰ ਨਿੱਕੀਆਂ ਹੁਨਰੀ ਕਹਾਣੀਆਂ ਹੋਣ ਦੀ ਥਾਂ ਕਥਾਵਾਂ ਜਾਂ ਦਾਸਤਾਨਾਂ ਹਨ। ਉਸਦਾ ਹਰ ਇੱਕ ਬਿਆਨ ਬੇਹੱਦ ਸੰਘਣਾ ਤੇ ਲੰਮੇਰਾ ਹੁੰਦਾ ਹੈ। ਜੋ ਕੁਝ ਉਹ ਕਹਿਣਾ ਚਾਹੁੰਦਾ ਹੈ ਉਸਦੇ ਬਿਆਨ ਦੇ ਇੱਕ-ਇੱਕ ਅੱਖਰ ਵਿਚ ਹੀ ਹੁੰਦਾ ਹੈ। ਉਹ ਸਿਖ਼ਰ 'ਤੇ ਜਾ ਕੇ ਕੋਈ ਸਿੱਟਾ ਨਹੀਂ ਕੱਢਦਾ। ਉਸਦੀਆਂ ਕਥਾਵਾਂ ਵਿਚ ਜਿਸ ਤੇਜ਼ੀ ਨਾਲ ਘਟਨਾਵਾਂ ਵਾਪਰਦੀਆਂ ਹਨ, ਉਸੇ ਤੇਜ਼ੀ ਨਾਲ ਹੀ ਉਹ ਅੰਤ ਵੱਲ ਪਹੁੰਚਦੀਆਂ ਹਨ। ਉਸਨੂੰ ਸਮੇਂ ਤੇ ਸਥਾਨ ਦੀ ਕੋਈ ਪ੍ਰਵਾਹ ਨਹੀਂ। ਉਹ ਮੁੱਖ ਜ਼ੋਰ ਆਪਣੀ ਗੱਲ ਕਹਿਣ ਤੇ ਪ੍ਰਭਾਵ ਪਾਉਣ 'ਤੇ ਲਾਉਂਦਾ ਹੈ। ਬਹੁਤੀਆਂ ਕਹਾਣੀਆਂ ਵਿਚ ਉਹਦਾ ਬਿਆਨ ਇੰਨੇ ਕਰੂਰ ਯਥਾਰਥ ਨੂੰ ਪੇਸ਼ ਕਰਦਾ ਹੈ ਕਿ ਸਧਾਰਨ ਮਨੁੱਖ ਦੇ ਰੌਂਗਟੇ ਖੜ੍ਹੇ ਕਰ ਦਿੰਦਾ ਹੈ ਤੇ ਉਸਨੂੰ ਮਹਿਸੂਸ ਹੁੰਦਾ ਹੈ ਕਿ ਕੀ ਇਹ ਸਾਰਾ ਕੁਝ ਸੱਚ ਹੈ ਤੇ ਇਸੇ ਸੰਸਾਰ 'ਤੇ ਵੀ ਵਾਪਰ ਰਿਹਾ ਹੈ? ਕਿਉਂਕਿ ਆਮ ਵਿਅਕਤੀ ਨੂੰ ਅਜਿਹੀਆਂ ਗੱਲਾਂ ਦੀ ਜਾਣਕਾਰੀ ਨਹੀਂ ਹੁੰਦੀ। ਉਹਨੇ ਇਹ ਸਾਰਾ ਕੁਝ ਨਰਕਾਂ ਵਿਚ ਵਾਪਰਦਾ ਹੀ ਸੁਣਿਆ ਹੁੰਦਾ ਹੈ, ਜਿੱਥੇ ਪਾਪੀਆਂ ਨੂੰ ਵੱਖੋ-ਵੱਖਰੇ ਪਾਪਾਂ ਅਨੁਸਾਰ ਵੱਖੋ-ਵੱਖਰੇ ਤਸੀਹੇ ਦਿੱਤੇ ਜਾਂਦੇ ਦੱਸੇ ਹੁੰਦੇ ਹਨ।

ਉਹਦੀਆਂ ਕਥਾਵਾਂ ਦਾ ਇਕੱਲੀ-ਇਕੱਲੀ ਕਰਕੇ ਵਿਸਤ੍ਰਿਤ ਜਾਇਜ਼ਾ ਲੈਣਾ ਸੰਭਵ ਨਹੀਂ ਹੈ। ਨਾ ਹੀ ਕਿਸੇ ਖੋਜ ਪੇਪਰ ਦਾ ਇਹ ਦਾਇਰਾ ਹੁੰਦਾ ਹੈ। ਮੈਂ ਇਹਨਾਂ ਕਥਾਵਾਂ ਦਾ ਜਾਇਜ਼ਾ ਲੈ ਕੇ ਆਪਣੀ ਅਲਪ ਬੁੱਧੀ ਅਤੇ ਸਮਝ ਅਨੁਸਾਰ ਮੋਟਾ-ਮੋਟਾ ਜਾਇਜ਼ਾ ਪੇਸ਼ ਕਰਦਾ ਹਾਂ।

ਉਸਦੀ ਪਹਿਲੀ ਕਥਾ "ਪਿੰਜਰ" ਹੈ। ਇਸਦਾ ਘਟਨਾ ਸਥਲ ਅਮਰੀਕਾ ਦੇਸ਼ ਹੈ। ਇੱਥੇ ਵੱਖੋ-ਵੱਖਰੇ ਦੇਸ਼ਾਂ ਦੀਆਂ ਕੁੜੀਆਂ ਜਿਹੜੀਆਂ Sex Slavery ਭਾਵ ਯੌਨ-ਗੁਲਾਮੀ ਭੋਗਦੀਆਂ ਹਨ। ਇਸ ਵਿਚ ਵੱਖੋ-ਵੱਖਰੇ ਨਾਵਾਂ ਦੀਆਂ ਕੁੜੀਆਂ ਆਪੋ-ਆਪਣੇ ਜੀਵਨ ਬਾਰੇ ਦੱਸਦੀਆਂ ਹਨ। ਇਹ ਕੁੜੀਆਂ ਅਮਰੀਕਾ ਦੇ ਆਲੇ-ਦੁਆਲੇ ਖ਼ਾਸ ਕਰਕੇ ਲੈਟਿਨ ਅਮਰੀਕਾ ਦੇ ਦੇਸ਼ਾਂ 'ਚੋਂ ਗਰੀਬ ਪਰਿਵਾਰਾਂ ਤੋਂ ਖਰੀਦ ਕੇ ਜਾਂ ਵਰਗਲਾ ਕੇ ਅਮਰੀਕਾ ਲਿਆਂਦੀਆਂ ਜਾਂਦੀਆਂ ਹਨ। ਇਹ ਕੁਝ ਕਰਦੇ ਸਮੇਂ ਦੋ ਸਿਫਤਾਂ ਦਾ ਖ਼ਿਆਲ ਰੱਖਿਆ ਜਾਂਦਾ ਹੈ। ਉਹਨਾਂ ਦੀ ਛੋਟੀ ਉਮਰ ਤੇ ਸੋਹਣਾ ਹੋਣਾ ਲਾਜ਼ਮੀ ਹੁੰਦਾ ਹੈ। ਅੱਗੇ ਇਹਨਾਂ ਨੂੰ ਵੇਚਿਆ ਜਾਂਦਾ ਹੈ ਫਿਰ ਇਹਨਾਂ ਨੂੰ ਮਾਨਸਿਕ ਤੇ ਸਰੀਰਕ ਤੌਰ 'ਤੇ ਵੇਸ਼ਵਾਗਿਰੀ ਲਈ ਤਿਆਰ ਕੀਤਾ ਜਾਂਦਾ ਹੈ। ਅਮਰੀਕਾ ਵਿਚ ਇਹ ਧੰਦਾ ਬਾਕਾਇਦਾ ਤੌਰ 'ਤੇ ਜਥੇਬੰਦ ਕਾਰੋਬਾਰ ਦੇ ਰੂਪ ਵਿਚ ਕੀਤਾ ਜਾਂਦਾ ਹੈ। ਇਸ ਕੰਮ ਵਿਚ ਮਨੁੱਖੀ ਕਦਰਾਂ ਤੋਂ ਹੀਣੇ ਮਰਦਾਂ ਅਤੇ ਔਰਤਾਂ ਨੂੰ ਵਰਤਿਆ ਜਾਂਦਾ ਹੈ। ਜਦੋਂ ਇਹ ਇੱਕ ਵੇਰ ਇਸ ਧੰਦੇ ਵਿਚ ਫਸ ਜਾਂਦੀਆਂ ਹਨ ਤਾਂ ਮੌਤ ਤੋਂ ਉਰੇ ਇਹਨਾਂ ਦੇ ਨਿਕਲਣ ਦਾ ਕੋਈ ਰਾਹ ਨਹੀਂ ਰਹਿ ਜਾਂਦਾ। ਇਸ ਧੰਦੇ ਬਾਰੇ ਆਮ ਸਮਾਚਾਰ ਤਾਂ ਪਹਿਲਾਂ ਵੀ ਮਿਲਦੇ ਰਹੇ ਹਨ ਪ੍ਰੰਤੂ ਜਿਸ ਬਾਰੀਕੀ ਨਾਲ ਇਹਦੀਆਂ



ਗੁੰਝਲਾਂ ਲੇਖਕ ਨੇ ਖੋਲ੍ਹੀਆਂ ਹਨ, ਇਹ ਉਹਦੀ ਪ੍ਰਾਪਤੀ ਹੈ। ਦੂਜੀ ਕਥਾ "ਮੈਂ ਪਾਗਲ ਨਹੀਂ" ਅਜਿਹੇ ਪੰਜਾਬੀ ਵਿਅਕਤੀ ਦੀ ਹੈ ਜਿਹੜਾ ਚੰਗੇਰੇ ਜੀਵਨ ਦੀ ਆਸ ਵਿਚ ਪਹਿਲਾਂ ਆਪਣੇ ਦੋ ਬੱਚਿਆਂ ਨੂੰ ਭੇਜਦਾ ਹੈ ਤੇ ਫਿਰ ਆਪ ਚੰਗੇ ਜੀਵਨ ਦੀ ਆਸ ਵਿਚ ਉਨ੍ਹਾਂ ਕੋਲ ਜਾਂਦਾ ਹੈ। ਪ੍ਰੰਤੂ ਇਹ ਸਧਾਰਨ ਵਿਅਕਤੀ ਹੈ ਜਿਸਨੂੰ ਸਮਾਜ ਦੇ ਵਿਕਾਸ, ਰਾਜਨੀਤੀ ਆਦਿ ਦਾ ਕੋਈ ਗਿਆਨ ਨਹੀਂ। ਉਹ ਆਮ ਲੋਕਾਂ ਵਾਂਗ ਪ੍ਰਸ਼ਾਦੇ ਛਕਣ ਵਾਲਾ ਅਤੇ ਕਿਰਤ ਕਰਨ ਵਾਲਾ ਹੈ। ਉਹਨੂੰ ਆਪਣੇ ਦੇਸ਼ ਵਿਚ ਵਾਪਰ ਰਹੀਆਂ ਘਟਨਾਵਾਂ ਨਾਲ ਕੋਈ ਸਰੋਕਾਰ ਨਹੀਂ ਰਿਹਾ ਹੁੰਦਾ। ਉਹਨੂੰ ਨਵੇਂ ਸਰਮਾਏਦਾਰੀ ਵਿਕਾਸ ਦਾ ਨਿਜੀ ਜੀਵਨ ਤੇ ਰਿਸ਼ਤਿਆਂ 'ਤੇ ਪੈਂਦੇ ਪ੍ਰਭਾਵ ਦੀ ਵੀ ਕੋਈ ਜਾਣਕਾਰੀ ਨਹੀਂ ਹੁੰਦੀ। ਉਹਨੂੰ ਨਹੀਂ ਪਤਾ ਹੁੰਦਾ ਕਿ ਬਾਹਰਲੇ ਦੇਸ਼ਾਂ ਵਿਚ ਜਾ ਕੇ ਸਾਰਾ ਕੁਝ ਹੀ ਰੁਪਈਆ ਬਣ ਜਾਂਦਾ ਹੈ। ਭਾਵ ਵਿਅਕਤੀ ਤੇ ਰਿਸ਼ਤੇ ਕੇਵਲ ਡਾਲਰਾਂ ਤੇ ਪੌਂਡਾਂ ਦੇ ਰੂਪ ਵਿਚ ਬਦਲ ਜਾਂਦੇ ਹਨ। ਉਹ ਦੇਸ਼ ਵਿਚ ਸਾਧਾਰਨ ਕੰਮ ਕਰਦਾ ਹੈ ਪ੍ਰੰਤੂ ਆਸ ਰੱਖਦਾ ਹੈ ਕਿ ਬਾਹਰ ਜਾ ਕੇ ਮੰਜੇ 'ਤੇ ਬਹਿ ਕੇ ਸੌਖੇ ਪ੍ਰਸ਼ਾਦੇ ਛਕੇਗਾ। ਪ੍ਰੰਤੂ ਉੱਥੇ ਜਾ ਕੇ ਉਹਨੂੰ ਸਰੀਰਕ ਕਿਰਤ ਕਰਨੀ ਪੈਂਦੀ ਹੈ ਅਤੇ ਉਹਦਾ ਕੋਈ ਵੀ ਆਪਣਾ ਉਹਦੇ ਨਾਲ ਹਮਦਰਦੀ ਨਹੀਂ ਰੱਖਦਾ ਤੇ ਕੇਵਲ ਡਾਲਰਾਂ ਦੀ ਗੱਲ ਕਰਦਾ ਹੈ। ਇਸ ਸਭ ਕਾਸੇ ਉਪਰੰਤ ਉਹ ਮਾਨਸਿਕ ਸੰਤੁਲਨ ਗਵਾ ਕੇ ਅੰਤ ਪਾਗਲ ਕਹਿ ਕੇ ਜੇਲ੍ਹ ਅੰਦਰ ਸੁੱਟ ਦਿੱਤਾ ਜਾਂਦਾ ਹੈ। "ਧਰਤੀ ਦੀਆਂ ਧੀਆਂ" ਕਥਾ ਵਿਚ ਅੱਤ ਦੇ ਅਮਾਨਵੀ ਵਰਤਾਰੇ ਦਾ ਵਰਨਣ ਹੈ। ਜਿੱਥੇ ਭੁੱਖ ਅੱਗੇ ਬਹੁਮੁੱਲੀਆਂ ਮਨੁੱਖੀ ਕਦਰਾਂ ਤੇ ਰਿਸ਼ਤੇ ਹਾਰ ਜਾਂਦੇ ਹਨ ਉੱਥੇ ਕੋਈ ਹਮਦਰਦੀ ਨਹੀਂ ਸਗੋਂ ਜਿਉਣ ਲਈ ਪੈਸਾ ਜਾਂ ਹਵਸ ਰਹਿ ਜਾਂਦੀ ਹੈ। ਇਹ ਬਹੁਤ ਹੀ ਕਰੂਰ ਯਥਾਰਥ ਹੈ। ਪ੍ਰੰਤੂ ਦੁਖਾਂਤ ਇਹ ਹੈ ਕਿ ਫਿਰ ਵੀ ਲੋਕ ਜਿਉਂ ਰਹੇ ਹਨ ਅਤੇ ਜਿਉਣਾ ਚਾਹੁੰਦੇ ਹਨ। ਉਹ ਕਿਸ ਲਈ ਜਿਉਂਦੇ ਹਨ, ਇਹ ਇੱਕ ਅਹਿਮ ਦਾਰਸ਼ਨਿਕ ਮਸਲਾ ਹੈ। "ਕਲਮੂੰਹੀ" ਕਥਾ ਵਿਚ ਵੀ ਇੱਕ ਔਰਤ ਦਾ ਦੁਖਾਂਤ ਹੈ। ਜਿਹੜੀ ਸਧਾਰਨ ਘਰ ਜੰਮ ਕੇ ਇੱਕ ਦੇਸ਼ ਦੇ ਫੌਜੀ ਜਰਨੈਲ ਦੀ ਧੀ ਬਣ ਜਾਂਦੀ ਹੈ। ਲਾਡਾਂ ਵਿਚ ਪਲਦੀ ਹੈ ਤੇ ਪੜ੍ਹਦੀ ਹੈ। ਪਰ ਉਹਨੂੰ ਵੇਸ਼ਵਾ ਬਣਾਉਣ ਲਈ ਅਗਵਾ ਕਰ ਲਿਆ ਜਾਂਦਾ ਹੈ। ਸਾਰੇ ਯਤਨਾਂ ਦੇ ਬਾਵਜੂਦ ਉਹ ਵਾਪਸ ਨਹੀਂ ਮਿਲਦੀ। ਇੱਕ ਅਗਵਾਕਾਰ ਉਹਨੂੰ ਵੇਸ਼ਵਾ ਬਣਾਉਣ ਲਈ ਤਸੀਹੇ ਦਿੰਦਾ ਹੈ, ਦੂਜਾ ਉਹਨੂੰ ਭਜਾ ਕੇ ਇੱਕ ਹੋਰ ਇਲਾਕੇ ਵਿਚ ਲੈ ਜਾਂਦਾ ਹੈ ਤੇ ਉਹਨੂੰ ਆਪਣੀ ਪਤਨੀ ਬਣਾ ਲੈਂਦਾ ਹੈ। ਉਹ ਚੰਗਾ ਜੀਵਨ ਜਿਉਂਦੇ ਹਨ ਤੇ ਉਨ੍ਹਾਂ ਦੇ ਇੱਕ ਬੱਚਾ ਵੀ ਹੋ ਜਾਂਦਾ ਹੈ ਪ੍ਰੰਤੂ ਉਹਦਾ ਇੱਕ ਅਗਵਾਕਾਰ ਉਹਨੂੰ ਗ੍ਰਿਫਤਾਰ ਕਰਵਾ ਦਿੰਦਾ ਹੈ ਤੇ ਇੱਕ ਕਾਜ਼ੀ ਉਹਨਾਂ ਦੋਹਾਂ ਨੂੰ ਜਿਉਂਦਿਆਂ ਹੀ ਧਰਤੀ ਵਿਚ ਗੱਡ ਕੇ ਮਾਰਨ ਦੀ ਸਜ਼ਾ ਦੇ ਦਿੰਦਾ ਹੈ। ਸਾਰਾ ਕੁਝ ਮਰਦ ਨੇ ਕੀਤਾ ਹੁੰਦਾ ਹੈ ਪ੍ਰੰਤੂ ਧਰਮ ਇਕੱਲੀ ਔਰਤ ਨੂੰ ਸਭ ਕਾਸੇ ਦਾ ਜ਼ਿੰਮੇਵਾਰ ਗਰਦਾਨ ਕੇ "ਕਲਮੂੰਹੀ" ਕਹਿੰਦਾ ਹੈ। ਅਗਲੀ ਕਥਾ "ਨਵੀਂ ਸਵੇਰ" ਵਿਚ ਵੀ ਔਰਤ ਦੇ ਜਬਰ ਦਾ ਵਰਨਣ ਹੈ। ਜਿੱਥੇ ਪੁਰਾਣੇ ਕਬੀਲੇਦਾਰੀ ਰਿਵਾਜ਼ ਅਨੁਸਾਰ ਪਤੀ ਦੇ ਮਰਨ ਉਪਰੰਤ ਪਤਨੀ ਨੂੰ ਸੁੱਚੀ ਕਰਨ ਲਈ ਉਹਦੇ ਪਤੀ ਦਾ ਕੋਈ ਰਿਸ਼ਤੇਦਾਰ ਉਹਦੇ ਨਾਲ ਹਮਬਿਸਤਰ ਹੁੰਦਾ ਹੈ। ਪਰ ਨਵੇਂ ਯੁੱਗ ਅਨੁਸਾਰ ਔਰਤਾਂ

ਵਿਚ ਜਾਗ੍ਰਿਤੀ ਆਉਂਦੀ ਹੈ। ਉਹ ਇਸ ਰਿਵਾਜ਼ ਦਾ ਵਿਰੋਧ ਕਰਦੀਆਂ ਹਨ। ਉਨ੍ਹਾਂ ਦੇ ਵਿਰੋਧ ਦਾ ਕਾਰਨ ਅਣਮਨੁੱਖੀ ਵਿਵਹਾਰ ਨਹੀਂ ਬਲਕਿ ਅਫ਼ਰੀਕੀ ਦੇਸ਼ਾਂ ਵਿਚ ਤੇਜ਼ੀ ਨਾਲ ਪਸਰ ਰਹੀ ਏਡਜ਼ ਦੀ ਬਿਮਾਰੀ ਹੈ। ਪ੍ਰੰਤੂ ਕਬੀਲੇ ਦਾ ਮੁਖੀ ਆਪਣੇ ਪਿਤਾ-ਪੁਰਖੀ ਰਿਵਾਜ ਨੂੰ ਕਾਇਮ ਰੱਖਣ ਲਈ ਔਰਤਾਂ 'ਤੇ ਵੱਖੋ-ਵੱਖਰੇ ਜ਼ੁਲਮ ਕਰਕੇ ਇਸ ਰਿਵਾਜ ਨੂੰ ਕਾਇਮ ਰੱਖਣ ਦਾ ਯਤਨ ਕਰਦਾ ਹੈ। ਇੱਕ ਮੋਨਿਕਾ ਨਾਂ ਦੀ ਔਰਤ ਹੋਰਨਾਂ ਔਰਤਾਂ ਨੂੰ ਜਥੇਬੰਦ ਕਰਦੀ ਹੈ ਅਤੇ ਕੁਝ ਹੱਦ ਤੱਕ ਸਫਲਤਾ ਪ੍ਰਾਪਤ ਕਰ ਜਾਂਦੀ ਹੈ. ਇਹ ਇੱਕ ਚੰਗੇ ਪਾਸੇ ਵੱਲ ਮੋੜਾ ਹੁੰਦਾ ਹੈ ਪਰੰਤੂ ਸੰਪੂਰਨ ਖ਼ਾਤਮੇ ਲਈ ਵਿਸ਼ਾਲ ਸੰਘਰਸ਼ ਦੀ ਲੋੜ ਹਾਲੇ ਵੀ ਕਾਇਮ ਹੈ। "ਸੂਲੀ ਚੜ੍ਹਿਆ ਸੱਚ" ਇੱਕ ਪ੍ਰਵਾਸੀ ਪਰਿਵਾਰ ਦੀ ਕਥਾ ਹੈ, ਜਿਸ ਵਿਚ ਪਿਤਾ ਤੇ ਉਹਦੀ ਪਤਨੀ ਆਪਣੇ ਪਰਿਵਾਰਾਂ ਨੂੰ ਮਿਲਣ ਲਈ ਦੇਸ਼ ਪਰਤਦੇ ਹਨ ਪ੍ਰੰਤੂ ਦੇਸ਼ ਦੀ ਪੁਲਿਸ ਉਹਨਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਸੁੱਟ ਦਿੰਦੀ ਹੈ। ਦੋਸ਼ ਇਹ ਲਾਇਆ ਜਾਂਦਾ ਹੈ ਕਿ ਉਹ ਵੱਧ ਦਾਜ ਮੰਗਦੇ ਹਨ ਤੇ ਆਪਣੀ ਨੂੰਹ ਨੂੰ ਤੰਗ ਕਰਦੇ ਹਨ। ਜਦੋਂ ਕਿ ਪਾਗਲ ਨੂੰਹ ਦਾ ਵਿਦੇਸ਼ ਵਿਚ ਤਲਾਕ ਹੋ ਚੁੱਕਾ ਹੁੰਦਾ ਹੈ ਤੇ ਉਹ ਪੱਚੀ ਹਜ਼ਾਰ ਡਾਲਰ ਲੈ ਚੁੱਕੀ ਹੁੰਦੀ ਹੈ। ਬੜੇ ਲੰਮੇ-ਚੌੜੇ ਯਤਨ ਕੀਤੇ ਜਾਂਦੇ ਹਨ। ਪ੍ਰੰਤੂ ਦੇਸ਼ ਦੀ ਕਰੱਪਟ ਅਫ਼ਸਰਸ਼ਾਹੀ ਕੋਈ ਰਾਹ ਨਹੀਂ ਦਿੰਦੀ ਤੇ ਇਸ ਤਰ੍ਹਾਂ ਪਤੀ-ਪਤਨੀ ਸੱਚੇ ਹੁੰਦੇ ਹੋਏ ਵੀ ਜ਼ਬਰ ਝੱਲਦੇ ਹਨ। "ਚਿੱਚੜ" ਕਹਾਣੀ ਵਿਚ ਵੀ ਦੇਸ਼ ਦੀ ਕੁਰੱਪਟ ਅਫ਼ਸਰਸ਼ਾਹੀ ਦਾ ਵਰਨਣ ਹੈ। ਜਿੱਥੇ ਇੱਕ ਪਟਵਾਰੀ ਨੂੰ ਭੁਗਤਣਾ ਪੈਂਦਾ ਹੈ। "ਦੇਗ ਤੇਗ ਫਤਹਿ" ਧਰਮ 'ਤੇ ਇੱਕ ਕਰੜਾ ਵਿਅੰਗ ਹੈ। ਜਦੋਂ ਕਿ ਕਿਹਾ ਇਹ ਜਾਂਦਾ ਹੈ ਕਿ ਸਿੱਖ ਧਰਮ ਉਚ-ਨੀਚ, ਜ਼ਾਤ-ਪਾਤ ਨੂੰ ਨਹੀਂ ਮੰਨਦਾ ਪ੍ਰੰਤੂ ਅਸਲ ਵਿਚ ਅੱਜ ਵੀ ਦਲਿਤਾਂ ਨਾਲ ਉਸੇ ਤਰ੍ਹਾਂ ਵਿਤਕਰਾ ਕੀਤਾ ਜਾਂਦਾ ਹੈ ਤੇ ਭਿੱਟ ਕਾਇਮ ਹੈ। "ਰਾਵਣ ਦੀ ਜਿੱਤ" ਇੱਕ ਠੱਗ ਵਿਅਕਤੀ ਦਾ ਵਰਨਣ ਹੈ ਜਿਹੜਾ ਸਿੰਘ ਸੱਜ ਕੇ ਧੱਕੇ ਤੇ ਠੱਗੀਆਂ ਕਰਦਾ ਹੈ ਤੇ ਸੱਚਾਈ ਨੂੰ ਥਾਂ-ਥਾਂ ਹਰਾਉਂਦਾ ਹੈ। ਇਸ ਕਥਾ ਵਿਚ ਵੀ ਸਮੁੱਚੇ ਭ੍ਰਿਸ਼ਟ ਵਰਤਾਰੇ ਦਾ ਵਰਨਣ ਹੈ। "ਮੱਕੜੀ ਜਾਲ" ਕਥਾ ਵਿਚ ਅਮਰੀਕਾ ਵਿਚ ਵਾਪਰੀ 11 ਸਤੰਬਰ ਦੀ ਘਟਨਾ ਦਾ ਵੱਖੋ-ਵੱਖਰੇ ਕੋਨਾਂ ਤੋਂ ਜਾਇਜ਼ਾ ਲਿਆ ਗਿਆ ਹੈ। ਸਿੱਟਾ ਇਹ ਹੈ ਕਿ ਜਿਸ ਅਮਰੀਕਾ ਨੇ ਸਾਰੇ ਸੰਸਾਰ ਵਿਚ ਆਤੰਕਵਾਦ ਪੈਦਾ ਕੀਤਾ ਸੀ ਅੰਤ ਉਹ ਆਪ ਹੀ ਉਹਦਾ ਸ਼ਿਕਾਰ ਹੋ ਗਿਆ। "ਲੰਗਾ ਕਾਨੂੰਨ, ਲੂਲੇ ਰਾਖੇ" ਕਥਾ ਦੇਸ਼ ਵਿਚ ਵਿਆਪਤ ਹਰ ਥਾਂ ਧੱਕੇਸ਼ਾਹੀ, ਅਨਿਆਂ ਅਤੇ ਹਨ੍ਹੇਰਗਰਦੀ ਦਾ ਵਰਨਣ ਹੈ। ਆਖ਼ਰੀ ਕਥਾ "ਸਿਰ ਫਿਰੇ" ਵਿਚ ਵੀ ਇਕ ਦੇਸ਼ ਭਗਤ ਦਾ ਅੱਤਵਾਦੀਆਂ ਹੱਥੋਂ ਕਤਲ ਦਾ ਵਰਨਣ ਕੀਤਾ ਗਿਆ ਹੈ ਜਿਸਨੇ ਆਪਣਾ ਸਾਰਾ ਜੀਵਨ ਦੇਸ਼ ਦੇ ਲੇਖੇ ਲਾਇਆ ਹੁੰਦਾ ਹੈ।

ਇਸ ਜਾਇਜ਼ੇ ਅਨੁਸਾਰ ਇਸ ਸੰਗ੍ਰਹਿ ਦੀਆਂ ਬਹੁਤੀਆਂ ਕਥਾਵਾਂ ਦੇ ਪਾਤਰ ਜਿਉਂਦੇ-ਜਾਗਦੇ ਵਿਅਕਤੀ ਨਹੀਂ ਜਿਹੜੇ ਮਨੁੱਖੀ ਕਦਰਾਂ ਤੇ ਆਪਣੇ ਹੱਕਾਂ ਬਾਰੇ ਚੇਤੰਨ ਹੋ ਕੇ ਕੋਈ ਸਿਰੜੀ ਸੰਘਰਸ਼ ਕਰਦੇ ਹੋਣ। ਉਹ ਕੇਵਲ ਸਹਿਕਦੀਆਂ ਲਾਸ਼ਾਂ ਹਨ। ਇਹ ਸਾਰਾ ਕੁਝ ਬਿਆਨ ਕਰਕੇ ਲੇਖਕ ਦੱਸਦਾ ਹੈ ਅਤੇ ਸਵਾਲ ਵੀ ਖੜ੍ਹਾ ਕਰਦਾ ਹੈ ਕਿ ਕੀ ਇਹ ਸੰਸਾਰ ਇਹੋ ਜਿਹਾ ਹੀ ਰੱਖਣਾ ਹੈ? •





## ਰੂਸ ਦੇ ਗਦਰੀ ਦਸੰਬਰੀਏ / ਹਰਭਜਨ ਸਿੰਘ ਹੁੰਦਲ

ਅਸੀਂ ਹਰ ਸਾਲ ਗਦਰੀ ਬਾਬਿਆਂ ਦੇ ਮੇਲੇ ਤੇ ਉਨ੍ਹਾਂ ਨੂੰ ਯਾਦ ਕਰਕੇ ਸ਼ਰਧਾਂਜਲੀ ਦਿੰਦੇ ਹਾਂ। ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਕਿਸੇ ਵੀ ਤਰ੍ਹਾਂ ਭੁਲਾਇਆ ਨਹੀਂ ਜਾ ਸਕਦਾ। ਇਨ੍ਹਾਂ ਗਦਰੀ ਬਾਬਿਆਂ ਦੇ ਵਡ-ਵਡੇਰੇ ਕੌਣ ਸਨ, ਇਨਕਲਾਬ ਦੇ ਬੀਜ ਇਨ੍ਹਾਂ ਅੰਦਰ ਕਿਵੇਂ ਤੇ ਕਿੰਨੇ ਬੀਜੇ? ਇਸੇ ਪ੍ਰਸ਼ਨ ਦਾ ਉੱਤਰ ਦਿੰਦੀ ਹੈ ਇਹ ਪੁਸਤਕ "ਰੂਸ ਦੇ ਗਦਰੀ ਦਸੰਬਰੀਏ" ਇਸ ਪੁਸਤਕ ਦੇ ਰਚਨਹਾਰੇ ਕਵੀ ਹਰਭਜਨ ਸਿੰਘ ਹੁੰਦਲ ਹਨ। ਹੁੰਦਲ ਸਾਹਿਬ ਹੁਣ ਤੱਕ ਚਾਰ ਦਰਜਨ ਦੇ ਕਰੀਬ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੇ ਹਨ। ਵੈਸੇ ਤਾਂ ਸਿਰਲੇਖ ਹੀ ਸਪੱਸ਼ਟ ਕਰ ਦਿੰਦਾ ਹੈ ਕਿ ਇਸ ਵਿਚ ਰੂਸ ਦੇ ਗਦਰੀ ਦਸੰਬਰੀਏ ਦੀ ਗੱਲ ਕੀਤੀ ਹੈ ਪਰ ਜਦੋਂ ਲੇਖਕ ਇਸ ਨੂੰ ਪੰਜਾਬ ਦੇ ਗਦਰੀ ਬਾਬਿਆਂ ਨਾਲ ਜੋੜਦਾ ਹੈ ਤਾਂ ਇਹ ਪੁਸਤਕ ਹੋਰ ਵੀ ਰੋਚਕ ਜਾਪਦੀ ਹੈ।

ਇਸ ਪੁਸਤਕ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ। ਪਹਿਲੇ ਹਿੱਸੇ ਵਿਚ ਰੂਸ ਦੇ ਗਦਰੀ ਤੇ ਪੰਜਾਬ ਦੇ ਗਦਰੀ ਬਾਬਿਆਂ ਵਿਚਲੀ ਸਮਾਨਤਾ ਨੂੰ ਪੇਸ਼ ਕੀਤਾ ਹੈ। ਇਨ੍ਹਾਂ ਦੋਹਾਂ ਵਿਚਕਾਰ 90 ਸਾਲਾਂ ਦਾ ਅੰਤਰ ਸੀ ਪਰ ਇਨ੍ਹਾਂ ਦੋਹਾਂ ਦੇ ਕੰਮ, ਇਰਾਦੇ ਤੇ ਭਾਵਨਾਵਾਂ ਇਕੋ ਜਿਹੀਆਂ ਹਨ। ਇਹ ਹਿੱਸਾ ਰੂਸ ਦੇ ਵਿਦਰੋਹ ਦੇ ਪਹਿਲੇ ਪੜਾਅ ਨੂੰ ਪੇਸ਼ ਕਰਦਾ ਹੈ। 14 ਦਸੰਬਰ 1825 ਦਾ ਭਿਆਨਕ ਸਾਕਾ ਦਿਲਾਂ ਨੂੰ ਦਹਿਲਾ ਦਿੰਦਾ ਹੈ। ਜ਼ੁਲਮ ਤੋਂ ਬਾਅਦ ਪੁਲਸ ਮੁਖੀ ਅਲੈਗਜ਼ਾਂਦਰ ਸੁਲਗਿਨ ਦਾ ਲੋਥਾਂ ਨੂੰ ਬਿਲੇ ਲਾਉਣਾ, ਸਭ ਲੋਥਾਂ ਦੇ ਨਾਲ-ਨਾਲ ਜ਼ਖ਼ਮੀਆਂ ਨੂੰ ਵੀ ਨੀਵਾਂ ਦਰਿਆ ਦੀ ਬਰਫ਼ ਦੀ ਤਹਿ ਦੇ ਹੇਠਾਂ ਡੋਬ ਦੇਣ ਉਸ ਭਿਆਨਕ ਸਮੇਂ ਦੀ ਤਸਵੀਰ ਪੇਸ਼ ਕਰਦਾ ਹੈ।

ਦੂਜਾ ਹਿੱਸਾ ਉਨ੍ਹਾਂ ਦਸੰਬਰੀਆਂ ਦੀਆਂ ਗ੍ਰਿਫਤਾਰੀਆਂ, ਉਨ੍ਹਾਂ ਉੱਪਰ ਪੜਤਾਲੀਆ ਰਿਪੋਰਟ ਬਾਰੇ, ਉਨ੍ਹਾਂ ਨੂੰ ਵੱਖ-ਵੱਖ ਮਿਲਣ ਵਾਲੀਆਂ ਸਜ਼ਾਵਾਂ ਬਾਰੇ ਤੇ ਬਚਦੇ ਅਖ਼ੀਰਲੇ ਪੰਜ ਦਸੰਬਰੀਆਂ ਦੀ ਫਾਂਸੀ ਬਾਰੇ ਦੱਸਦਾ ਹੈ। ਇਨ੍ਹਾਂ ਦੀਆਂ ਇਸਤਰੀਆਂ ਦੀ ਬਹਾਦਰੀ ਬਾਰੇ ਵੀ ਦੱਸਿਆ ਗਿਆ ਹੈ। ਇਹ ਕੁੱਲ ਗਿਆਰਾਂ ਇਸਤਰੀਆਂ ਸਨ। ਹੁੰਦਲ ਸਾਹਿਬ ਅਨੁਸਾਰ ਇਹ ਇਸਤਰੀਆਂ ਰੇਖਾ ਚਿੱਤਰ ਲਿਖੇ ਜਾਣ ਦੇ ਕਾਬਿਲ ਸਨ। ਇਨ੍ਹਾਂ ਰੂਸੀ ਔਰਤਾਂ ਨੇ ਵੀ ਆਪਣੀ ਕੁਰਬਾਨੀ, ਲਗਨ ਤੇ ਪਿਆਰ ਸਦਕਾ ਦੇਸ਼ ਦੇ ਇਤਿਹਾਸ ਵਿਚ ਇਕ ਸ਼ਾਨਦਾਰ ਕਾਂਡ ਵਿਚ ਵਾਧਾ ਕੀਤਾ ਹੈ।

ਜਿਥੇ ਲੇਖਕ ਨੇ ਦਸੰਬਰੀਆਂ ਦੀਆਂ ਕੁਰਬਾਨੀਆਂ ਨੂੰ ਪੇਸ਼ ਕੀਤਾ ਹੈ ਉੱਥੇ ਜ਼ਾਰ ਵਰਗੇ ਤਾਨਾਸ਼ਾਹਾਂ ਬਾਰੇ ਵੀ ਦੱਸਿਆ ਹੈ ਜਿਨ੍ਹਾਂ ਤੋਂ ਕਿਸਾਨ, ਗ਼ੁਲਾਮ, ਫ਼ੌਜ ਦੇ ਸਿਪਾਹੀ ਤੇ ਉਪਰਲਾ ਅਮੀਰ ਵਰਗ ਵੀ ਦੁਖੀ ਸਨ। ਜ਼ਾਰ ਵਰਗੇ ਆਪਣੇ ਰਾਜ ਦੇ ਪਹਿਲੇ ਦਿਨ ਲਹੂ ਨਾ ਡੁੱਲਣ ਦੀ ਗੱਲ ਕਰਦੇ ਸਨ ਪਰ ਉਨ੍ਹਾਂ ਇੰਨਾ ਲਹੂ ਡੋਲ੍ਹਿਆ ਕਿ ਉਹ ਇਸ ਵਿਚ ਇਸ਼ਨਾਨ ਵੀ ਕਰ ਸਕਦੇ ਸਨ। ਇਸ ਵਿਦਰੋਹ ਦੀ ਖ਼ਾਸੀਅਤ ਬਾਰੇ ਲੇਖਕ ਕਹਿੰਦਾ ਹੈ ਕਿ

"ਇਸ ਪੁਸਤਕ ਬਾਰੇ ਵੀ ਕਿਹਾ ਜਾ ਸਕਦਾ ਹੈ ਕਿ ਪੁਸਤਕ ਵਿਚਲੇ ਦਸੰਬਰੀਆਂ ਦੇ ਜੀਵਨ, ਉਨ੍ਹਾਂ ਦੁਆਰਾ ਸਹੇ ਗਏ ਕਸ਼ਟਾਂ ਬਾਰੇ ਪੜ੍ਹ ਕੇ ਉਨ੍ਹਾਂ ਦੀਆਂ ਕੁਰਬਾਨੀਆਂ ਸਾਡੇ ਮਨਾਂ ਅੰਦਰ ਸ਼ਰਧਾ ਉਪਜਾਂਦੀਆਂ ਹਨ ਤੇ ਨਾਲ ਹੀ ਪੁਸਤਕ ਨੂੰ ਬਾਰ-ਬਾਰ ਪੜ੍ਹਨ ਨੂੰ ਚਿੱਤ ਕਰਦਾ ਹੈ।

ਰੂਸ ਦੇ ਵਿਦਰੋਹ ਦੀ ਗੱਲ ਕਰਦਿਆਂ ਹੋਇਆ ਲੇਖਕ ਆਪਣੇ ਵਿਚਾਰ ਵੀ ਪੇਸ਼ ਕਰਦਾ ਹੈ। ਬਾਵਾ ਬਲਵੰਤ ਤੇ ਸੁਰਜੀਤ ਪਾਤਰ ਤੇ ਹੋਰ ਕਈ ਉਰਦੂ ਸ਼ਿਅਰਾਂ ਦੀ ਵਰਤੋਂ ਨਾਲ ਲੇਖਕ ਆਪਣੀ ਗੱਲ ਸਪੱਸ਼ਟ ਕਰਦਾ ਹੈ। ਸਹਾਇਕ ਪੁਸਤਕਾਂ ਦੀ ਸੂਚੀ ਉਨ੍ਹਾਂ ਦੀ ਅਧਿਐਨ ਰੁਚੀ ਦੀ ਗਵਾਹੀ ਦਿੰਦੀ ਹੈ। ਜਿਸ ਵਿਚੋਂ ਮਹੱਤਵਪੂਰਨ ਟੂਕਾਂ ਦੀ ਵਰਤੋਂ ਪੁਸਤਕ ਵਿਚ ਹੋਈ ਹੈ। ਅੰਤ ਵਿਚ ਇਹੀ ਕਹਾਂਗਾ ਕਿ ਹੁੰਦਲ ਸਾਹਿਬ ਨੇ ਬਹੁਤ ਹੀ ਸੋਹਣੇ ਲਹਿਜੇ ਵਿਚ ਰੂਸ ਦੇ ਵਿਦਰੋਹ ਦੀ ਜਾਣਕਾਰੀ ਦਿੰਦਿਆਂ ਇਨ੍ਹਾਂ ਨੂੰ ਗਦਰੀ ਬਾਬਿਆਂ ਦੇ ਵੱਡ-ਵਡੇਰੇ ਕਿਹਾ ਹੈ। ਪੁਸਤਕ ਦੀ ਰੋਚਕਤਾ ਰੂਸੀ ਸੰਘਰਸ਼ ਬਾਰੇ ਹੋਰ ਵੀ ਜਾਣਕਾਰੀ ਪ੍ਰਾਪਤ ਕਰਨ ਦੀ ਤਾਂਘ ਪੈਦਾ ਕਰਦੀ ਹੈ।

**ਡਾ. ਭੁਪਿੰਦਰ ਕੌਰ (ਹਿੰਦੂ ਕੰਨਿਆ ਕਾਲਜ, ਕਪੂਰਥਲਾ)**

## ਹਉਕੇ ਦਾ ਅਨੁਵਾਦ / ਕੁਲਵਿੰਦਰ ਕੁੱਲਾ

ਕੁਲਵਿੰਦਰ ਕੁੱਲਾ ਪੰਜਾਬੀ ਗ਼ਜ਼ਲ ਦੀ ਨਵੀਂ ਪੀੜ੍ਹੀ ਦਾ ਹੋਣਹਾਰ ਸ਼ਾਇਰ ਹੈ। ਭਾਵੇਂ 'ਹਉਕੇ ਦਾ ਅਨੁਵਾਦ' ਉਸਦੀ ਪਹਿਲੀ ਗ਼ਜ਼ਲ ਪੁਸਤਕ ਹੈ ਪਰ ਸ਼ਿਅਰਾਂ ਵਿਚਲੀ ਪੁਖ਼ਤਗੀ ਉਸਨੂੰ ਪੁਰ ਅਹਿਸਾਸ ਸ਼ਾਇਰਾਂ ਵਿਚ ਸ਼ਾਮਿਲ ਕਰਦੀ ਹੈ। ਉਸਦਾ ਸਲਾਹੁਣਯੋਗ ਗੁਣ ਇਹ ਹੈ ਕਿ ਉਹ ਆਪਣੇ ਮੌਲਿਕ ਅਹਿਸਾਸਾਂ 'ਚੋਂ ਸ਼ਾਇਰੀ ਸਿਰਜਦਾ ਹੈ।

ਕੁੱਲਾ ਦੀ ਸ਼ਾਇਰੀ ਪੜ੍ਹਦਿਆਂ ਸਹਿਜੇ ਹੀ ਇਸ ਸਿੱਟੇ ਉੱਤੇ ਪੁੱਜਿਆ ਜਾ ਸਕਦਾ ਹੈ ਕਿ ਪੰਜਾਬੀ ਗ਼ਜ਼ਲ ਦੇ ਦਿਸਹੱਦੇ ਪਰਿਉਂ ਪਾਰ ਹਨ। ਇਹ ਵੱਖਰੀ ਗੱਲ ਹੈ ਕਿ ਹਰ ਇੱਕ ਅੱਖ ਦੀ ਆਪਣੀ ਸੀਮਾ ਅਤੇ ਦਿਸਹੱਦਾ ਹੈ। ਸ਼ਿੱਦਤ ਭਰੇ ਅਹਿਸਾਸ ਨਾਲ ਜ਼ਿੰਦਗੀ ਦੀਆਂ ਬੇੜੀਆਂ ਕੱਟਣ ਦੇ ਆਸ਼ਕ ਹੀ ਨਵੀਂ ਗ਼ਜ਼ਲ ਦੇ ਪ੍ਰੀਤਮ ਹੋ ਸਕਦੇ ਹਨ। ਸ਼ਾਇਰੀ ਦੀ ਸੰਵੇਦਨਾ ਹੀ ਸ਼ਾਇਰੀ ਲਈ ਸਭ ਕੁਝ ਨਹੀਂ ਸਗੋਂ ਲੋਕਾਂ ਅਤੇ ਸਮਾਜ ਪ੍ਰਤੀ ਸੰਵੇਦਨਸ਼ੀਲਤਾ ਹੀ ਕਿਸੇ ਸ਼ਬਦ ਘਾੜੇ ਨੂੰ ਗ਼ਜ਼ਲਕਾਰ ਸਥਾਪਿਤ ਕਰਦੀ ਹੈ। ਜਿਸ ਸ਼ਾਇਰੀ ਦੀ ਸੁਹਿਰਦਤਾ ਲੋਕਾਂ ਨਾਲ ਨਹੀਂ, ਉਹ ਸਲਾਹੁਣਯੋਗ ਨਹੀਂ ਹੁੰਦੀ। ਹੁਣ ਇਹ ਗੱਲ ਤਾਂ ਪੂਰੀ ਤਰ੍ਹਾਂ ਮੰਨੀ ਜਾ ਚੁੱਕੀ ਹੈ ਕਿ ਗ਼ਜ਼ਲਕਾਰ ਉਹੀ ਸਥਾਪਿਤ ਹੋਏ ਹਨ ਅਤੇ ਹੋਣਗੇ ਜਿਨ੍ਹਾਂ ਦੇ ਸ਼ਿਅਰਾਂ ਵਿਚ ਤਕਨੀਕੀ ਪੱਖ ਦੀ ਸੰਪੂਰਨਤਾ ਹੋਵੇਗੀ। ਬਹਿਰ-ਛੰਦ ਬਿਨਾਂ ਕੋਈ ਸ਼ਿਅਰ ਨਹੀਂ ਹੋ ਸਕਦਾ। ਇਸ ਤੋਂ ਵੀ ਅਗਾਂਹ ਵਿਸ਼ੇ ਦਾ ਨਿਬਾਹ, ਸ਼ਬਦਾਂ ਦੀ ਚੋਣ, ਸ਼ਬਦਾਂ ਦਾ ਤਲੱਫ਼ਜ਼, ਕਾਫੀਆ ਅਤੇ ਰਦੀਫ ਦੀ ਸਮਝ ਵੀ ਗ਼ਜ਼ਲਕਾਰ ਨੂੰ ਹੋਣੀ ਹੀ ਚਾਹੀਦੀ ਹੈ। ਕੁੱਲਾ ਦੇ ਬਹਿਰ ਹਜਿਜ਼ ਵਿਚ ਇਹ ਸ਼ਿਅਰ ਖ਼ੂਬਸੂਰਤ ਹਨ –

ਅਸੀਂ ਤਾਂ ਤਿਣਕਿਆਂ ਨੂੰ ਫਿਰ ਉਹੀ ਤਰਤੀਬ ਦੇ ਦੇਣੀ,



ਤੁਹਾਡਾ ਸ਼ੌਕ ਭਾਵੇਂ ਆਲ੍ਹਣੇ ਬਰਬਾਦ ਕਰਨਾ ਹੈ।
ਉਨ੍ਹਾਂ ਮਜ਼ਲੂਮਾਂ ਵਿਚ ਮੇਰੀ ਕਲਮ ਨੇ ਅਣਖ ਭਰਨੀ ਹੈ,
ਜਿਨ੍ਹਾਂ ਦਾ ਸਦੀਆਂ ਤੋਂ ਚਿੰਤਨ ਫ਼ਕਤ ਫਰਿਆਦ ਕਰਨਾ ਹੈ।

ਹੈ ਬਾਹਰ ਹੋਰ, ਅੰਦਰ ਹੋਰ ਕੋਈ ਤਾੜਿਆ ਹੋਇਆ
ਤੁਸੀਂ ਸ਼ਖ਼ਸੀਅਤਾਂ ਉੱਤੇ ਮੁਲੰਮਾ ਚਾੜ੍ਹਿਆ ਹੋਇਆ।

ਜੇਕਰ ਹਾਲਾਤ ਨਾਸਾਜ਼ਗਾਰ ਹੋਣ ਤਾਂ ਆਦਮੀ ਨੂੰ ਉਸਦੀ ਦ੍ਰਿੜ੍ਹਤਾ ਆਸ ਬੰਨਾਉਂਦੀ ਹੈ –

ਹੋਇਆ ਕੀ ਜੇ 'ਪੱਥ ਭੁਲਾਵੀਂ' ਵਾਟ ਸੀ,
ਪੈਰ ਤੁਰਦੇ ਰਹਿਣ ਦੇ ਪਾਬੰਦ ਸੀ।

ਗਿਆ ਧਰਿਆ ਕਦਮ ਪਹਿਲਾ ਹੀ ਮੋਏ ਖ਼ਾਬ ਦੇ ਉੱਤੇ,
ਰਹੂ ਕੈਸਾ ਸਫ਼ਰ ਮੇਰਾ ਕਿ ਜਦ ਐਸਾ ਮਹੂਰਤ ਹੈ।

ਬਾਹਾਂ ਦੇ ਜ਼ੋਰ ਦਾ ਇਉਂ ਅਨੁਮਾਨ ਲਾ ਰਹੇ ਹਾਂ,
ਪਾਣੀ 'ਚ ਮਾਰ ਢੀਮਾਂ ਅੰਬਰ ਹਿਲਾ ਰਹੇ ਹਾਂ।
ਉਹੀ ਸਨ ਕਾਫ਼ਿਲੇ ਵਿਚ ਅੰਤ ਤੱਕ ਜੋ ਜਾਣਦੇ ਸੀ ਇਹ,
ਸਫ਼ਰ ਵਿਚ ਤੇਹ ਤਾਂ ਮਿਲਦੀ ਹੈ ਕਿਤੇ ਸਰਵਰ ਨਹੀਂ ਮਿਲਦੇ।

ਕੁਲਵਿੰਦਰ ਕੁੱਲਾ ਕੋਲ ਗ਼ਜ਼ਲ ਦੀ ਤਕਨੀਕ ਦੀ ਸਹਿਜ ਜਾਣਕਾਰੀ ਹੈ। ਉਸ ਕੋਲ ਨਵੇਂ ਤੇ ਸ਼ਗੁਫਤਾ ਕਾਫੀਏ-ਰਦੀਫ ਹਨ। ਤਜ਼ਾਦ ਹੈ ਅਤੇ ਪਾਠਕ ਨੂੰ ਸੰਬੋਧਨ ਹੋਣ ਦਾ ਸੁਹਜ ਹੈ। ਵੱਡੀ ਗੱਲ ਇਹ ਕਿ ਉਸਦਾ ਆਪਣਾ ਅੰਦਾਜ਼ ਹੈ। ਪਰ ਫਿਰ ਵੀ ਨਿੱਕੀਆਂ-ਨਿੱਕੀਆਂ ਗਲਤੀਆਂ ਤੋਂ ਬਚਣ ਹਿੱਤ ਗ਼ਜ਼ਲ ਤਕਨੀਕ ਸੰਬੰਧੀ ਹੋਰ ਅਧਿਐਨ ਦੀ ਲੋੜ ਹੈ। ਉਹਨੂੰ ਖ਼ਾਸ ਕਰ ਸ਼ਬਦਾਂ ਦੇ ਵਜ਼ਨ ਬੰਨਣ ਸਮੇਂ ਧਿਆਨ ਤੋਂ ਕੰਮ ਲੈਣਾ ਚਾਹੀਦਾ ਹੈ। ਉਸਦੇ ਪਹਿਲੇ ਹੀ ਸ਼ਿਅਰ ਦਾ ਪਹਿਲਾ ਹੀ ਸ਼ਬਦ ਬੇਹੂਦਗੀ ਨਾਲ ਬੰਨ੍ਹਿਆ ਗਿਆ ਹੈ। ਇਹ ਸ਼ਬਦ ਕਸ਼ਮਕਸ਼ ਹਰ ਹਾਲ ਵਿਚ SIS ਵਿਚ ਹੋਣਾ ਲਾਜ਼ਮੀ ਹੈ ਪਰ ਕੁੱਲਾ ਨੇ ISS ਵਿਚ ਬੰਨ੍ਹ ਕੇ ਸ਼ਬਦ ਗਿਆਨ ਦਾ ਦੁਆਲਾ ਕੱਢ ਦਿੱਤਾ ਹੈ। ਉਸਨੂੰ ਆਉਣਾ, ਜਾਣਾ ਆਦਿ ਨੂੰ ਆਵਦਾ, ਜਾਵਦਾ ਲਿਖ ਕੇ ਵਜ਼ਨ ਪੂਰਾ ਕਰਨਾ ਪੈ ਰਿਹਾ ਹੈ। ਉਹ ਬਹੁਤ ਥਾਈਂ ਸ਼ਿਅਰ ਦੇ ਅੰਤ ਵਿਚ ਇੱਕ ਹੀ ਸ਼ਬਦ ਟੋਨ ਰੱਖ ਕੇ ਸ਼ਿਅਰ ਦਾ ਰੂਪ ਵਿਗਾੜ ਦਿੰਦਾ ਹੈ। ਬਿਆਨ ਨੂੰ ਲੰਬਿਆਂ ਤੇ ਹੁਸੀਨ ਨੂੰ ਹੁਸੀਂ ਵੀ ਗ਼ਲਤ ਲਿਖਦਾ ਹੈ। **- ਸੁਲੱਖਣ ਸਰਹੱਦੀ**

## ਉਪਰਾਮ ਮੌਸਮ / ਧਰਮ ਕੰਮੇਆਣਾ

ਧਰਮ ਕੰਮੇਆਣਾ ਪੰਜਾਬੀ ਦਾ ਸਥਾਪਤ ਤੇ ਹਰਮਨ ਪਿਆਰਾ ਕਵੀ ਹੈ। 'ਉਪਰਾਮ ਮੌਸਮ' ਉਸਦਾ ਸੱਜਰਾ ਕਾਵਿ-ਸੰਗ੍ਰਹਿ ਹੈ। ਉਹ ਇਸ ਸੰਗ੍ਰਹਿ ਤੋਂ ਪਹਿਲਾਂ ਅੱਧੀ-ਦਰਜਨ ਦੇ ਕਰੀਬ ਕਾਵਿ-ਸੰਗ੍ਰਹਿ ਪੇਸ਼ ਕਰ ਚੁੱਕਾ ਹੈ।

ਕੰਮੇਆਣਾ ਦੇ ਲਿਖੇ ਗੀਤ ਵੀ ਚੰਗੀ ਨਾਮਣਾ ਖੱਟ ਚੁੱਕੇ ਹਨ ਤੇ ਇਹ ਗੀਤ ਪ੍ਰਸਿੱਧ ਪੰਜਾਬੀ ਗਾਇਕਾਂ ਰਾਹੀਂ ਗਾਏ ਜਾਣ ਪਿਛੋਂ ਪੰਜਾਬ ਦੇ ਆਮ ਲੋਕਾਂ ਤੀਕ ਪਹੁੰਚੇ ਹਨ।

ਇਸ ਸੰਗ੍ਰਹਿ ਵਿਚ ਧਰਮ ਕੰਮੇਆਣਾ ਦੀ ਕਾਵਿ-ਰਚਨਾ ਦੀਆਂ ਤਿੰਨ ਭਾਂਤ ਦੀਆਂ ਵੰਨਗੀਆਂ ਪੇਸ਼ ਹਨ। ਉਹ ਨਵੀਂ ਦੇ ਆਧੁਨਿਕ ਨਜ਼ਮ ਦਾ ਰਚੇਤਾ ਹੈ। ਇਹਨਾਂ ਨਜ਼ਮਾਂ ਵਿਚ ਉਹ ਅਜੋਕੀ ਗੁੰਝਲਦਾਰ ਹੋ ਰਹੀ ਸਮਾਜਿਕ ਜ਼ਿੰਦਗੀ ਦੀਆਂ ਗੁੰਝਲਾਂ ਤੇ ਪੇਚੀਦਗੀਆਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਪਿੰਡ ਤਿਆਗਣ ਦੇ ਹੇਰਵੇ ਦੀ ਗੱਲ ਕਰਦਾ ਹੈ। ਮੇਟਾ ਕਵਿਤਾਵਾਂ ਰਾਹੀਂ ਕਵਿਤਾ ਦੇ ਰਹੱਸਾਂ ਨੂੰ ਪੇਸ਼ ਕਰਦਾ ਹੈ ਤੇ ਆਪਣੇ ਕਾਵਿ-ਸ਼ਾਸਤਰ ਦਾ ਨਿਰਮਾਣ ਕਰਦਾ ਪ੍ਰਤੀਤ ਹੁੰਦਾ ਹੈ।

ਅੱਗ ਆਪਣੀ ਅੰਦਰ ਤਪ ਕੇ
ਫੁੱਲਿਆਂ ਵਾਂਗ ਖਿਲਣਾ
ਕਵਿਤਾ ਲਿਖਣਾ।

ਧਰਮ ਪਿੰਡਾਂ ਦੀ ਨਿਘਰਦੀ ਜਾਂਦੀ ਜ਼ਿੰਦਗੀ ਬਾਰੇ ਆਪਣੀ ਚਿੰਤਾ ਦਾ ਪ੍ਰਗਟਾਵਾ ਕਰਦਾ ਹੈ ਤੇ ਛੋਟੀ ਕਿਰਸਾਨੀ ਦੀ ਖੁਰਦੀ ਜਾਂਦੀ ਹੋਂਦ ਨੂੰ ਮਹਿਸੂਸ ਕਰਦਾ ਹੈ।

ਇਸ ਕਾਵਿ-ਸੰਗ੍ਰਹਿ ਵਿਚ ਕੁਝ ਗੀਤ ਪੇਸ਼ ਹਨ, ਉਸਦੇ ਗੀਤ ਪੇਂਡੂ ਸੱਭਿਆਚਾਰ ਦੇ ਬਦਲਦੇ ਸਰੂਪਾਂ ਦੀ ਗੱਲ ਕਰਦੇ ਹਨ ਤੇ ਉਨ੍ਹਾਂ ਹੇਰਵਿਆਂ ਤੇ ਤੰਗੀਆਂ ਬਾਰੇ ਵੀ, ਜੋ ਪਿੰਡ ਦੇ ਸਾਧਾਰਨ ਲੋਕ ਆਪਣੇ ਪਿੰਡਿਆਂ ਉੱਤੇ ਹੰਢਾ ਰਹੇ ਹਨ।

ਸੰਗ੍ਰਹਿ ਦੇ ਅੰਤਲੇ ਭਾਗ ਵਿਚ ਵੀਹ ਦੇ ਕਰੀਬ ਗ਼ਜ਼ਲਾਂ ਪੇਸ਼ ਹਨ। ਉਸਨੇ ਇਹਨਾਂ ਗ਼ਜ਼ਲਾਂ ਦੇ ਸਿਰਲੇਖ ਦੇ ਕੇ ਇਹਨਾਂ ਨੂੰ ਨਜ਼ਮਾਂ ਦੇ ਰੂਪ ਵਿਚ ਪੇਸ਼ ਕੀਤਾ ਹੈ। ਇਹਨਾਂ ਰਚਨਾਵਾਂ ਵਿਚ ਚੰਗੀ ਕਵਿਤਾ ਦੀਆਂ ਸਾਰੀਆਂ ਵਿਸ਼ੇਸ਼ਤਾਈਆਂ ਹਨ ਤੇ ਗ਼ਜ਼ਲਾਂ ਦਾ ਰੰਗ ਵੀ ਉਭਰਦਾ ਹੈ। ਚੰਗਾ ਹੋਵੇ ਕਿ ਧਰਮ ਕੰਮੇਆਣਾ ਗ਼ਜ਼ਲ ਦੇ ਕਾਵਿ-ਸ਼ਾਸਤਰ ਦਾ ਲੋੜੀਂਦਾ ਅਧਿਐਨ ਕਰਕੇ ਇਹਨਾਂ ਰਚਨਾਵਾਂ ਵਿਚਲੀਆਂ ਵਜ਼ਨ-ਬਹਿਰ ਦੀਆਂ ਰਹਿ ਗਈਆਂ ਮਾਮੂਲੀ ਜਿਹੀਆਂ ਤਰੁੱਟੀਆਂ ਨੂੰ ਖ਼ੁਦ ਹੀ ਦੂਰ ਕਰਨ ਦੇ ਯੋਗ ਹੋ ਜਾਵੇ।

ਧਰਮ ਦਾ ਇਹ ਸੰਗ੍ਰਹਿ ਉਸਦੇ ਵਿਗਸ ਰਹੇ ਕਾਵਿ-ਸਫ਼ਰ ਦਾ ਪ੍ਰਮਾਣ ਹੈ। ਪੁਸਤਕ ਸੁੱਟਣ ਵਾਲੀ ਨਹੀਂ ਸਗੋਂ ਸਾਂਭਣਯੋਗ ਹੈ। ਇਸ ਦੇ ਪ੍ਰਕਾਸ਼ਨ ਸਦਕਾ ਨਰੋਈ ਤੇ ਮਾਨਣਯੋਗ ਕਵਿਤਾ ਲਿਖਣ ਵਾਲੇ ਕਵੀਆਂ ਵਿਚ ਉਸਦਾ ਸਥਾਨ ਨਿਸਚਿਤ ਹੋ ਜਾਣਾ ਕੁਦਰਤੀ ਹੈ।

(ਹ. ਸ. ਹ.)



## ਯਤੀਮ ਹੰਝੂ / ਅਮਰਜੀਤ ਸਿੰਘ ਦੌਧਰ

'ਯਤੀਮ ਹੰਝੂ' ਅਮਰਜੀਤ ਸਿੰਘ ਦੋਧਰ ਦਾ ਪਹਿਲਾ ਨਾਵਲ ਹੈ। ਜਿਹੜਾ ਉਹਨੇ ਪੰਜ-ਛੇ ਵਰ੍ਹੇ ਪਹਿਲਾਂ ਲਿਖਿਆ ਸੀ। ਉਸ ਸਮੇਂ ਉਹ ਵਿਦਿਆਰਥੀ ਸੀ ਤੇ ਕਾਲਜ ਦੇ ਸਾਹਿਤਕ ਮਾਹੌਲ ਦੇ ਪ੍ਰਭਾਵ ਹੇਠ ਉਹਨੇ ਇਹ ਲਿਖਤ ਲਿਖੀ ਸੀ ਅਤੇ ਛਪਵਾਈ ਸੀ। ਉਸ ਸਮੇਂ ਇਸਦਾ ਅਮਰਜੀਤ ਦੇ ਮਿੱਤਰਾਂ ਤੇ ਇੱਕ ਸੀਮਤ ਸਾਹਿਤਕ ਹਲਕੇ ਵਿਚ ਜ਼ਿਕਰ ਹੋਇਆ ਸੀ। ਉਸ ਸਮੇਂ ਦੇ ਉਹਦੇ ਪ੍ਰੋਫੈਸਰਾਂ ਨੇ ਵੀ ਉਹਨੂੰ ਹੱਲਾਸ਼ੇਰੀ ਦਿੱਤੀ ਸੀ। ਇਸ ਲਿਖਤ ਦੇ ਲਿਖਣ ਸਮੇਂ ਦਿੱਲੀ ਦੰਗਿਆਂ ਦੇ ਜ਼ਖ਼ਮ ਹਾਲੇ ਅੱਲੇ ਸਨ। ਹਰ ਇੱਕ ਪੰਜਾਬੀ ਗੱਭਰੂ ਆਪਣੀ ਅਨੁਭਵ ਸਮਰੱਥਾ ਅਨੁਸਾਰ ਉਹਨਾਂ ਤੋਂ ਪ੍ਰਭਾਵਿਤ ਸੀ। ਅਮਰਜੀਤ ਸਿੰਘ ਨੇ ਹਥਲਾ ਨਾਵਲ ਇਸੇ ਪ੍ਰਭਾਵ ਹੇਠ ਲਿਖਿਆ ਸੀ। ਇਸ ਨਾਵਲ ਦਾ ਨਾਇਕ ਦਲਜੀਤ ਦਿੱਲੀ ਦੰਗਿਆਂ ਤੋਂ ਪ੍ਰਭਾਵਿਤ ਹੈ। ਇਹਨਾਂ ਦੰਗਿਆਂ ਵਿਚ ਉਹਦੀ ਮਾਂ, ਪਿਉ ਤੇ ਚਾਚਾ ਮਾਰੇ ਗਏ ਸਨ ਅਤੇ ਕੇਵਲ ਇਕੋ ਬਚੀ ਛੋਟੀ ਭੈਣ ਰੂਪੀ ਦੰਗਿਆਂ ਵਿਚ ਗੁੰਮ ਹੋ ਗਈ ਸੀ। ਦਲਜੀਤ ਇਸ ਘਟਨਾ ਤੋਂ ਬਹੁਤ ਦੁਖੀ ਹੈ ਅਤੇ ਆਮ ਸਿੱਖ ਨੌਜਵਾਨ ਵਾਂਗ ਉਹ ਵੀ ਦੰਗੇ ਕਰਾਉਣ ਵਾਲੇ ਵਿਅਕਤੀਆਂ ਤੋਂ ਬਦਲਾ ਲੈਣ ਬਾਰੇ ਸੋਚਦਾ ਹੈ। ਉਹ ਇਸ ਮੰਤਵ ਲਈ ਆਪਣੇ ਵਰਗੇ ਕੁਝ ਹੋਰ ਗੱਭਰੂਆਂ ਨੂੰ ਇਕੱਠੇ ਕਰਕੇ ਇੱਕ ਜਥੇਬੰਦੀ ਬਣਾਉਂਦਾ ਹੈ। ਇਹ ਜਥੇਬੰਦੀ ਗੁਪਤ ਰਹਿ ਕੇ ਕੰਮ ਕਰਦੀ ਹੈ। ਨਾਇਕ ਦਿੱਲੀ ਤੋਂ ਪੰਜਾਬ ਆਉਂਦਾ ਹੈ, ਦਿੱਲੀ ਵਿਚ ਉਹਨੂੰ ਆਪਣੀ ਮਾਂ ਵਰਗੀ ਇੱਕ ਪੀੜਤ ਮਾਂ, ਜੋ ਉਹਨਾਂ ਦੰਗਿਆਂ ਵਿਚ ਸਭ ਕੁਝ ਗੁਆ ਚੁੱਕੀ ਹੈ, ਮਿਲਦੀ ਹੈ। ਦੋ ਦੁਖੀਏ ਇਕੱਠੇ ਹੁੰਦੇ ਹਨ ਅਤੇ ਮਾਂ-ਪੁੱਤ ਵਾਂਗ ਰਹਿਣ ਲੱਗ ਜਾਂਦੇ ਹਨ। ਪੰਜਾਬ ਵਿਚ ਆ ਕੇ ਦਲਜੀਤ ਨੂੰ ਸਹਿਬਨ ਹੀ ਕਾਲਜ ਵਿਚ ਵਿਦਿਆਰਥੀ ਅਵਤਾਰ ਸਿੰਘ ਮਿਲ ਜਾਂਦਾ ਹੈ। ਜਿਹੜਾ ਪੜ੍ਹਨ ਵਿਚ ਹੁਸ਼ਿਆਰ ਤੇ ਚੰਗੇ ਡਾਕਟਰ ਪਰਿਵਾਰ ਦਾ ਇਕਲੌਤਾ ਸਪੁੱਤਰ ਹੁੰਦਾ ਹੈ। ਉੱਚ ਮੱਧ ਵਰਗ ਵਿਚੋਂ ਹੋਣ ਕਾਰਨ ਉਹਨੂੰ ਸਮਾਜਿਕ ਸਵਾਲਾਂ ਨਾਲ ਕੋਈ ਸਰੋਕਾਰ ਨਹੀਂ, ਕੇਵਲ ਸਦਭਾਵਨਾ ਕਰਕੇ ਦਲਜੀਤ ਦਾ ਮਿੱਤਰ ਬਣ ਜਾਂਦਾ ਹੈ, ਤੇ ਉਹਦਾ ਦੁੱਖ ਸੁਣਕੇ ਸਬਰ ਕਰਨ ਦੀ ਸਲਾਹ ਦਿੰਦਾ ਹੈ। ਘਟਨਾ ਵੱਸ ਦਲਜੀਤ ਦੀ ਬਣਾਈ ਮਾਂ ਬਜ਼ਾਰ ਜਾਂਦੀ ਇੱਕ ਜੀਪ ਦੀ ਫੇਟ ਨਾਲ ਫੱਟੜ ਹੋ ਜਾਂਦੀ ਹੈ। ਮੌਕਾ ਮੇਲ ਨਾਲ ਦਲਜੀਤ ਮੌਕੇ ਤੇ ਪੁੱਜ ਜਾਂਦਾ ਹੈ ਪ੍ਰੰਤੂ ਉਹ ਸਾਧਨਾਂ ਦੇ ਅਭਾਵ ਕਾਰਨ ਮਾਈ ਨੂੰ ਹਸਪਤਾਲ ਲਿਜਾਣ ਦੇ ਅਸਮਰੱਥ ਹੁੰਦਾ ਹੈ। ਇੱਥੇ ਅਚਾਨਕ ਅਵਤਾਰ ਦੀ ਭੈਣ ਤੇ ਪ੍ਰਸਿੱਧ ਡਾਕਟਰ ਹਰਬੰਸ ਬਰਾੜ ਦੀ ਧੀ ਮਨਜੀਤ ਕਾਰ ਸਮੇਤ ਉੱਥੇ ਆ ਜਾਂਦੀ ਹੈ। ਉਹ ਦਲਜੀਤ ਦੀ ਮਦਦ ਕਰਦੀ ਹੈ ਅਤੇ ਉਹਦੀ ਮਾਂ ਨੂੰ ਹਸਪਤਾਲ ਦਾਖਲ ਕਰਵਾ ਕੇ ਆਪਣੇ ਪਿਤਾ ਨੂੰ ਉਹਦਾ ਇਲਾਜ ਕਰਨ ਲਈ ਕਹਿੰਦੀ ਹੈ। ਇਸ ਤਰ੍ਹਾਂ ਸਮਾਂ ਪਾ ਕੇ ਸਾਰੇ ਇੱਕ ਪਰਿਵਾਰ ਵਾਂਗ ਇਕੱਠੇ ਹੋ ਜਾਂਦੇ ਹਨ। ਲੇਖਕ ਨੇ ਆਪਣੇ ਨਾਵਲ ਵਿਚ ਬਹੁਤੇ ਹਾਂ-ਪੱਖੀ ਪਾਤਰ ਇਕੱਠੇ ਕੀਤੇ ਹਨ। ਜਿਨ੍ਹਾਂ ਦੇ ਦਿਲਾਂ ਅੰਦਰ ਚੰਗਿਆਈ ਵਿਚ ਵਿਸ਼ਵਾਸ ਤੇ ਮਾਨਵਤਾ ਦਾ

ਪਿਆਰ ਹੁੰਦਾ ਹੈ। ਇਸੇ ਤਰ੍ਹਾਂ ਥਾਣੇਦਾਰ ਹਰਜਿੰਦਰ ਹੈ। ਜਿਹੜਾ ਪੁਲਿਸ ਵਾਲਾ ਹੋ ਕੇ ਵੀ ਮਾਨਵੀ ਕੀਮਤਾਂ ਦਾ ਸਤਿਕਾਰ ਕਰਦਾ ਹੈ। ਦਲਜੀਤ ਦੇ ਘਰ ਕੋਲ ਦਿੱਲੀ ਵਿਖੇ ਅਬਦੁਲ ਅਲੀ ਖਾਂ ਦਾ ਘਰ ਹੁੰਦਾ ਹੈ। ਇਹ ਵਿਅਕਤੀ ਤਅਸਵੀ ਨਾ ਹੋ ਕੇ ਮਾਨਵਵਾਦੀ ਹੁੰਦਾ ਹੈ। ਇਹ ਦਲਜੀਤ ਦੀ ਭੈਣ ਰੂਪੀ ਨੂੰ ਲੱਭਣ ਦਾ ਜ਼ਿੰਮਾ ਲੈਂਦਾ ਹੈ।

ਦਲਜੀਤ ਹੋਰਾਂ ਦੀ ਜਥੇਬੰਦੀ ਦਾ ਨਾਂ 'ਜ਼ਖ਼ਮੀ ਸੰਗਰਾਮ ਸੰਘ' ਹੁੰਦਾ ਹੈ। ਇਸਦੇ ਮੈਂਬਰ ਹਰਪਿੰਡ ਤੇ ਜਮਨੰਦ ਹੁੰਦੇ ਹਨ। 'ਜ਼ਖ਼ਮੀ ਸੰਗਰਾਮ ਸੰਘ' ਦੇ ਕਾਰਕੁੰਨਾਂ ਦਾ ਪੁਲਿਸ ਨਾਲ ਟਾਕਰਾ ਹੁੰਦਾ ਹੈ ਤੇ ਇੱਕ ਵਾਰ ਪੰਜ ਪੁਲਿਸ ਵਾਲੇ ਮਰ ਜਾਂਦੇ ਹਨ। ਦਲਜੀਤ ਸ਼ਹਿਰ ਵਿਚ ਦਹਿਸ਼ਤ ਪਾਉਣ ਲਈ ਬੰਬ ਧਮਾਕਾ ਕਰਦਾ ਹੈ। ਨਾਵਲ ਵਿਚ ਇਕ ਖਲਨਾਇਕ ਥਾਣੇਦਾਰ ਰਤਕੰਦ ਹੁੰਦਾ ਹੈ। ਜਿਹੜਾ ਟਕਸਾਲੀ ਪੁਲਿਸੀਆ ਤੇ ਪੂਰਾ ਜ਼ਾਲਮ ਹੁੰਦਾ ਹੈ। ਉਹ ਹਰ ਗੱਲ ਧੱਕੇ ਨਾਲ ਕਰਦਾ ਹੈ। ਇੱਕ ਸਮੇਂ ਉਹ ਬਾਹਰ ਡਾਕਟਰ ਹਰਬੰਸ ਬਰਾੜ ਕੋਲ ਕੋਈ ਗਲਤ ਕੰਮ ਕਰਵਾਉਣ ਜਾਂਦਾ ਹੈ। ਪ੍ਰੰਤੂ ਉਹ ਕਰਨੋਂ ਇਨਕਾਰ ਕਰ ਦਿੰਦਾ ਹੈ ਜਿਸ 'ਤੇ ਰਤਕੰਦ ਉਸਨੂੰ ਦੇਖਣ ਦੀ ਧਮਕੀ ਦਿੰਦਾ ਹੈ ਤੇ ਸਿੱਟੇ ਵਜੋਂ ਡਾਕਟਰ ਦੇ ਪੁੱਤਰ ਅਵਤਾਰ ਨੂੰ ਪਹਿਲਾਂ ਥਾਣੇ ਵਿਚ ਫੜਕੇ ਲੈ ਜਾਂਦਾ ਹੈ ਤੇ ਕੁੱਟ-ਮਾਰ ਕਰਦਾ ਹੈ ਤੇ ਫਿਰ ਛੱਡ ਦਿੰਦਾ ਹੈ। ਅਵਤਾਰ ਆਪਣੀ ਤੇ ਆਪਣੇ ਪਿਤਾ ਦੀ ਬਦਨਾਮੀ ਹੋਣ ਦੇ ਡਰੋਂ ਆਪਣੇ ਪਿਤਾ ਨੂੰ ਨਹੀਂ ਦੱਸਦਾ। ਜਦੋਂ ਕਿ ਡਾਕਟਰ ਅਵਤਾਰ ਨੂੰ ਰਤਕੰਦ ਤੋਂ ਚੌਕਸ ਰਹਿਣ ਬਾਰੇ ਕਹਿ ਚੁੱਕਿਆ ਹੁੰਦਾ ਹੈ। ਕੁਝ ਸਮੇਂ ਉਪਰੰਤ ਜਿਸ ਸਮੇਂ ਅਵਤਾਰ ਆਪਣੀ ਐਮ. ਏ. ਦਾ ਇਮਤਿਹਾਨ ਦੇ ਕੇ ਹਟਿਆ ਹੁੰਦਾ ਹੈ ਤਾਂ ਥਾਣੇਦਾਰ ਉਸਨੂੰ ਮੁੜ ਚੁੱਕ ਲੈਂਦਾ ਹੈ ਅਤੇ ਝੂਠਾ ਮੁਕਾਬਲਾ ਬਣਾ ਕੇ ਮਾਰ ਦਿੰਦਾ ਹੈ। ਇਸ ਤਰ੍ਹਾਂ ਨਾਵਲ ਵਿਚ ਦੁਖਾਂਤ ਹੋਰ ਡੂੰਘਾ ਹੋ ਜਾਂਦਾ ਹੈ। ਦਲਜੀਤ ਦੀ ਟੋਲੀ ਦਾ ਪੁਲਿਸ ਨਾਲ, ਜਿਸਦੀ ਅਗਵਾਈ ਰਤਕੰਦ ਕਰ ਰਿਹਾ ਹੁੰਦਾ ਹੈ, ਟਾਕਰਾ ਹੋ ਜਾਂਦਾ ਹੈ ਤੇ ਦਲਜੀਤ ਦੀ ਪਾਰਟੀ ਦੇ ਦੋ ਬੰਦੇ ਮਾਰੇ ਜਾਂਦੇ ਹਨ। ਦਲਜੀਤ ਬਹੁਤ ਮੁਸ਼ਕਿਲ ਨਾਲ ਉਥੋਂ ਨਿਕਲ ਕੇ ਭੱਜਦਾ ਹੈ। ਪਰ ਥਾਣੇਦਾਰ ਹਰਜਿੰਦ ਜਿਹੜਾ ਦਲਜੀਤ ਨੂੰ ਜਾਣਦਾ ਹੁੰਦਾ ਹੈ ਉਹ ਦਲਜੀਤ ਨੂੰ ਭੱਜਦੇ ਨੂੰ ਦੇਖ ਲੈਂਦਾ ਹੈ। ਉਹਨੂੰ ਦਲਜੀਤ ਦੇ ਅੱਤਵਾਦੀ ਹੋਣ ਦੀ ਹੈਰਾਨੀ ਹੁੰਦੀ ਹੈ। ਕੁਝ ਸਮੇਂ ਉਪਰੰਤ ਅਬਦੁਲ ਅਲੀ ਖਾਂ ਦਿੱਲੀ ਤੋਂ ਦਲਜੀਤ ਦੀ ਭੈਣ ਰੂਪੀ ਨੂੰ ਲੈਕੇ ਆ ਜਾਂਦਾ ਹੈ। ਸਾਰੇ ਮਾਹੌਲ ਵਿਚ ਖ਼ੁਸ਼ੀ ਦੀ ਲਹਿਰ ਦੌੜ ਜਾਂਦੀ ਹੈ। ਦਲਜੀਤ ਦਾ ਇਕ ਮਾਮਾ ਅਮਰੀਕਾ ਵਿਚ ਹੁੰਦਾ ਹੈ ਉਹ ਤੇ ਉਹਦੀ ਮਾਮੀ ਵੀ ਉਹਨੂੰ ਮਿਲਣ ਆਉਂਦੇ ਹਨ। ਅਵਤਾਰ ਦੀ ਭੈਣ ਮਨਜੀਤ, ਜਿਹੜੀ ਬੀ. ਐਸ. ਸੀ. ਵਿਚੋਂ ਪਾਸ ਹੁੰਦੀ ਹੈ ਤੇ ਪਹਿਲਾਂ ਦਲਜੀਤ ਹੋਰਾਂ ਦੇ ਪਰਿਵਾਰ ਨਾਲ ਖੁੱਲੀ ਵਿਚਰਦੀ ਹੈ, ਅਵਤਾਰ ਦੇ ਮਾਰੇ ਜਾਣ ਉਪਰੰਤ ਦਲਜੀਤ ਨੂੰ ਉਹਦੀ ਥਾਂ ਸਮਝਦੀ ਹੈ। ਅਚਾਨਕ ਨਾਟਕੀ ਤੌਰ 'ਤੇ ਉਹਨੂੰ ਇਸ਼ਕ ਕਰਨ ਲੱਗ ਜਾਂਦੀ ਹੈ ਤੇ ਦਲਜੀਤ ਦੀ ਮਾਮੀ ਇਹ ਦੇਖਕੇ ਉਹਨਾਂ ਦਾ ਪਿਆਰ ਸਿਰੇ ਚੜ੍ਹਾਉਣ ਬਾਰੇ ਕਹਿੰਦੀ ਹੈ। ਅੰਤ ਵਿਚ ਨਾਟਕੀ ਘਟਨਾ ਵਾਂਗ ਸਾਰਾ ਪਰਿਵਾਰ ਮਨਜੀਤ ਦੀ ਗੱਡੀ ਵਿਚ ਸ਼ਾਪਿੰਗ ਕਰਨ ਬਜ਼ਾਰ ਜਾਂਦਾ ਹੈ। ਉੱਥੇ ਹਰਜਿੰਦ ਦਲਜੀਤ ਨੂੰ ਪਛਾਣ



ਲੈਂਦਾ ਹੈ। ਦਲਜੀਤ ਫੜੇ ਜਾਣ ਤੇ ਅੱਤਵਾਦੀਆਂ ਵਾਂਗ ਸਾਈਨਾਈਡ ਦਾ ਕੈਪਸੂਲ ਖਾ ਕੇ ਆਤਮਹੱਤਿਆ ਕਰ ਲੈਂਦਾ ਹੈ ਤੇ ਸਾਰਾ ਕੁਝ ਦੁਖਾਂਤ ਵਿਚ ਮੁੱਕ ਜਾਂਦਾ ਹੈ। ਇਸ ਤੋਂ ਪਹਿਲੀਆਂ ਕੁਝ ਘਟਨਾਵਾਂ ਵਿਚ ਥਾਣੇਦਾਰ ਰਤਕੰਦ ਤੇ ਦਿੱਲੀ ਦੰਗਿਆਂ ਦਾ ਦੋਸ਼ੀ ਬੇਦਾਮ ਰੰਦਤ ਮਾਰਿਆ ਜਾਂਦਾ ਹੈ। ਇਸ ਤਰ੍ਹਾਂ ਦਲਜੀਤ ਬਦਲਾ ਲੈਣ ਵਿਚ ਸਫ਼ਲ ਹੋ ਜਾਂਦਾ ਹੈ।

ਸਾਰੇ ਨਾਵਲ ਵਿਚ ਸਹਿਜਤਾ ਤੇ ਸੁਭਾਵਕਤਾ ਦਾ ਅਭਾਵ ਹੈ। ਸਾਰੀਆਂ ਘਟਨਾਵਾਂ ਮੌਕਾ-ਮੇਲ ਨਾਲ ਵਾਪਰਦੀਆਂ ਹਨ। ਜਿਹੜੀਆਂ ਯਥਾਰਥ ਨੂੰ ਤੋੜਦੀਆਂ ਹਨ। ਲੇਖਕ ਨੇ ਆਪਣੇ ਮੂਹਰੇ ਨਾਵਲ ਲਿਖਣ ਤੋਂ ਪਹਿਲਾਂ ਹੀ ਇੱਕ ਟੀਚਾ ਮਿਥਿਆ ਹੁੰਦਾ ਹੈ ਕਿ ਉਹਨੇ ਦਿੱਲੀ ਦੰਗਿਆਂ ਤੇ ਪੁਲਿਸ ਦੇ ਜਬਰ ਨੂੰ ਪੇਸ਼ ਕਰਨਾ ਹੈ ਤੇ ਇਸਦੇ ਨਾਲ ਹੀ ਨਾਇਕ ਨੂੰ ਸਰਵ ਕਲਾ ਸੰਪੂਰਨ ਤੇ ਦਲੇਰ ਬਣਾਕੇ ਪੇਸ਼ ਕਰਨਾ ਹੈ। ਜਿਸ ਵਿਚ ਉਹ ਸਫਲ ਹੈ। ਇੱਕ ਚੰਗੀ ਗੱਲ ਹੈ ਕਿ ਲੇਖਕ ਨੇ ਬਹੁਤੇ ਪਾਤਰ ਪਾਜ਼ੇਟਿਵ ਪੇਸ਼ ਕੀਤੇ ਹਨ। ਜਿਹੜੇ ਇਮਾਨਦਾਰ, ਲੋਕ ਪੱਖੀ ਤੇ ਮਾਨਵਤਾ ਨੂੰ ਪ੍ਰਣਾਏ ਹੋਏ ਹਨ। ਨਾਵਲ ਵਿਚ ਅੱਤਵਾਦੀਆਂ ਨੂੰ ਚੰਗੇ ਬੰਦੇ ਪੇਸ਼ ਕਰਨ ਲਈ ਇੱਕ ਗਰੀਬ ਕੁੜੀ ਦੇ ਵਿਆਹ ਲਈ ਪੈਸੇ ਵੀ ਦਿਵਾਏ ਜਾਂਦੇ ਹਨ। ਇਹ ਸਾਰਾ ਕੁਝ ਲਿਖ ਕੇ ਲੇਖਕ ਪਿਛਲੇ ਸਮੇਂ ਵਿਚ ਵਾਪਰੇ ਅੱਤਵਾਦ ਦੇ ਹੱਕ ਵਿਚ ਭੁਗਤਦਾ ਹੈ ਤੇ ਸਾਰੀਆਂ ਘਟਨਾਵਾਂ ਨੂੰ ਸਤਿਹੀ ਤੌਰ ਤੇ ਦੇਖਦਾ ਹੈ। ਲੇਖਕ ਦਾ ਪਹਿਲਾ ਨਾਵਲ ਹੈ। ਉਹਨੂੰ ਗੱਲ ਕਰਨੀ ਆਉਂਦੀ ਹੈ ਪ੍ਰੰਤੂ ਨਾਵਲਕਾਰ ਬਣਨ ਲਈ ਸਖ਼ਤ ਮਿਹਨਤ ਅਤੇ ਚਿੰਤਨ ਦੀ ਲੋੜ ਹੈ। ਨਾਵਲ ਵਿਚ ਪਾਤਰਾਂ ਦੇ ਨਾ ਬਹੁਤ ਹੀ ਅਜੀਬ ਰੱਖੇ ਹਨ। ਜਿਹੜੇ ਨਾਵਲ ਦੇ ਯਥਾਰਥ ਨੂੰ ਭੰਗ ਕਰਦੇ ਹਨ। ਅਜਿਹਾ ਕਰਨ ਦੀ ਲੋੜ ਨਹੀਂ ਸੀ। ਆਮ ਨਾਂ ਵੀ ਰੱਖੇ ਜਾ ਸਕਦੇ ਸਨ। ਨਾਵਲ ਦੀ ਬੋਲੀ ਤੇ ਸ਼ੈਲੀ ਸਾਦੀ ਤੇ ਸਪੱਸ਼ਟ ਹੈ। ਘਟਨਾਵਾਂ ਦਾ ਬੇਲੋੜਾ ਵਿਸਥਾਰ ਰੜਕਦਾ ਹੈ। ਨਾਵਲ ਦਾ ਨਾਇਕ ਤੇ ਹੋਰ ਪਾਤਰ ਇਕ ਟੀਚੇ ਲਈ ਸੰਘਰਸ਼ਸ਼ੀਲ ਹਨ। ਉਹਨਾਂ ਨੂੰ ਆਪਣੇ ਸੰਘਰਸ਼ ਦੇ ਸਿੱਟਿਆਂ ਬਾਰੇ ਪੂਰੀ ਜਾਣਕਾਰੀ ਹੈ। ਜਿਹੜੇ ਹਰ ਹਾਲਤ ਵਿਚ ਦੁਖਾਂਤ ਨਿਕਲਦੇ ਹਨ। ਟੀਚਿਆਂ ਲਈ ਸੰਘਰਸ਼, ਕਮਜ਼ੋਰ ਇਰਾਦੇ ਤੇ ਕਮਜ਼ੋਰ ਮਾਨਸਿਕਤਾ ਨਾਲ ਨਹੀਂ ਲੜੇ ਜਾਂਦੇ। ਇਹਨਾਂ ਦੀ ਪ੍ਰਾਪਤੀ ਲਈ ਦ੍ਰਿੜਤਾ ਦੀ ਲੋੜ ਹੁੰਦੀ ਹੈ। ਪ੍ਰੰਤੂ ਨਾਵਲ ਦੇ ਪਾਤਰਾਂ ਸਮੇਤ ਦਲਜੀਤ ਦੇ ਰੋਣ-ਧੋਣ ਵਾਲੀ ਹੈ। ਇਹ ਨਾਵਲ ਦੀ ਕਮਜ਼ੋਰੀ ਹੈ। ਨਾਵਲ ਦਾ ਨਾਇਕ ਤੇ ਦੂਜੇ ਸੰਘਰਸ਼ਸ਼ੀਲ ਪਾਤਰ ਰੋਂਦੂ ਨਹੀਂ ਦ੍ਰਿੜ ਹੋਣੇ ਚਾਹੀਦੇ ਹਨ। ਅਮਰਜੀਤ ਨੇ ਇਸ ਨਾਵਲ ਨੂੰ ਛਾਪਣ ਵਿਚ ਕਾਹਲੀ ਕੀਤੀ ਹੈ। ਨਾਲ ਹੀ ਉਸਦੇ ਸਲਾਹਕਾਰਾਂ ਨੇ ਉਸਨੂੰ ਢੁੱਕਵੀਂ ਸਲਾਹ ਨਾ ਦੇ ਕੇ ਕੋਤਾਹੀ ਕੀਤੀ ਹੈ। ਕੋਈ ਲੇਖਕ ਕਿਰਤ ਦੇ ਛਪ ਜਾਣ ਨਾਲ ਹੀ ਲੇਖਕ ਨਹੀਂ ਬਣ ਜਾਂਦਾ। ਲਿਖਤ ਵਿਚ ਵੀ ਦਮ ਹੋਣਾ ਚਾਹੀਦਾ ਹੈ। ਜਿਸਦਾ ਲਿਖਤ ਵਿਚ ਅਭਾਵ ਹੈ। ਲਿਖਤ ਪ੍ਰਭਾਵਹੀਣ ਰਹਿ ਗਈ ਹੈ। •

- ਸੁਰਜੀਤ ਗਿੱਲ

# ਜੱਗ ਜੀਊਂਦਾ ਰਿਸ਼ਤਾ ਮਿੱਟੀ ਦਾ

ਡਾ. ਗੁਰਨਾਮ ਕੌਰ

ਪ੍ਰੋ. ਸਾਧਾ ਸਿੰਘ ਦੀ ਇਹ ਪੁਸਤਕ ਇੱਕ ਬਿਲਕੁਲ ਹੀ ਨਿਵੇਕਲਾ ਅਤੇ ਵੱਖਰਾ ਅਹਿਸਾਸ ਅਤੇ ਅਨੁਭਵ ਆਪਣੇ ਪਿੱਛੇ ਛੱਡਦੀ ਹੈ। ਇਹ ਪੁਸਤਕ ਇੱਕ ਤਰ੍ਹਾਂ ਨਾਲ ਤਰੀਕਾਂ ਅਨੁਸਾਰ ਡਾਇਰੀ ਦੇ ਰੂਪ ਵਿਚ ਲਿਖੀ ਗਈ ਹੈ ਪਰ ਇਸਨੂੰ ਡਾਇਰੀ ਵੀ ਨਹੀਂ ਕਹਿ ਸਕਦੇ। ਇਸਦੀ ਆਪਣੀ ਵਿਲੱਖਣ ਸ਼ੈਲੀ ਹੈ। ਇਹ ਸਿਰਫ਼ ਨਾ ਉਸਦੀ ਪਾਕਿਸਤਾਨ ਦੀ ਯਾਤਰਾ ਦਾ ਉਲੇਖ ਹੈ ਸਗੋਂ ਇਹ ਉੱਥੇ ਪਿੱਛੇ ਰਹਿ ਗਏ ਹਿੰਦੂ ਜਾਂ ਸਿੱਖ ਭਾਈਚਾਰੇ ਦੇ ਇਸਲਾਮ ਧਾਰਨ ਕਰਨ ਤੋਂ ਬਾਅਦ ਦੀ ਕਹਾਣੀ ਹੈ, ਉਨ੍ਹਾਂ ਲੋਕਾਂ ਦੀ ਕਹਾਣੀ ਹੈ, ਜਿਨ੍ਹਾਂ ਨੇ ਆਪਣੇ ਵਿੱਛੜ ਕੇ ਗਿਆ ਨੂੰ ਕਦੀ ਮਿਲ ਨਹੀਂ ਸਕਣਾ। ਉਨ੍ਹਾਂ ਲੋਕਾਂ ਦੀ ਆਪਣੀ ਧਰਤੀ ਦੀ ਸਿੱਕ ਦੀ ਕਹਾਣੀ ਹੈ, ਜਿਨ੍ਹਾਂ ਨੇ ਕਦੀ ਆਪਣੀ ਧਰਤੀ ਦੇ ਪੈਰ ਨਹੀਂ ਧਰ ਸਕਣਾ।

ਸੰਤਾਲੀ ਦੀ ਵੰਡ ਵੇਲੇ ਬਹੁਤ ਸਾਰੇ ਲੋਕਾਂ ਨੂੰ ਆਪਣੇ ਘਰ-ਬਾਰ ਤਿਆਗ ਕੇ ਇਧਰੋਂ-ਉਧਰ ਅਤੇ ਉਧਰੋਂ-ਇਧਰ ਜਾਣਾ ਪਿਆ। ਇਸ ਦੁਖਾਂਤ ਨੂੰ ਬਾਕੀ ਹਿੰਦੁਸਤਾਨ ਨਾਲੋਂ ਪੰਜਾਬ ਅਤੇ ਬੰਗਾਲ ਦੇ ਲੋਕਾਂ ਨੇ ਆਪਣੇ ਪਿੰਡੇ ਉੱਤੇ ਵੱਧ ਹੰਢਾਇਆ। ਇਹ ਦੋ ਸੂਬੇ ਹੀ ਅਜਿਹੇ ਸਨ ਜਿਨ੍ਹਾਂ ਨੂੰ ਟੋਟਿਆਂ ਵਿਚ ਵੰਡਿਆ ਗਿਆ, ਜਿਥੋਂ ਦੀ ਧਰਤੀ, ਪਾਣੀਆਂ, ਪਹਾੜਾਂ ਅਤੇ ਲੋਕਾਂ ਨੂੰ ਤਕਸੀਮ ਕਰ ਦਿੱਤਾ ਗਿਆ। ਹਿੰਦੁਸਤਾਨੀ ਪੰਜਾਬ ਵਿਚੋਂ ਮੁਸਲਮਾਨਾਂ ਨੂੰ ਪਲਾਇਨ ਕਰਨਾ ਪਿਆ ਅਤੇ ਪਾਕਿਸਤਾਨੀ ਪੰਜਾਬ ਵਿਚੋਂ ਹਿੰਦੂਆਂ ਸਿੱਖਾਂ ਨੂੰ ਆਪਣੀਆਂ ਜ਼ਮੀਨਾਂ ਜਾਇਦਾਦਾਂ, ਆਪਣੇ ਵੱਸਦੇ-ਰਸਦੇ ਘਰ ਛੱਡ ਕੇ ਉਜੜਨਾ ਪਿਆ। ਇਸ ਹਫੜਾ-ਦਫੜੀ ਵਿਚ ਇੱਜ਼ਤ-ਆਬਰੂ, ਜਾਨ-ਮਾਲ ਹਰ ਤਰ੍ਹਾਂ ਦਾ ਨੁਕਸਾਨ ਉਠਾਉਣਾ ਪਿਆ। ਇਸ ਵੰਡ-ਵੰਡਾਈ ਵਿਚ ਵੀ ਕੁਝ ਲੋਕ ਆਪਣੀ ਧਰਤੀ ਨਾਲ ਜੁੜੇ ਰਹਿਣ ਵਿਚ ਸਫਲ ਹੋ ਗਏ। ਕਈ ਮੁਸਲਮਾਨ ਭਰਾਵਾਂ ਨੇ ਆਪਣੀ ਜਾਨ ਬਚਾਉਣ ਲਈ ਅਤੇ ਇੱਥੇ ਰਹਿਣ ਲਈ ਅੰਮ੍ਰਿਤ ਛਕ ਲਿਆ ਅਤੇ ਸਿੱਖ ਧਰਮ ਗ੍ਰਹਿਣ ਕਰ ਲਿਆ। ਪਰ ਹਨੇਰੀ ਦੇ ਲੰਘ ਜਾਣ ਤੋ ਬਾਅਦ ਉਹ ਮੁੜ ਆਪਣੇ ਧਰਮ ਵਿਚ ਵਾਪਸ ਚਲੇ ਗਏ। ਉਨ੍ਹਾਂ ਨੂੰ ਆਪਣੇ ਜੀਅ ਗੁਆ ਲੈਣ ਦਾ, ਰਿਸ਼ਤੇਦਾਰਾਂ ਤੋਂ ਵਿਛੜ ਜਾਣ ਦਾ ਦੁੱਖ ਤਾਂ ਜ਼ਰੂਰ ਹੋਵੇਗਾ, ਇਹ ਕੁਦਰਤੀ ਹੈ ਪਰ ਉਨ੍ਹਾਂ ਨੂੰ ਜਬਰੀ ਦੂਸਰਾ ਧਰਮ ਅਖ਼ਤਿਆਰ ਕਰੀ ਰੱਖਣ ਦਾ ਦੁੱਖ ਕੁਝ ਸਮੇਂ ਲਈ ਹੀ ਹੰਢਾਉਣਾ ਪਿਆ। ਸਾਧਾ ਸਿੰਘ ਦੀ ਪੁਸਤਕ ਉਨ੍ਹਾਂ ਲੋਕਾਂ ਬਾਰੇ ਚਾਨਣਾ ਪਾਉਂਦੀ ਹੈ ਜਿਹੜੇ ਹਿੰਦੂ ਜਾਂ ਸਿੱਖ ਪਾਕਿਸਤਾਨ ਵਿਚ ਰਹਿ ਗਏ ਅਤੇ ਜਿਨ੍ਹਾਂ ਨੇ ਹਮੇਸ਼ਾ ਲਈ ਇਸਲਾਮ ਨੂੰ ਧਾਰਨ ਕਰ ਲਿਆ, ਅਤੇ ਅਜਿਹੇ ਲੋਕਾਂ ਲਈ ਖਾਸ ਲਫ਼ਜ ਪ੍ਰਚਲਿਤ ਹੋ ਗਿਆ, "ਦੀਨਦਾਰ"। "ਇਨ੍ਹਾਂ ਦੇ "ਦੀਨਦਾਰ" ਹੋਣ ਦੀਆਂ ਵੀ ਕਈ ਪਰਤਾਂ ਹਨ। ਇੱਕ ਉਹ 'ਦੀਨਦਾਰ' ਜਿਹਨਾਂ ਨੂੰ ਜਬਰੀ ਦੀਨ ਵਿਚ ਲਿਆਂਦਾ ਗਿਆ, ਜਿਹੜੇ ਇਕੱਲੇ ਦੁਕੱਲੇ ਮੁਸਲਮਾਨ ਬਲਵਈਆਂ ਦੇ ਹੱਥ ਲੱਗ ਗਏ ਅਤੇ ਉਨ੍ਹਾਂ ਨੂੰ ਆਪਣੀ ਜਾਨ ਬਚਾਉਣ ਲਈ ਜਬਰੀ ਮੁਸਲਮਾਨ ਬਣਨਾ ਪਿਆ ਜਾਂ ਮਾਰੇ ਜਾਣ ਦੇ ਡਰ ਤੋਂ ਉਹ ਮੁਸਲਮਾਨ ਬਣ ਗਏ। ਦੂਸਰੇ ਉਹ 'ਦੀਨਦਾਰ' ਹਨ ਜਿਨ੍ਹਾਂ ਨੇ ਆਪਣੀਆਂ ਜ਼ਮੀਨਾਂ ਦੇ ਮਾਲਕ ਬਣੇ ਰਹਿਣ ਦੇ ਮੋਹ ਵਿਚ, ਆਪਣੇ ਘਰ ਵੱਸਦੇ ਰੱਖਣ ਦੇ ਮੋਹ ਵਿਚ ਇਸਲਾਮ ਕਬੂਲ ਕਰ ਲਿਆ। ਇਨ੍ਹਾਂ



ਦੀਨਦਾਰਾਂ ਦੇ ਦੁਖਾਂਤ ਦੀਆਂ ਪਰਤਾਂ ਬੜੀਆਂ ਡੂੰਘੀਆਂ ਹਨ। ਇਹ ਦੁਖਾਂਤ ਤਿਹਰਾ ਚਹੁਰਾ ਹੈ। ਕਤਲੋਗਾਰਤ, ਵੱਢ-ਟੁੱਕ, ਇੱਜ਼ਤਾਂ ਦਾ ਲੁੱਟਿਆ ਜਾਣਾ ਇੱਕ ਅਲੱਗ ਕਿਸਮ ਦਾ ਦੁਖਾਂਤ ਹੈ। ਜਿਸ ਦੀਆਂ ਪਰਤਾਂ ਮਨੁੱਖ ਨੂੰ ਸਮਝ ਆਉਂਦੀਆਂ ਨੇ। ਇਹ ਦੁਖਾਂਤ ਇਕ ਹਨੇਰੀ ਦੀ ਤਰ੍ਹਾਂ ਆਉਂਦਾ ਹੈ ਅਤੇ ਵਾਵਰੋਲੇ ਦੀ ਤਰ੍ਹਾਂ ਆਪਣੇ ਨਾਲ ਬਹੁਤ ਕੁਝ ਉਡਾ ਕੇ ਲੈ ਜਾਂਦਾ ਹੈ। ਇਸ ਦੀ ਭਿਆਨਕਤਾ ਦਾ ਪ੍ਰਛਾਵਾਂ ਮਨੁੱਖ ਦੇ ਮਨ ਵਿਚ ਡੂੰਘਾ ਲਹਿ ਜਾਂਦਾ ਹੈ ਪਰ ਫਿਰ ਵੀ ਜੋ ਬੀਤ ਗਿਆ ਹੈ ਉਸ ਨਾਲ ਮਨੁੱਖੀ ਮਨ ਕਿਤੇ ਨਾ ਕਿਤੇ ਸਮਝੌਤਾ ਕਰ ਲੈਂਦਾ ਹੈ। ਪਰ ਇਸ ਵੰਡ ਦੇ ਦੂਸਰੀ ਕਿਸਮ ਦੇ ਦੁਖਾਂਤ ਦੀਆਂ ਪਰਤਾਂ ਗਹਿਰੀਆਂ ਨੇ, ਉਹ ਦੁਖਾਂਤ ਇੱਕ ਮਨੋਰੋਗ ਦੀ ਤਰ੍ਹਾਂ ਹੈ ਜਿਹੜਾ ਹਨੇਰੀ ਦੀ ਤਰ੍ਹਾਂ ਲੰਘਿਆ ਨਹੀਂ, ਸਗੋਂ ਜਿਸ ਵਿਚ ਇਨਸਾਨ ਨੂੰ ਕਿਣਕਾ-ਕਿਣਕਾ ਕਰਕੇ ਜਿਉਣਾ ਪੈਂਦਾ ਹੈ, ਉਹ ਦੁਖਾਂਤ ਹੈ ਆਪਣੇ ਧਰਮ ਨੂੰ ਤਬਦੀਲ ਕਰਕੇ ਜਿਉਣਾ ਜਿਸ ਨਾਲ ਸਮਝੌਤਾ ਕਰਕੇ ਵੀ ਕਿਤੇ ਨਾ ਕਿਸੇ ਧੁਰ ਅੰਦਰੋਂ ਮਨੁੱਖ ਬਾਗੀ ਹੁੰਦਾ ਹੈ। ਉਪਰੋਂ ਸ਼ਾਂਤ ਹੋਣ ਦੇ ਬਾਵਜੂਦ ਉਸਦੀ ਚੀਸ ਕਿਸੇ ਮਨ ਵਿਚ ਡੂੰਘੀ ਪੈਂਦੀ ਹੈ। ਇਸ ਦੁਖਾਂਤ ਦੀ ਝਲਕ ਸਾਧਾ ਸਿੰਘ ਦੀ ਇਸ ਹਥਲੀ ਕਿਤਾਬ ਵਿਚੋਂ ਪੈਂਦੀ ਹੈ। ਸਾਧਾ ਸਿੰਘ ਦੀ ਇਹ ਪੁਸਤਕ ਵੰਡ ਦੇ ਇਸ ਤਹਿਰੇ-ਚੌਹਰੇ ਦੁਖਾਂਤ ਦੀਆਂ ਤੈਹਾਂ ਫਰੋਲਦੀ ਬਹੁਤ ਕੁਝ ਕਹਿ ਜਾਂਦੀ ਹੈ। ਮਨੁੱਖ ਦਾ ਅਤੇ ਮਿੱਟੀ ਦਾ ਰਿਸ਼ਤਾ ਬੜਾ ਅਜੀਬ ਅਤੇ ਮੋਹ ਭਰਿਆ ਹੈ। ਇਸੇ ਅਜੀਬ ਰਿਸ਼ਤੇ ਦੀ ਦਾਸਤਾਨ ਇਹ ਪੁਸਤਕ ਕਹਿੰਦੀ ਹੈ। ਸਾਧਾ ਸਿੰਘ ਜਦੋਂ ਇਹ ਪੁਸਤਕ ਦੇਣ ਘਰ ਆਇਆ ਸੀ ਤਾਂ ਉਸਨੇ ਕਿਹਾ ਸੀ 'ਛੋਟੀ ਭੈਣ ਇਸਨੂੰ ਪੜ੍ਹਨਾ ਜ਼ਰੂਰ ਹੈ। ਤੁਸੀਂ ਇਸ ਨੂੰ ਪੜ੍ਹੋਗੇ ਵੀ ਅਤੇ ਨਾਲ ਦੀ ਨਾਲ ਰੋਵੋਗੇ ਵੀ।" ਇਸ ਪੁਸਤਕ ਨੂੰ ਪੜ੍ਹਦਿਆਂ ਹੋਣ ਨਾਲੋਂ ਵੱਧ ਮੈਂ ਅੰਦਰੋਂ ਝੰਜੋੜੀ ਗਈ ਹਾਂ। ਮੈਂ ਇੱਕ ਦਮ ਹੀ ਇਸ ਨੂੰ ਪੜ੍ਹਨਾ ਸ਼ੁਰੂ ਕਰ ਦਿੱਤਾ ਅਤੇ ਦੋ ਦਿਨ ਵਿਚ ਇਸਨੂੰ ਖ਼ਤਮ ਕਰਕੇ ਹੀ ਸਾਹ ਲਿਆ। ਮੁਲਕ ਦੀ ਵੰਡ ਉੱਤੇ ਇਹ ਇਸ ਕਿਸਮ ਦੀ ਪਹਿਲੀ ਕਿਤਾਬ ਹੈ। ਜਿਸ ਨੇ ਪਿੱਛੇ ਰਹਿ ਗਿਆਂ ਦੇ ਸਭਿਆਚਾਰ ਤੇ ਉਨ੍ਹਾਂ ਦੇ ਦੁਖਾਂਤ ਤੇ ਝਾਤੀ ਪੁਆਈ ਹੈ। ਇਹ ਪੁਸਤਕ ਸਾਧਾ ਸਿੰਘ ਨੇ ਪੱਛਮੀ ਪੰਜਾਬ ਦੇ ਪੰਜਾਬੀ ਬੋਲਣ ਦੇ ਲਹਿਜੇ ਵਿਚ ਲਿਖੀ ਹੈ ਕਿਉਂਕਿ ਉਹ ਆਪ ਵੀ ਉਸੇ ਖਿੱਤੇ ਨਾਲ ਸੰਬੰਧਤ ਹੈ। ਤਹਿਮੀਨਾ ਦੁਰਾਨੀ ਦੀਆਂ ਦੋ ਕਿਤਾਬਾਂ, ਜਿਨ੍ਹਾਂ ਦਾ ਉਪਰ ਜ਼ਿਕਰ ਕੀਤਾ ਹੈ, ਪਾਕਿਸਤਾਨ ਦੇ ਜਗੀਰਦਾਰੂ, ਲੋਟੂ ਰਾਜਨੀਤਕ ਪ੍ਰਬੰਧ ਅਤੇ ਧਰਮ ਦੇ ਨਾਂ ਤੇ ਮੁਲਾਣਿਆਂ ਵਲੋਂ ਕੀਤੇ ਜਾਂਦੇ ਸ਼ੋਸ਼ਣ ਦੀ ਮੂੰਹ ਬੋਲਦੀ ਤਸਵੀਰ ਹਨ। ਖ਼ਾਸ ਕਰਕੇ ਇਸ ਪ੍ਰਬੰਧ ਵਿਚ ਔਰਤ ਦੇ ਹੋ ਰਹੇ ਸ਼ੋਸ਼ਣ ਦਾ ਖੁਲਾਸਾ ਕਰਦੀਆਂ ਹਨ। ਇਸੇ ਤਰ੍ਹਾਂ ਫੌਜ਼ੀਆਂ ਸਈਦ ਦੀ ਪੁਸਤਕ ਉਥੋਂ ਦੀ ਹੀਰਾ ਮੰਡੀ ਬਜ਼ਾਰ ਦਾ ਸਭਿਆਚਾਰ ਅਤੇ ਉਸ ਨਾਲ ਜੁੜੀ ਮਨੁੱਖੀ ਮਾਨਸਿਕਤਾ ਅਤੇ ਰਾਜਨੀਤੀ ਬਾਰੇ ਦੱਸਦੀ ਹੈ, ਜਿਸਦਾ ਪ੍ਰਮੁੱਖ ਵਿਸ਼ਾ ਫਿਰ ਔਰਤ ਹੀ ਹੈ। ਸਾਧਾ ਸਿੰਘ ਦੀ ਇਹ ਪੁਸਤਕ ਪਾਕਿਸਤਾਨ ਦੇ ਉਨ੍ਹਾਂ ਲੋਕਾਂ ਦੀ ਗੱਲ ਕਰਦੀ ਹੈ, ਜਿਨ੍ਹਾਂ ਬਾਰੇ ਉਥੋਂ ਦਾ ਕੋਈ ਲੇਖਕ ਸ਼ਾਇਦ ਹੀ ਕਦੇ ਲਿਖੇ। ਜੇ ਇਨ੍ਹਾਂ ਲੋਕਾਂ ਵਿਚੋਂ ਹੀ ਕੱਲ ਨੂੰ ਕੋਈ ਲੇਖਕ ਬਣ ਜਾਵੇ, ਉਹ ਵੀ ਸ਼ਾਇਦ ਉਸ ਟੀਸ ਨੂੰ ਨਾ ਸਮਝ ਸਕੇ, ਜਿਸ ਟੀਸ ਦੀ ਚਸ਼ਮਦੀਦ ਗਵਾਹ ਉਹ ਪੀੜ੍ਹੀ ਹੈ ਜਿਸਨੇ ਇਸਨੂੰ ਹੰਢਾਇਆ ਹੈ, ਅਤੇ ਜਿਸ ਦਾ ਚਸ਼ਮਦੀਦ ਗਵਾਹ ਸਾਧਾ ਸਿੰਘ ਆਪ ਹੈ ਕਿਉਂਕਿ ਕੱਲ੍ਹ ਨੂੰ ਬਣਨ ਵਾਲੇ ਲੇਖਕ ਉਸ "ਦੀਨਦਾਰ" ਸਭਿਆਚਾਰ ਦਾ ਕੁਦਰਤੀ ਅੰਗ ਹੋਣਗੇ, ਜਬਰੀ ਬਣਾਏ ਅੰਗ ਨਹੀਂ।

ਲੇਖਕ ਨੇ ਆਪਣੀ ਲਿਖਤ ਦੇ ਮੁੱਢ ਵਿਚ ਹੀ ਦੱਸਿਆ ਹੈ ਕਿ ਪਾਕਿਸਤਾਨ ਦੀ

ਯਾਤਰਾ ਅਤੇ ਇਸ ਯਾਤਰਾ ਨੂੰ ਲਿਖਤੀ ਰੂਪ ਦੇਣ ਦੇ ਦੋ ਕਾਰਨ ਹਨ। ਇੱਕ ਕਾਰਨ ਉਸਦਾ ਪਿੰਡ "ਠਕਰਕੇ ਵੜੈਚ" ਹੈ, ਜੋ ਉਸਦੀ ਜਨਮਭੂਮੀ ਹੈ, ਜਿਸ ਦੀ ਮਿੱਟੀ ਵਿਚ ਉਹ ਪੈਦਾ ਹੋਇਆ ਸੀ। ਦੂਸਰਾ ਕਾਰਨ ਉਸਦੀ ਮਾਸੀ ਅਮਰ ਕੌਰ ਅਤੇ ਮਾਸੀ ਦੀ ਧੀ ਭੈਣ ਮਾਨ ਕੌਰ ਹਨ, ਜਿਨ੍ਹਾਂ ਕੋਲ ਉਹ ਪਲਿਆ ਸੀ। ਉਹ ਆਪਣੇ ਪਿਆਰ ਦੇ ਇਨ੍ਹਾਂ ਦੋਵਾਂ ਸੋਮਿਆਂ, ਉਸਦਾ ਪਿੰਡ ਅਤੇ ਉਸਦੀ ਮਾਸੀ ਅਤੇ ਭੈਣ, ਪਾਕਿਸਤਾਨ ਬਣਨ ਨਾਲ ਉਸਤੋਂ ਵਿਛੜ ਗਿਆ ਜਾਂ ਵਿਛੋੜ ਦਿੱਤਾ ਗਿਆ। ਜਿਸਦਾ ਦਰਦ ਉਸਨੇ ਸਾਰੀ ਉਮਰ ਆਪਣੇ ਮਨ ਵਿਚ ਹੰਢਾਇਆ ਹੈ। ਅਣਗਿਣਤ ਲੋਕ ਹਨ ਪੰਜਾਬ ਦੀ ਇਧਰਲੀ ਅਤੇ ਉਧਰਲੀ ਧਰਤੀ ਤੇ ਜਿਨ੍ਹਾਂ ਨੂੰ ਇਸ ਦਰਦ ਦੀ ਚੀਸ ਆਪਣੀ ਛਾਤੀ ਵਿਚ, ਜਦੋਂ ਤੱਕ ਉਨ੍ਹਾਂ ਦੀ ਹਯਾਤੀ ਹੈ, ਉਦੋਂ ਤੱਕ ਮਹਿਸੂਸ ਹੁੰਦੀ ਰਹੇਗੀ। ਮੁੜ ਮਿਲਣ ਦੀ ਸਿੱਕ ਵਿਚ ਹੀ ਲੇਖਕ ਆਪਣੇ ਇੱਕ ਮਿੱਤਰ ਵਧਾਵਾ ਸਿੰਘ ਨਾਲ, ਜਿਹੜਾ ਖੁਦ ਇਸ ਉਜਾੜੇ ਦਾ ਭੰਨਿਆ ਹੋਇਆ ਹੈ, ਪਾਕਿਸਤਾਨ ਜਾ ਕੇ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਅਤੇ ਆਪਣੀ ਜਨਮਭੂਮੀ ਦੀ ਮਿੱਟੀ ਆਪਣੇ ਮੱਥੇ ਨੂੰ ਲਾਉਣ ਵਿਚ ਸਫਲ ਹੋ ਸਕਿਆ। ਅਜਿਹੇ ਕਰਮਾਂ ਵਾਲੇ ਬਹੁਤ ਘੱਟ ਲੋਕ ਨੇ ਜਿਨ੍ਹਾਂ ਨੂੰ ਦੁਬਾਰਾ ਉਸ ਜ਼ਮੀਨ ਤੇ ਕਦਮ ਰੱਖਣਾ ਨਸੀਬ ਹੋ ਸਕਿਆ ਹੈ। ਸਾਰੀ ਪੁਸਤਕ ਦਰਦ ਦੀ ਤਹਿ ਦਰ ਤਹਿ ਲੁਕੀ ਉਹ ਦਾਸਤਾਨ ਹੈ ਜਿਸਨੂੰ ਲਿਖਣਾ ਵੀ ਮੁਸ਼ਕਿਲ ਹੈ ਅਤੇ ਪੜ੍ਹਨਾ ਵੀ ਕਿਉਂਕਿ ਦਰਦ ਨੂੰ ਸਿਰਫ਼ ਹੰਢਾਇਆ ਜਾਂਦਾ ਹੈ ਉਸਦਾ ਬਿਆਨ ਕਰਨਾ ਔਖਾ ਹੁੰਦਾ ਹੈ।

ਲੇਖਕ ਨੇ ਇਸ ਪੁਸਤਕ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਹੈ ਅਤੇ ਇਨ੍ਹਾਂ ਹਿੱਸਿਆਂ ਦਾ ਨਾਮਕਰਨ ਬੜਾ ਸੋਚ ਸਮਝ ਕੇ ਕੀਤਾ ਹੈ। ਪਹਿਲੇ ਹਿੱਸੇ ਦਾ ਨਾਂ 'ਆਰਸੀ' ਰੱਖਿਆ ਹੈ। ਆਰਸੀ ਆਪਣਾ ਅਕਸ ਦੇਖਣ ਦੇ ਕੰਮ ਆਉਂਦੀ ਹੈ। ਇਸ ਭਾਗ ਵਿਚ ਪੁਸਤਕ ਬਾਰੇ ਦੂਸਰੇ ਲੇਖਕਾਂ ਦੇ ਵਿਚਾਰ ਭੂਮਿਕਾ ਦੇ ਰੂਪ ਵਿਚ ਦਿੱਤੇ ਗਏ ਹਨ ਜਿਵੇਂ ਪ੍ਰੋਫੈਸਰ ਬਲਕਾਰ ਸਿੰਘ, ਪ੍ਰੋਫੈਸਰ ਹਰਪਾਲ ਸਿੰਘ ਪੰਨੂੰ, ਡਾ. ਹਰਭਜਨ ਸਿੰਘ, ਸਰਦਾਰ ਪੰਛੀ, ਅਨੂਪ ਵਿਰਕ ਅਤੇ ਡਾ. ਚਰਨਜੀਤ ਸਿੰਘ ਉਡਾਰੀ। ਇਨ੍ਹਾਂ ਲੇਖਕਾਂ ਵਿਚੋਂ ਬਹੁਤਿਆਂ ਨੇ ਉਸ ਉਜਾੜੇ ਦਾ ਦਰਦ ਆਪਣੇ ਪਿੰਡੇ ਤੇ ਹੰਢਾਇਆ ਹੈ, ਇਸ ਲਈ ਹਰ ਇੱਕ ਉਹ, ਜਿਸਨੇ ਇਸ ਦਰਦ ਨੂੰ ਹੰਢਾਇਆ, ਉਸਨੂੰ ਆਪਣੀ ਕਹਾਣੀ ਲੱਗਦੀ ਹੈ। ਲੇਖਕ ਆਪਣੇ ਪਿਛੋਕੇ ਨੂੰ ਦੇਖਣ ਲਈ ਪਾਕਿਸਤਾਨ ਨਹੀਂ ਜਾਂਦਾ ਸਗੋਂ ਆਪਣੇ ਨਾਲ ਉਨ੍ਹਾਂ ਅਨੇਕ ਜਾਣਿਆਂ ਦੇ ਦੁੱਖ ਦਰਦ ਦੀ ਪੰਡ ਬੰਨ੍ਹ ਕੇ ਲੈ ਜਾਂਦਾ ਹੈ। ਜਿਨ੍ਹਾਂ ਦਾ ਕੋਈ ਨਾ ਕੋਈ ਉਥੇ ਰਹਿ ਗਿਆ ਸੀ ਜਿਸਦੇ ਜਿਉਂਦੇ ਹੋਣ ਦੀ ਆਸ ਸੀ। ਪੁਸਤਕ ਦੇ ਦੂਜੇ ਹਿੱਸੇ ਦਾ ਨਾਂ ਉਸਨੇ "ਆਧਾਰ" ਰੱਖਿਆ ਹੈ ਜਿਸਨੂੰ ਅੱਗੋਂ ਫਿਰ ਸਬ ਹੈਡਿੰਗਜ਼ ਵਿਚ ਵੰਡਿਆ ਹੈ ਜਿਵੇਂ ਵਰ ਪ੍ਰਾਪਤੀ ਦਾ ਅਸਤਿੱਤਵ ਜਿਸ ਵਿਚ ਉਸਨੇ ਦੱਸਿਆ ਹੈ ਕਿ ਕਿਵੇਂ ਉਸ ਦੀ ਮਾਂ ਨੇ, ਪੰਜਾ ਸਾਹਿਬ ਨੂੰ ਮਨ ਵਿਚ ਰੱਖ ਕੇ, ਗੁਰੂ ਬਾਬੇ ਅੱਗੇ ਅਰਦਾਸਾਂ ਕਰਕੇ, ਉਸਨੂੰ ਪ੍ਰਾਪਤ ਕੀਤਾ। ਫਿਰ ਕਿਵੇਂ ਉਸਨੂੰ ਉਸਦੀ ਮਾਸੀ ਅਮਰ ਕੌਰ ਕੋਲ ਵਜੀਰਾਬਾਦ ਦੀ ਪਿੰਡ 'ਸਾਰੋਕੀ ਚੀਮਾ' ਵਿਖੇ ਵੱਡਾ ਹੋਣ ਲਈ ਭੇਜ ਦਿੱਤਾ ਜਿੱਥੇ ਉਸਦੇ ਮਾਸੜ ਬੂਟਾ ਸਿੰਘ, ਜੋ ਪਿੱਛੋਂ ਮੁਸਲਮਾਨ ਬਣ ਕੇ ਸੁਲਤਾਨ ਅਲੀ ਹੋ ਗਿਆ ਅਤੇ ਭੈਣ ਮਾਨ ਕੌਰ ਨੇ ਲਾਡ ਨਾਲ ਪਾਲਿਆ। "ਅਤੀਤ ਦੀਆਂ ਪੈੜਾਂ" ਬਿਆਨ ਕਰਦੀਆਂ ਨੇ ਕਿ ਕਿਹੋ ਜਿਹੇ ਹਾਲਾਤ ਵਿਚ ਡਿਗਦੇ ਢਹਿੰਦੇ, ਮੁਸੀਬਤਾਂ ਝਾਗਦੇ ਮੁਲਕ ਦੇ ਵੰਡੇ ਗਏ



ਹਿੱਸੇ ਵਿਚੋਂ ਇਧਰ ਆਏ। ਉਸਦੀ ਮਾਂ ਦੇ ਪੇਕੀ ਅਬਦਾਲ ਚੀਮੇ ਵਿਆਹੇ ਮੋਚੀ ਨੇ ਬਲਵਈਆਂ ਕੋਲੋਂ ਉਸਦੀ ਮਾਂ ਨੂੰ ਇਹ ਕਹਿ ਕੇ ਬਚਾਇਆ। "ਨਹੀਂ ਉਏ ਮੈਂ ਮਾਰਨ ਨਹੀਂ ਦੇਣੀ, ਮੇਰੀ ਸਾਲੀ ਲੱਗਦੀ ਏ।" ਅਜਿਹਾ ਬਹੁਤ ਸਾਰਿਆਂ ਨਾਲ ਵਾਪਰਿਆ ਹੋਵੇਗਾ। ਇਸੇ ਤਰ੍ਹਾਂ "ਪੁਰਸ ਲਾਤ ਦਾ ਪੈਂਡਾ" ਵਿਚ ਵੀ ਪਿੰਡ "ਠੱਕਰਕੇ ਵੜੈਚ" ਦੇ ਉਜਾੜੇ ਬਾਰੇ ਜੋ ਦੱਸਿਆ ਹੈ ਉਹ ਲੂੰ ਕੰਡੇ ਕਰਦਾ ਹੈ ਜਿਨ੍ਹਾਂ ਵਿਚ ਸਾਧਾ ਸਿੰਘ ਵੜੈਚ ਦੇ ਪਿੰਡ ਵਿਚ ਹੀ ਵੱਸੇ ਗੁਰਚਰਨ ਦੀ ਕਹਾਣੀ ਹੈ ਜਿਸ ਦਾ ਹੱਥ ਆਪਣੀ ਭੈਣ ਦੇ ਹੱਥੋਂ ਛੁੱਟ ਗਿਆ ਸੀ ਅਤੇ ਅੱਜ ਤੱਕ ਉਹ ਆਪਣੀ ਭੈਣ ਅਤੇ ਭਰਾ ਦੇ ਵਿਛੋੜੇ ਦਾ ਦਰਦ ਹੰਢਾ ਰਿਹਾ ਹੈ। 'ਰਾਹਵਾਂ ਦੇ ਹਾਦਸੇ', 'ਅਹਿਸਾਸ ਦਾ ਸਫ਼ਰ', 'ਇੱਕ ਸਮਾਨਅੰਤਰ ਰੂਹ' ਤੇ 'ਮਿੱਟੀ ਦਾ ਮੋਹ' ਦੇਸ਼ ਦੇ ਬਟਵਾਰੇ, ਉਜਾੜੇ ਅਤੇ ਮੁੜ ਉਸ ਵੱਲ ਜਾਣ ਦੀ ਖਿੱਚ ਦੇ ਦਰਦ ਨੂੰ ਬਿਆਨ ਕਰਦੀ ਹੈ। ਤੀਸਰੇ ਹਿੱਸੇ ਦਾ ਨਾਂ ਲੇਖਕ ਨੇ 'ਲੋਅ' ਰੱਖਿਆ ਹੈ ਜੋ ਪਹਿਲੇ ਦੋਹਾਂ ਹਿੱਸਿਆਂ ਤੋਂ ਲੰਬਾ ਬਿਰਤਾਂਤ ਹੈ। ਇਹ ਪੁਸਤਕ ਦੇ 77 ਤੋਂ 323 ਪੰਨਿਆਂ ਤੱਕ ਫੈਲਿਆ ਹੋਇਆ ਹੈ। ਜਿਸ ਨੂੰ ਪਹਿਲੇ ਦੋ ਹਿੱਸਿਆਂ ਦੀ ਤਰ੍ਹਾਂ ਹੀ ਵੱਖ-ਵੱਖ ਸਬ ਹੈਡਿੰਗਜ਼ ਵਿਚ ਵੰਡਿਆ ਹੈ, ਜਿਵੇਂ 'ਤੇ ਅੰਗੂਰ ਫੁੱਟ ਪਿਆ', 'ਵੱਗ ਵਾਏ ਪਰ-ਸਵਾਰਥ ਭਰੀਏ', 'ਸੁਪਨਿਆਂ ਦੇ ਦੇਸ਼ ਵੱਲ', 'ਦਸਤਕ', 'ਦਰਦਾਂ ਦੇ ਦਰਿਆ', ਪਹਿਲਕਦਮੀ ਦੇ ਨਕਸ਼ ਸ਼ੁਰੂਆਤ, ਦੀਨ ਦੇ ਪੁਆੜੇ, ਵਿਰਕਾ ਦਾ ਉਸੇਲ ਚੌਥੀ ਤਾਕ, ਉੱਚਾ ਦਰ ਬਾਬੇ ਨਾਨਕ ਦਾ, ਜ਼ਿਆਰਤ ਦਾ ਪੈਂਡਾ, ਮਿੱਟੀ ਦਾ ਰੁਦਨ, ਆਰਾਮ ਦੀ ਤਲਬ, ਸੱਜਣ ਵਿਛੜੇ ਸੱਜਣਾਂ ਜਿਹੜਿਆਂ ਦੇ, ਵਾਰਸ ਸ਼ਾਹ ਰੋਸ਼ਨ ਹੋਵੇ ਨਾਮ ਤੇਰਾ, ਤੜਪਦੀਆਂ ਰੂਹਾਂ ਦੀ ਦਾਸਤਾਨ1, ਤੜਪਦੀਆਂ ਰੂਹਾਂ ਦੀ ਦਾਸਤਾਨ 11, ਤੜਪਦੀਆਂ ਰੂਹਾਂ ਦੀ ਦਾਸਤਾਨ 111, ਕਿੜਾਵੇ ਦਾਵਰ, ਪਿਆਰ ਦੀ ਪੀਂਘ, ਰਿਣ ਪਿੱਤਰਾ ਦਾ, ਜਿਥੇ ਬਾਬਾ ਪੈਰ ਧਰੇ, ਨਿਗਾਰੇ ਫਕਰ ਮੈਂ ਸ਼ਾਨੇ ਸਿਕੰਦਰੀ ਕਿਆ ਹੈ, ਜਿਸ ਲਾਹੌਰ ਨਹੀਂ ਵੇਖਿਆ, ਉੱਚਾ ਬੁਰਜ ਲਾਹੌਰ ਦਾ, ਅੱਧਪਚੱਧੀ ਵਾਪਸੀ, ਸੁਪਨੇ ਦੀ ਉਮਰ ਪੁੱਗੀ, ਨਦੀ ਨਾਵ ਸੰਜੋਗੀ ਮੇਲੇ ਆਦਿ। ਇਹ ਸਾਰੇ ਸਿਰਲੇਖ ਆਪਣੇ ਆਪ ਵਿਚ ਅਰਥ ਭਰਪੂਰ ਹਨ ਕਿਉਂਕਿ ਇਹ ਕਹੀ ਜਾਣ ਵਾਲੀ ਗੱਲ ਵੱਲ ਸੰਕੇਤ ਕਰਦੇ ਹਨ।

"ਅਤੀਤ ਦੀਆਂ ਪੈੜਾਂ" ਵਿਚ ਲੇਖਕ ਨੇ ਉਸ ਉਜਾੜੇ ਦਾ ਵਰਨਣ ਆਪਣੀ ਹੱਡ ਬੀਤੀ ਰਾਹੀਂ ਦੱਸਿਆ ਹੈ ਜਿਸ ਵਿਚੋਂ ਉਜੜਨ ਵਾਲੇ ਸਾਰੇ ਪਰਿਵਾਰਾਂ ਨੂੰ ਲੰਘਣਾ ਪਿਆ ਭਾਵੇਂ ਇਸ ਹੋਣੀ ਦੇ ਰੂਪ ਵੱਖ-ਵੱਖਰੇ ਹਨ। ਘੋੜੀ ਤੇ ਜਦੋਂ ਉਸਦਾ ਬਾਪ ਸ਼ਿੰਗਾਰਾ ਸਿੰਘ ਮਾਂ ਪੁੱਤ ਨੂੰ ਬਿਠਾ ਕੇ ਲੈ ਜਾ ਰਿਹਾ ਸੀ ਤੇ ਕਿਵੇਂ ਘੋੜੀ ਤੋਂ ਡਿੱਗਣ ਤੇ ਉਸਦੀ ਮਾਤਾ ਬਲਵਾਈਆਂ ਦੇ ਘੇਰੇ ਵਿਚ ਆ ਗਈ। ਜਦੋਂ ਲੱਕ ਨਾਲ ਬੰਨ੍ਹੀਆਂ ਟੂੰਮਾਂ ਦੇਣ ਤੇ ਵੀ ਛੁਟਕਾਰਾ ਨਾ ਹੁੰਦਾ ਦਿਸਿਆ, ਤਾਂ ਉਸ ਪਿੰਡ ਦੇ ਹੀ ਇੱਕ ਮੋਚੀ ਨੇ, ਜੋ ਲੇਖਕ ਦੇ ਨਾਨਕੇ 'ਅਬਦਾਲ ਚੀਮੇ' ਵਿਆਹਿਆ ਹੋਇਆ ਸੀ ਇਹ ਕਹਿ ਕੇ ਮਾਰਨ ਤੋਂ ਬਚਾਇਆ, ਕਿ ਉਹ ਉਸਦੀ ਸਾਲੀ ਹੈ। ਇਸੇ ਤਰ੍ਹਾਂ ਪੁਰਸਲਾਤ ਦਾ ਪੈਂਡਾ ਵਿਚ ਵੀ ਉਨ੍ਹਾਂ ਹੀ ਦੁਸ਼ਵਾਰੀਆਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਵਿਚੋਂ ਲੰਘ ਕੇ ਲੋਕ ਕੈਂਪਾਂ ਥਾਣੀ ਹਿੰਦੁਸਤਾਨ ਵਿਚ ਆਏ। ਇਹ ਅਜਿਹਾ ਸਮਾਂ ਸੀ ਜਦੋਂ ਪਾਕਿਸਤਾਨ ਦੀ ਪੁਲਿਸ ਲੋਕਾਂ ਦੀ ਸਹਾਇਤਾ ਕਰਨ ਦੀ ਥਾਂ ਕੈਂਪਾਂ ਤੇ ਖ਼ੁਦ ਹਮਲਾ ਕਰ ਕੇ ਮਾਰ ਰਹੀ ਸੀ। ਇਸ ਕਤਲ ਕੀਤੇ ਜਾਣ ਵਾਲੇ ਜਥੇ ਵਿਚ ਹੀ ਚਾਰ ਸਾਲ ਦਾ ਗੁਰਚਰਨ ਸਿੰਘ ਸੀ ਜਿਸਦਾ ਹੱਥ ਉਸਦੀ ਭੈਣ ਦੇ ਹੱਥੋਂ ਛੁੱਟ ਗਿਆ ਸੀ। ਉਹ ਆਪਣੀ 9 ਸਾਲ ਦੀ ਭੈਣ ਅਤੇ ਛੇ ਸਾਲ ਦੇ ਭਰਾ ਨਾਲ ਕਮਾਦ ਵਿਚ ਵੜ ਰਿਹਾ ਸੀ। ਹੱਥ ਛੁੱਟਣ ਤੇ

ਕਮਾਦੋਂ ਬਾਹਰ ਆ ਗਿਆ ਅਤੇ ਸਬੱਬੀ ਆਪਣੀ ਦਾਦੀ ਨੂੰ ਮਿਲ ਗਿਆ ਪਰ ਉਸ ਦੀ ਗੁਆਚੀ ਭੈਣ ਅਤੇ ਭਰਾ ਦਾ ਵਿਛੋੜਾ ਅੱਜ ਤੱਕ ਉਸਦਾ ਕਾਲਜਾ ਸਾੜ ਰਿਹਾ ਹੈ ਉਥੋਂ ਆ ਕੇ ਰੱਜੇਧਾਏ, ਖਾਂਦੇ ਪੀਂਦੇ ਲੋਕਾਂ ਨੂੰ ਕਿਹੋ ਜਿਹੀਆਂ ਮਾਨਸਿਕ ਦੇ ਨਾਲ-ਨਾਲ ਆਰਥਿਕ ਦੁਸ਼ਵਾਰੀਆਂ ਵਿਚੋਂ ਲੰਘਣਾ ਪਿਆ, ਇਸਦਾ ਸੰਕੇਤ ਲੇਖਕ ਦੇ ਪਿਤਾ ਦੀ ਮੌਤ ਦੀ ਘਟਨਾ ਵਿਚੋਂ ਮਿਲਦਾ ਹੈ। ਸਮਾਣੇ ਸ਼ਹਿਰ ਦੇ ਸਾਹਮਣੇ ਦੀ ਸੁੰਨੀ ਸੜਕ ਤੇ ਇਲਾਜ ਖੁਣੋਂ ਲੇਖਕ ਦਾ ਪਿਤਾ ਮਰਿਆ ਪਿਆ ਸੀ ਅਤੇ ਉਸਦੀ ਮਾਂ ਅਤੇ ਚਾਚਾ (ਬਾਪ ਦੀ ਮਾਸੀ ਦਾ ਪੁੱਤ) ਕੋਲ ਬੈਠੇ ਰੋ ਰਹੇ ਸੀ। ਲਾਸ਼ ਨੂੰ ਲੈ ਕੇ ਜਾਣ ਲਈ ਨਾ ਕੋਈ ਸਵਾਰੀ ਦਾ ਸਾਧਨ ਸੀ ਨਾ ਕੋਈ ਪੈਸਾ। ਇਕ ਲਾਲੇ ਨੇ ਤਰਸ ਖਾ ਕੇ ਉਥੇ ਸਮਾਣੇ ਹੀ ਅੰਤਮ ਸੰਸਕਾਰ ਦਾ ਪ੍ਰਬੰਧ ਕੀਤਾ ਅਤੇ ਬੱਸ ਵਾਲੇ ਨੂੰ ਸਪੇਸ਼ਲ ਕਹਿ ਕੇ ਉਨ੍ਹਾਂ ਨੂੰ ਉਨ੍ਹਾਂ ਦੇ ਟਿਕਾਣੇ ਪਹੁੰਚਾਇਆ। ਇਹ ਸਹੇ ਗਏ ਦੁੱਖਾਂ ਦੀ ਸਿਰਫ਼ ਇਕ ਝਲਕ ਮਾਤਰ ਹੈ। ਅਹਿਸਾਸ ਦਾ ਸਫ਼ਰ ਵਿਚ ਉਨ੍ਹਾਂ ਦਰਦਮਈ ਹੰਝੂਆਂ ਦਾ ਜ਼ਿਕਰ ਹੈ ਜੋ ਉਸਦੀ ਮਾਂ, ਉਸਦੀ ਮਾਮੀ ਅਤੇ ਮਾਸੀ ਦੀ ਧੀ ਨੂੰ ਯਾਦ ਕਰਕੇ ਕਰਦੀ ਰਹੀ। ਵਿਛੜ ਗਿਆ ਲਈ ਸਭ ਇਸੇ ਤਰ੍ਹਾਂ ਹੌਕੇ ਭਰਦੇ ਸੀ।

ਇਸ ਤੋਂ ਅਗਲੇ ਪੰਨਿਆਂ ਵਿਚ 'ਤੇ ਅੰਗੂਰ ਫੁਟ ਪਿਆ', ਵੱਗ ਵਾਏ ਪਰ ਸੁਆਰਥ ਭਰੀਏ, ਸੁਪਨਿਆਂ ਦੇ ਦੇਸ਼ ਵੱਲ, ਲੇਖਕ ਨੇ ਪਾਕਿਸਤਾਨ ਜਾਣ ਦੀ ਤਿਆਰੀ, ਜਿਹੜੇ ਲੋਕ ਆਪਣੇ ਸਕਿਆਂ ਸੋਦਰਿਆਂ ਨੂੰ ਪਿੱਛੇ ਛੱਡ ਆਏ ਸੀ, ਉਨ੍ਹਾਂ ਦੇ ਸੁਖ ਸੁਨੇਹੇ ਅਤੇ ਵਾਘਾ ਬਾਰਡਰ ਰਾਹੀਂ ਪਾਕਿਸਤਾਨ ਵਿਚ ਦਾਖਲ ਹੋ ਜਾਣ ਦਾ ਜ਼ਿਕਰ ਕੀਤਾ ਹੈ। ਪਾਕਿਸਤਾਨ ਦੇ ਲੋਕਾਂ ਅਤੇ ਪੁਲਿਸ ਕਰਮਚਾਰੀਆਂ ਵਲੋਂ ਨਿੱਘੇ ਜੀ ਆਇਆਂ ਅਤੇ ਮਿਲਵਰਤਣ ਦਾ ਜ਼ਿਕਰ ਕੀਤਾ ਹੈ। ਇਹੀ ਪੁਲਿਸ ਪਾਕਿਸਤਾਨ ਬਣਨ ਵੇਲੇ ਵੈਰੀ ਬਣ ਕੇ ਟੱਕਰੀ ਸੀ ਅਤੇ ਲੋਕਾਂ ਇੱਕ ਦੂਜੇ ਦੇ ਆਹੂ ਲਾਹੇ ਸੀ। ਸਮੇਂ-ਸਮੇਂ ਦੀ ਗੱਲ ਹੁੰਦੀ ਹੈ।

ਪਹਿਲ ਕਦਮੀਂ ਦੇ ਨਕਸ਼ ਪੜ੍ਹਾਕੇ ਪਤਾ ਲੱਗਦਾ ਹੈ ਕਿ ਪਾਕਿਸਤਾਨੀ ਪੰਜਾਬੀ ਜੀਵਨ ਵਿਚ, ਖਾਸ ਕਰਕੇ ਪੇਂਡੂ ਜੀਵਨ ਦੀਆਂ ਰਵਾਇਤਾਂ ਵਿਚ ਬਹੁਤੀ ਤਬਦੀਲੀ ਨਹੀਂ ਆਈ। ਕੰਮਕਾਜ ਕਰਨ ਦੇ ਢੰਗ, ਖਾਣ-ਪੀਣ ਦਾ ਸਭਿਆਚਾਰ ਅਤੇ ਆਦਤਾਂ ਉਵੇਂ ਦੀਆਂ ਉਵੇਂ ਕਾਇਮ ਹਨ, ਜਿਵੇਂ ਜ਼ਿਮੀਦਾਰ ਮੁੰਡਿਆਂ ਵਲੋਂ ਘਰ ਦਾ ਕੰਮ ਕਾਜ ਕਰਨਾ, ਖੂਹਾਂ ਤੋਂ ਦੁੱਧ ਚੋ ਕੇ ਲਿਆਉਣਾ, ਸਵੇਰੇ ਲੱਸੀ ਪੀਣ ਦੀ ਆਦਤ ਵਗੈਰਾ-ਵਗੈਰਾ ਜਿਸਨੂੰ ਸਾਡੇ ਪੰਜਾਬੀ ਲੋਕ ਗੁਆ ਚੁੱਕੇ ਹਨ। ਇਹ ਵੀ ਕਿ ਭਾਵੇਂ ਉਹ ਹੁਣ ਮੁਸਲਮਾਨ ਵੜੈਚ, ਚੀਮੇ ਜਾਂ ਸੰਧੂ ਬਣ ਗਏ ਹਨ ਪਰ ਇਸਲਾਮ ਪਰਦਾਨਸ਼ੀਨੀ ਜਾਂ ਹੋਰ ਅਜਿਹਾ ਸੱਭਿਆਚਾਰ ਹਾਲੇ ਉਹ ਅਪਣਾ ਨਹੀਂ ਸਕੇ। ਅਗਲੀਆਂ ਪੀੜ੍ਹੀਆਂ ਭਾਵੇਂ ਕੱਟੜ ਬਣ ਜਾਣਗੀਆਂ ਜਿਵੇਂ ਅਫਗਾਨਿਸਤਾਨ ਜਾਂ ਪਹਿਲੀਆਂ ਸਦੀਆਂ ਵਿਚ ਬਣੇ ਮੁਸਲਮਾਨ ਕੱਟੜ ਹੋ ਗਏ ਹਨ। ਅਫਗਾਨਿਸਤਾਨ ਵੀ ਤਕਰੀਬਨ ਅੱਠਵੀਂ ਸਦੀ ਤੱਕ ਸਾਰਾ ਬੋਧੀ ਸੀ ਜਿਸਦੀ ਨਿਸ਼ਾਨੀ ਮਹਾਤਮਾ ਬੁੱਧ ਦੇ ਵੱਡੇ ਬੁੱਤ ਹਨ। ਜਿਨ੍ਹਾਂ ਨੂੰ ਤਾਲਿਬਾਨਾਂ ਨੇ ਪਿੱਛੇ ਜਿਹੇ ਤੋੜਿਆ ਹੈ। ਆਮ ਲੋਕਾਂ ਦੇ ਮਨਾਂ ਵਿਚ ਆਪਣੇ ਵਿਛੜ ਚੁੱਕੇ ਸਰਦਾਰਾਂ, ਸਿੱਖਾਂ ਲਈ ਹਾਲੇ ਵੀ ਉਵੇਂ ਹੀ ਪਿਆਰ ਤੇ ਸਤਿਕਾਰ ਕਾਇਮ ਏ। "ਵਿਰਕਾਂ ਦਾ ਉਸੇ ਤਾਕ" ਵਿਚ ਲੇਖਕ ਨੇ ਦੱਸਿਆ ਹੈ ਕਿ ਉਨ੍ਹਾਂ ਦਾ 47 ਤੋਂ ਪਹਿਲਾਂ ਵਾਲਾ ਹੀ ਸਭਿਆਚਾਰ ਕਾਇਮ ਹੈ, ਜਿਸ ਵਿਚ ਦੁਸ਼ਮਣੀਆਂ ਪਾਲਣੀਆਂ, ਹਥਿਆਰ ਰੱਖਣੇ ਅਤੇ ਹੁਕਮ ਚਲਾਉਣਾ ਸ਼ਾਮਿਲ ਹੈ। 'ਉੱਚਾ ਦਰ ਬਾਬੇ ਨਾਨਕ ਦਾ' ਵਿਚ ਨਨਕਾਣਾ



ਸਾਹਿਬ ਦੀ ਯਾਤਰਾ ਦਾ ਜ਼ਿਕਰ ਹੈ। ਯਾਤਰਾ ਤੇ ਇਧਰੋਂ ਗਏ ਸਰਦਾਰਾਂ ਦੀ ਸਰਕਾਰੀ ਅਫਸਰ, ਆਮ ਲੋਕ ਅਤੇ ਦੁਕਾਨਦਾਰ ਬਹੁਤ ਇੱਜ਼ਤ ਅਤੇ ਮਾਣ ਕਰਦੇ ਹਨ। ਲੇਖਕ ਨੇ ਬੜੇ ਭਾਵਨਾਤਮਕ ਢੰਗ ਨਾਲ ਬਾਬੇ ਨਾਲ ਜੁੜੇ ਤੀਰਥ ਸਥਾਨਾਂ ਅਤੇ ਆਲੇ-ਦੁਆਲੇ ਦੀ ਭਰਪੂਰ ਜਾਣਕਾਰੀ ਦਿੱਤੀ ਹੈ। ਪਾਕਿਸਤਾਨ ਦੀ ਨਵੀਂ ਪੀੜ੍ਹੀ ਨੂੰ ਉਨ੍ਹਾਂ ਨਾਲ ਕੋਈ ਬਹੁਤੀ ਭਾਵੁਕ ਸਾਂਝ ਪ੍ਰਤੀਤ ਨਹੀਂ ਹੁੰਦੀ ਜੋ ਉਧਰੋਂ ਉਜੜ ਕੇ ਇਧਰ ਆ ਗਏ ਹਨ, ਜਿਨ੍ਹਾਂ ਦਾ ਪਾਕਿਸਤਾਨ  ਕਦੀ ਘਰ ਹੁੰਦਾ ਸੀ। ਉਨ੍ਹਾਂ ਉੱਤੇ ਨਵੀਂ ਰਾਜਨੀਤੀ ਦਾ ਅਸਰ ਵੀ ਹੈ। ਇਸਦਾ ਸੰਕੇਤ ਇਸ ਗੱਲ ਤੋਂ ਮਿਲਦਾ ਹੈ ਕਿ ਜਦੋਂ ਲੇਖਕ ਅਤੇ ਉਸਦਾ ਸਾਥੀ ਲੇਖਕ ਦੇ ਪਿੰਡ "ਠਕਰਕੇ ਵੜੈਚ" ਪਹੁੰਚਦੇ ਹਨ ਤਾਂ ਪੱਕ ਕਰਨ ਲਈ ਉਹ ਠੀਕ ਟਿਕਾਣੇ ਤੇ ਪਹੁੰਚੇ ਹਨ, ਪਿੰਡ ਲਾਗੇ ਖੜ੍ਹੇ ਕੁਝ ਬੰਦਿਆਂ ਤੋਂ ਪੁੱਛਦੇ ਹਨ। "ਜਦੋਂ ਅਸੀਂ ਰੁਕੇ ਤਾਂ ਅੱਡੇ ਤੇ ਖੜੇ ਲੋਕਾਂ 'ਚੋਂ ਇੱਕ ਜੁਆਨ ਜਿਹਾ ਬੰਦਾ ਸਾਡੇ ਕੋਲ ਆਇਆ ਅਤੇ ਅਸਾਂ ਉਸ ਤੋਂ ਪੁੱਛਿਆ ਮੀਆਂ ਐਧਰ ਔਹ ਪਿੰਡ ਠੱਕਰਕੇ ਵੜੈਚ ਈ ਏ ਨਾ।" ਉਸਨੇ ਕਿਹਾ ਹਾਂ ਬਿਲਕੁਲ ਠੱਕਰਕੇ ਵੜੈਚਾਂ। ਫਿਰ ਉਸ ਕਿਹਾ ਕਿ ਤੁਸੀਂ ਇਧਰ ਕਿਵੇਂ? ਤਾਂ ਮੈਂ ਕਿਹਾ ਯਾਰ ਕਿਵੇਂ ਕੀ ਅਸੀਂ ਇੱਥੇ ਆਪਣੇ ਵਤਨ ਆਏ ਹਾਂ ਅਤੇ ਆਪਣੇ ਪਿੰਡ ਆਏ ਹਾਂ। ਐਨੀਆਂ ਔਕੜਾਂ ਪਾਰ ਕਰਕੇ। ਉਸ ਜਵਾਬ ਦਿੱਤਾ "ਨਾ ਤਾਂ ਹੁਣ ਇਹ ਤੁਹਾਡਾ ਵਤਨ ਹੈ ਅਤੇ ਨਾ ਇਹ ਤੁਹਾਡਾ ਪਿੰਡ ਤੁਹਾਡਾ ਵਤਨ ਤੇ ਪਿੰਡ ਹੁਣ ਉਧਰ ਈ ਨੇ ਜਿਥੋਂ ਤੁਸੀਂ ਆਏ ਹੋ।" ਲੇਖਕ ਨੇ ਉਸਨੂੰ ਫਿਰ ਪੁੱਛਿਆ, ਕਿ ਪਿੰਡ ਵਿਚ ਕੋਈ ਪਾਕਿਸਤਾਨ ਬਣਨ ਵੇਲੇ ਦਾ ਪੁਰਾਣਾ ਬਜ਼ੁਰਗ ਜ਼ਿੰਦਾ ਹੋਵੇ। ਉਸ ਜਵਾਬ ਦਿੱਤਾ ਕਿ ਇਕ ਹੁਸੈਨ ਨਾਈ ਜ਼ਿੰਦਾ ਏ ਸਿੱਖਾਂ ਦੇ ਵੇਲੇ ਦਾ। ਇੱਕ ਹੋਰ ਗੱਲ ਜੋ ਪਿੱਛੇ ਰਹਿ ਗਿਆਂ ਦੇ ਮਿਲਵਰਤਨ ਤੇ ਰਸਮੋਂ ਰਿਵਾਜ਼ ਬਾਰੇ ਸਪੱਸ਼ਟ ਹੁੰਦੀ ਹੈ ਉਹ ਇਹ ਕਿ ਇਸਲਾਮ ਧਾਰਨ ਕਰ ਲੈਣ ਦੇ ਬਾਵਜੂਦ ਵੀ ਉਹ ਕੱਟੜ ਇਸਲਾਮਕ ਸਭਿਆਚਾਰ ਨੂੰ ਨਹੀਂ ਅਪਣਾ ਸਕੇ। ਦੂਸਰੀ ਗੱਲ ਕਿ "ਦੀਨਦਾਰ" ਭਾਵ ਪਾਕਿਸਤਾਨ ਬਣਨ ਵੇਲੇ ਮਰਜ਼ੀ ਜਾਂ ਮਜਬੂਰੀ ਅਧੀਨ ਮੁਸਲਮਾਨ ਬਣੇ ਲੋਕਾਂ ਦੀਆਂ ਆਪਸੀ ਰਿਸ਼ਤੇਦਾਰੀਆਂ ਅਤੇ ਵਿਆਹ ਜ਼ਿਆਦਾਤਰ ਦੀਨਦਾਰਾਂ ਨਾਲ ਹੀ ਹਨ। ਭਾਵੇਂ ਪਹਿਲੀਆਂ ਸਦੀਆਂ ਵਿਚ ਮੁਸਲਮਾਨ ਬਣਾਏ ਗਏ ਬਥੇਰੇ ਜੱਟ ਘੁੰਮਣ, ਚੀਮੇ, ਸੰਧੂ, ਵੜੈਚ ਅਤੇ ਵਿਰਕ ਹੈ ਨੇ ਪਰ ਨਵਾਂ ਭਾਈਚਾਰਾ ਆਪਸ ਵਿਚ ਹੀ ਜ਼ਿਆਦਾ ਵਰਤਦਾ ਹੈ।

ਇਸੇ ਤਰ੍ਹਾਂ ਲੇਖਕ ਆਪਣੇ ਦੋਸਤਾਂ ਦੇ ਪਿੰਡਾਂ ਜਿਵੇਂ ਬਹਾਦਰ ਸਿੰਘ ਦੇ ਪਿੰਡ 'ਮਿਰਜ਼ਾ' ਅਤੇ ਡਾਕਟਰ ਬਲਕਾਰ ਸਿੰਘ ਦੇ ਪਿੰਡ 'ਗੋਪਾਰਾਵਾਂ' ਵਿਚੋਂ ਹੁੰਦਾ ਹੋਇਆ, ਵਾਰਸਸ਼ਾਹ ਦੇ ਵਿਰਕੈਤ ਟੱਪੇ ਅਤੇ ਰਚਨਾ ਦੁਆਬ ਵਿਚ ਪਿੰਡ 'ਜੰਡਿਆਲਾ ਸ਼ੇਰ ਖਾਂ' ਪਹੁੰਚਦਾ ਹੈ। ਵਾਰਸ ਸ਼ਾਹ ਦੇ ਨਾਂ ਤੋਂ ਸਾਰੇ ਪੰਜਾਬੀ ਭਾਵੇਂ ਉਹ ਕਿਤੇ ਵੀ ਰਹਿੰਦੇ ਹੋਣ, ਭਲੀ ਭਾਂਤ ਜਾਣੂ ਹਨ। ਅਗਲੇ ਤਿੰਨ  ਪਾਠ 'ਤੜਪਦੀਆਂ ਰੂਹਾਂ ਦੀ ਦਾਸਤਾਨ 1, 11 ਅਤੇ 111 ਹਨ। ਇਨ੍ਹਾਂ ਵਿਚ ਲੇਖਕ ਨੇ ਉਨ੍ਹਾਂ ਰੂਹਾਂ ਦਾ ਜ਼ਿਕਰ ਕੀਤਾ ਹੈ, ਜਿਹੜੀਆਂ ਆਪਣਿਆਂ ਤੋਂ ਵਿਛੜ ਕੇ ਪਿੱਛੇ ਪਾਕਿਸਤਾਨ ਵਿਚ ਰਹਿ ਗਈਆਂ। ਪਹਿਲਾ ਜ਼ਿਕਰ ਉਸਦੀ ਭਾਣਜੀ ਦਾ ਹੈ ਜੋ ਉਸੇ ਮਾਸੀ ਅਮਰ ਕੌਰ ਦੀ ਧੀ ਮਾਨ ਕੌਰ ਦੀ ਬੇਟੀ ਇਕਬਾਲ ਬਾਨੋ ਹੈ ਜਿਨ੍ਹਾਂ ਦੇ ਪਿਆਰ ਦਾ ਖਿੱਚਿਆ ਲੇਖਕ ਪਾਕਿਸਤਾਨ ਦੀ ਯਾਤਰਾ ਕਰਨ ਗਿਆ। ਇਹ ਲੜਕੀ ਜਦੋਂ ਛੋਟੀ ਸੀ ਤਾਂ ਆਪਣੀ ਮਾਂ ਅਤੇ ਨਾਨੀ ਨਾਲ ਭਾਰਤ ਲੇਖਕ ਦੇ ਪਰਿਵਾਰ ਨੂੰ ਮਿਲਣ ਆਈ ਸੀ। ਲੇਖਕ ਦਾ ਮਾਸੜ, ਮਾਸੀ ਆਪਣੀ ਮਰਜ਼ੀ ਨਾਲ 'ਦੀਨਦਾਰ' ਬਣ ਕੇ ਪਿੱਛੇ ਰਹਿ ਗਏ ਸਨ, ਪਰ

ਜਿਨ੍ਹਾਂ ਦੀ ਭਾਵਨਾਤਮਕ ਸਾਂਝ ਅਗਲੀਆਂ ਪੀੜ੍ਹੀਆਂ ਵਿਚ ਵੀ ਕਾਇਮ ਹੈ ਜਿਸਨੂੰ ਸਿਰਫ਼ ਹੰਝੂਆਂ ਰਾਹੀਂ ਹੀ ਦੱਸਿਆ ਜਾ ਸਕਦਾ ਹੈ। ਇਹ 'ਵਿੰਨੀ' ਪਿੰਡ ਸਿੱਖ ਇਤਿਹਾਸ ਦੇ ਖੋਜਕਾਰ ਡਾ. ਸੁਰਜੀਤ ਸਿੰਘ ਗਾਂਧੀ ਦਾ ਪਿਛਲਾ ਪਿੰਡ ਹੈ। ਇਥੇ ਹੀ ਲੇਖਕ ਦੀ ਮੁਲਾਕਾਤ 'ਕੇਹਰੂ ਉਰਫ਼ ਹੰਜਰਾਂ ਗੋਤ ਦੇ ਨਜ਼ਰ ਮੁਹੰਮਦ ਵਲਦ ਲਾਲਦੀਨ ਬਵੇਕਿਆਂ ਵਾਲਾ ਹਾਲ ਆਬਾਦ ਵਿੰਨੀ ਨਾਲ ਹੋਈ। ਇਹ ਬਦਕਿਸਮਤ ਵੀ ਸੰਨ 1947 ਦੇ ਦੁਖਾਂਤ ਵਿਚ ਡਾਰੋਂ ਨਿੱਖੜੀ ਕੂੰਜ ਵਾਂਗ ਵਕਤੋਂ ਖੁੰਝ ਗਿਆ ਸੀ ਅਤੇ ਹੁਣ ਸਿਵਾਏ ਹਉਂਕਿਆਂ ਅਤੇ ਝੋਰੇ ਦੀ ਪੂੰਜੀ ਦੇ ਇਸ ਕੋਲ ਕੁਝ ਨਹੀਂ ਸੀ। "ਤੜਪਦੀਆਂ ਰੂਹਾਂ ਦੀ ਦਾਸਤਾਨ 11' ਵਿਚ ਲੇਖਕ ਨੇ ਰਾਜਪੂਤ ਖਸਲਤਾਂ ਦੇ ਮਾਲਕ ਚੀਮੇ, ਚੱਠਿਆਂ ਅਤੇ ਵੜੈਚਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਨੇ ਇਸ ਇਲਾਕੇ (ਗੁਜਰਾਂ ਵਾਲਾ ਦਾ ਆਲਾ-ਦੁਆਲਾ) ਵਿਚ 4040 ਪਿੰਡ ਇਕੱਠੇ ਸਨ। ਇਹ ਮਹਾਰਾਜਾ ਰਣਜੀਤ ਸਿੰਘ ਅਤੇ ਉਸਦੇ ਪੁਰਖਿਆਂ ਦਾ ਇਲਾਕਾ ਹੈ। ਲੇਖਕ ਵਜ਼ੀਰ ਕੇ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਦੇ ਨਾਲ-ਨਾਲ ਆਪਣੇ ਦੋਸਤ ਗੁਰਚਰਨ ਦੀ ਗੁਆਚੀ ਭੈਣ ਜਿਸਦੇ ਹੱਥ ਵਿਚੋਂ ਗੰਨੇ ਦੇ ਖੇਤ ਵਿਚ ਗੁਰਚਰਨ ਦਾ ਹੱਥ ਛੁੱਟ ਗਿਆ ਸੀ, ਨੂੰ ਵੀ ਲੱਭਣ ਗਿਆ ਸੀ। ਉਥੇ ਉਸ ਦੇ ਰਿਸ਼ਤੇਦਾਰ ਅਮਾਨ ਉਲਾ ਨੇ ਆਪਣੀ ਹੱਡਬੀਤੀ ਸੁਣਾਈ ਜਿਸ ਦਾ ਪਹਿਲਾ ਨਾਂ ਮਾਨ ਸਿੰਘ ਸੀ ਅਤੇ ਪਿਤਾ ਦਾ ਨਾਂ ਉਜਾਗਰ ਸਿੰਘ ਸੀ। ਉਹ 47 ਵੇਲੇ ਸਿਰਫ਼ ਸੱਤ ਕੁ ਸਾਲ ਦਾ ਸੀ ਅਤੇ ਕਸ਼ਮੀਰੀਆਂ ਨੇ ਉਸਦੇ ਬਾਪ ਨੂੰ ਉਸਦੀਆਂ ਅੱਖਾਂ ਦੇ ਸਾਹਮਣੇ ਵੱਢ ਦਿੱਤਾ ਸੀ। ਅਗਲੀ ਸਵੇਰ ਸਾਰੇ ਹਿੰਦੂ ਸਿੱਖਾਂ ਨੂੰ ਪਸ਼ੂਆਂ ਵਾਂਗ ਇਕੱਠੇ ਕਰਕੇ ਲਾਈਨ ਵਿਚ ਖੜ੍ਹਾ ਕਰਕੇ ਵੱਢਣਾ ਸ਼ੁਰੂ ਕਰ ਦਿੱਤਾ ਸੀ। ਉਸ ਤੇ ਉਸ ਦੀ ਮਾਂ ਦੀ ਵੀ ਵਾਰੀ ਆ ਗਈ ਸੀ। ਪਰ ਇੱਕ ਮੁਸਲਮਾਨ ਨੇ ਉਸਦੀ ਮਾਂ ਨੂੰ ਇਸ ਲਈ ਬਚਾ ਲਿਆ ਸੀ ਕਿ ਛੱਡ ਯਾਰ ਇਹਨੂੰ ਰਹਿਣ ਦੇਹ। ਵੇਖਣ ਚਾਖਣ ਨੂੰ ਵਾਹਵਾ ਲੱਗਦੀ ਏ। ਇਹਦੇ ਨਾਲ ਨਿਕਾਹ ਕਰ ਲੈਨੇ ਆ। ਨਾਲੇ ਇਹ ਮੁੰਡਾ ਵਾਹਵਾ ਏ ਡੰਗਰ ਵੱਛੇ ਚਾਰਨ ਨੂੰ ਕੰਮ ਆਵੇਗਾ। ਮੇਰੇ ਪਿਉ ਦੇ ਕਾਤਲ ਕੰਡੇ ਵਾਂਗ ਮੇਰੀਆਂ ਅੱਖਾਂ ਵਿਚ ਰੜਕਦੇ ਰਹੇ। ਉਹਨਾਂ ਮੇਰੀ ਸਾਰੀ ਜ਼ਮੀਨ ਵਾਹ ਲਈ ਸੀ ਅਤੇ ਨਾਲੇ ਸਾਹਮਣੇ ਘਰ ਵਿਚ ਇੱਕੋ ਮੁਹੱਲੇ 'ਚ ਵਸਦੇ ਰਹੇ ਅਤੇ ਅਜੇ ਵੀ ਵਸਦੇ ਨੇ। ਪੂਰੇ 40 ਸਾਲ ਜ਼ਮੀਨ ਦਾ ਮੁਕੱਦਮਾ ਲੜਿਆ ਅਤੇ ਉਹਨਾਂ ਤੋਂ ਜ਼ਮੀਨ ਆਪਣੇ ਹੱਕ 'ਚ ਕਰਵਾਈ।

ਇਸੇ ਪਿੰਡ ਵਿਚ ਲੇਖਕ ਦੀ ਇੱਕ ਹੋਰ ਬੀਬੀ ਨਾਲ ਜਾਣ-ਪਛਾਣ ਹੋਈ ਜਿਸਨੂੰ ਆਪਣੇ ਪਿੰਡ ਦਾ ਨਾਂ ਚੇਤੇ ਨਹੀਂ ਸੀ। ਪਰ ਉਸ ਦਾ ਪਿੰਡ ਅੰਮ੍ਰਿਤਸਰ ਦੇ ਬਾਰਡਰ ਦੇ ਕਿਤੇ ਨੇੜੇ ਹੀ ਸੀ। ਉਹ ਉਦੋਂ ਸੱਤ ਸਾਲ ਦੀ ਸੀ, ਉਸਦਾ ਸਾਰਾ ਟੱਬਰ ਮਾਰਿਆ ਗਿਆ ਸੀ। ਉਹ ਆਪਣੀ ਨਿੱਕੀ ਭੈਣ ਦਾ ਹੱਥ ਫੜੀ ਜਾ ਰਹੀ ਸੀ ਕਿ ਭਾਰਤੋਂ ਆਉਣ ਵਾਲਾ ਅਰਾਈਆਂ ਦਾ ਟੱਬਰ ਪਿਆਰ ਪੁਚਕਾਰ ਕੇ ਉਨ੍ਹਾਂ ਨੂੰ ਨਾਲ ਲੈ ਗਿਆ ਅਤੇ ਵੱਡੀਆਂ ਹੋਈਆਂ ਦਾ ਵਿਆਹ ਉਨ੍ਹਾਂ ਆਪਣੇ ਮੁੰਡਿਆਂ ਨਾਲ ਕਰ ਦਿੱਤਾ। ਹੁਣ ਉਹ ਪੁੱਤਰ, ਪੋਤਰਿਆਂ ਵਾਲੀਆਂ ਹਨ। ਉਹ ਆਪਣੇ ਦੁੱਖ ਫਰੋਲਦੀ ਦੱਸਦੀ ਹੈ, ਕੀ ਦੱਸਾਂ ਵੀਰ ਹੁਣ ਅਗਲੀ ਪੀੜ੍ਹੀ ਮੇਰੇ ਜੁਆਈ ਮਿਹਣੇ ਮਾਰਦੇ ਨੇ, ਆਂਹਦੇ ਨੇ ਤੂੰ ਤੇ ਜੱਟੀ ਏਂ। ਹੁਣ ਜੱਟੀ ਹੋਣ ਦਾ ਮਿਹਣਾ ਮੈਨੂੰ ਜੀਉਣ ਨਹੀਂ ਦਿੰਦਾ। ਨਿੱਕੀ ਤੇ ਔਤਰੀ ਇਸੇ ਦੁੱਖੋਂ ਮੁੱਕ ਗਈ ਏ ਵਿਚੇ ਵਿਚ ਤੇ ਮੇਰੀ ਹੁਣ ਖੌਰੇ ਕਦੋਂ ਨਿਕਲਦੀ ਆ।" ਇਹ ਹੈ ਔਰਤ ਦੀ ਦਾਸਤਾਨ ਜਿਸਨੂੰ ਉਸ ਸਭ ਦੀ ਵੀ ਸਜ਼ਾ



ਭੁਗਤਣੀ ਪੈਂਦੀ ਹੈ, ਜਿਸ ਲਈ ਉਹ ਖ਼ੁਦ ਜ਼ਿੰਮੇਵਾਰ ਨਹੀਂ ਹੁੰਦੀ। ਲੇਖਕ ਦੇ ਮਾਸੜ ਦੀ ਦੂਸਰੀ ਬੀਵੀ ਬਸ਼ੀਰਾ ਦੀ ਵੀ ਅਜਿਹੀ ਹੀ ਕਹਾਣੀ ਹੈ, ਜਿਸਨੂੰ ਉਸਦੀ ਮਾਸੀ ਆਪਣੇ ਘਰ ਲੈ ਆਈ ਸੀ, ਉਦੋਂ ਮੈਂ 8, 9 ਵਰ੍ਹਿਆਂ ਦੀ ਹੋਵਾਂਗੀ ਜਦੋਂ ਉਜੜ ਖੇਡ ਵਰਤੀ ਸੀ। ਮੇਰਾ ਪੇਕਾ ਮੇਲੋਵਾਲ ਜ਼ਿਲ੍ਹਾ ਗੁਜਰਾਂਵਾਲਾ ਵਿਚ ਸੀ। ਮੇਰਾ ਹਿੰਦੂਕਾਂ ਨਾਂ ਮੰਗਲ ਕੌਰ ਅਤੇ ਪਿਉ ਦਾ ਨਾਂ ਹੀਰਾ ਸਿੰਘ ਸੀ ਤੇ ਇਹ ਸਾਰਾ ਪਿੰਡ ਵਿਰਕਾਂ ਦਾ ਸੀ। ਅਸੀਂ ਵੀ ਬੜੇ ਮਾੜੇ ਹਾਲਾਤ ਵਿਚ ਘਰੋਂ ਨਿਕਲੇ ਸਾਂ ਕਾਫੀ ਵੱਡਾ ਕਾਫਲਾ ਸੀ ਸਾਡਾ ਪ੍ਰੰਤੂ ਮਾੜੀ ਤਕਦੀਰ ਨੂੰ ਪਿੰਡੋਂ ਬਾਹਰ 5-6 ਕੋਹਾਂ ਤੇ ਘੇਰੇ ਗਏ। ਬਸ ਫਿਰ ਕੀ ਸੀ ਕੁਹਾੜੀਆਂ ਛਵੀਆਂ ਤੇ ਬਲਮਾਂ ਚੁਫੇਰਿਉਂ ਵਾਢ ਤੇ ਲਾਸ਼ਾਂ ਦੇ ਢੇਰ ਕਰੀਬ-ਕਰੀਬ ਸਾਰਾ ਜੱਥਾ ਹੀ ਮਾਰਿਆ ਗਿਆ ਸੀ। ਮੈਨੂੰ ਤੇ ਆਪ ਕੋਈ ਪਤਾ ਨਹੀਂ, ਬੱਸ ਸ਼ਾਮੀਂ ਦਿਨ ਡੁੱਬਣ ਤੋਂ ਕੋਈ ਘੰਟਾ ਕੁ ਪਹਿਲਾਂ ਮੈਨੂੰ ਹੋਸ਼ ਆਈ ਤੇ ਵੇਖਿਆ ਕਿ ਚੁਫੇਰੇ ਲਾਸ਼ਾਂ ਹੀ ਲਾਸ਼ਾਂ। ਸਾਡੇ ਆਪਣੇ ਟੱਬਰ ਦੇ 13 ਜੀਅ ਕਤਲ ਹੋਏ ਸਨ ਉਸ ਜੱਥੇ ਵਿਚ। ਮੇਰਾ ਵੀ ਕੋਈ ਬਚਣ ਦਾ ਹਾਲ ਨਹੀਂ ਸੀ। ਆਹ ਵੇਖ ਚੁਫੇਰਿਉਂ ਬਿੰਨੀ ਪਈ ਹਾਂ ਨੇਜ਼ਿਆਂ ਨਾਲ ਤੇ ਉਸ ਧੌਣ, ਕੰਡ (ਪਿੱਠ) ਤੇ ਕੂਹਣੀ ਤੋਂ ਡੌਲੇ ਤੇ ਨੇਜੇ ਦੇ ਡੂੰਘ ਵਿਖਾਏ। ਸ਼ਾਮੀਂ ਜਿਹੇ ਮੈਨੂੰ ਫੜ ਕੇ ਇਕ ਮੁਸਲਮਾਨ ਆਪਣੇ ਘਰ ਲੈ ਗਿਆ ਤੇ ਉਸੇ ਹੀ ਮਾੜਾ ਮੋਟਾ ਮੇਰਾ ਦਾਰੂ ਦਰਮਲ ਕੀਤਾ ਕਰਵਾਇਆ। ਵਧੀ ਤੇ ਬਚ ਗਈ। ਫਿਰ ਮੈਨੂੰ ਉਥੋਂ ਤੇਰੀ ਮਾਸੀ ਸਾਲ ਕੁ ਮਗਰੋਂ ਇੱਥੇ ਲੈ ਆਈ। ਇਹ ਮਾਸੀ ਹੁਣ ਭਰੇ ਪੂਰੇ ਪਰਿਵਾਰ ਵਾਲੀ ਹੈ। ਮਾਸੀ ਦੇ ਸਭ ਤੋਂ ਵੱਡੇ ਮੁੰਡੇ ਅਨਾਇਤ ਨੇ ਦੱਸਿਆ ਕਿ ਜਦੋਂ ਉਹ ਪੈਦਾ ਹੋਇਆ ਸੀ ਤਾਂ ਉਸਦਾ ਅੱਬਾ (ਲੇਖਕ ਦਾ ਮਾਸੜ) 70 ਸਾਲ ਦਾ ਸੀ ਅਤੇ ਉਸਦੀ ਅੰਮੀ 19 ਸਾਲ ਦੀ ਸੀ। ਲੇਖਕ ਦੀ ਆਪਣੀ ਸਕੀ ਮਾਸੀ ਦੀ ਇੱਕ ਲੜਕੀ ਹੀ ਮਾਨ ਕੌਰ ਸੀ।

ਇਸ ਤਰ੍ਹਾਂ ਲੇਖਕ ਆਪਣੀ ਇਸ ਮਾਸੀ ਦੀ ਸਭ ਤੋਂ ਛੋਟੀ ਨੂੰਹ ਦੇ ਜ਼ੋਰ ਪਾਉਣ ਤੇ ਉਸਦੀ ਨਾਨੀ ਨੂੰ ਮਿਲਣ ਜਾਂਦਾ ਹੈ ਜੋ ਉਸ ਵੇਲੇ ਤਕਰੀਬਨ 80 ਸਾਲ ਦੀ ਬੁੱਢੀ ਸੀ ਤੇ ਜਿਸਨੇ ਇਹਨਾਂ ਨੂੰ ਮਿਲਦੇ ਸਾਰ ਹੀ ਆਪਣੇ ਵਿਛੜ ਗਏ ਮਾਪਿਆਂ ਜਾਇਆਂ ਦੇ ਰਿਸ਼ਤੇਦਾਰਾਂ ਦੇ ਕੀਰਨੇ ਪਾਉਣੇ ਸ਼ੁਰੂ ਕਰ ਦਿੱਤੇ। ਉਸਦੇ ਦੋ ਲੜਕੇ ਮੁਹੰਮਦ ਇਕਬਾਲ ਅਤੇ ਮੁਹੰਮਦ ਰਿਆਜ਼ ਜ਼ਿੰਦਗੀ ਵਿਚ ਸਥਾਪਤ ਨੇ। ਵੱਡਾ ਘਰ ਜ਼ਮੀਨ ਤੇ ਜਾਇਦਾਦ ਸਾਂਭਦਾ ਹੈ ਅਤੇ ਛੋਟਾ ਰਿਆਜ਼ "ਨੈਸ਼ਨਲ ਬੈਂਕ ਆਫ਼ ਪਾਕਿਸਤਾਨ" ਦੀ ਨੌਕਰੀ ਕਰਦਾ ਹੈ। ਪਰ ਨਾਨੀ ਨੂੰ 'ਬਸ ਹੱਡਾਂ ਦਾ ਝੋਰਾ ਅਤੇ ਆਪਣਿਆਂ ਦੇ ਵਿਛੋੜੇ ਦਾ ਗ਼ਮ ਬਸ ਦੋ ਹੀ ਰੋਗ ਕੁੰਦਨ ਵਰਗੀ ਦੇਹ ਨੂੰ ਖਾ ਗਏ ਸੂ।' ਗੁਜਰਾਂ ਵਾਲਾ ਵਜੀਰਾਬਾਦ ਰੋਡ ਤੇ ਧਰੋਕਲ ਪਿੰਡ ਹੈ ਜੋ ਬੜਾ ਨਾਮੀ ਸੀ। ਇਹ ਪਿੰਡ ਤਤਲੇ ਜੱਟਾਂ ਦਾ ਸੀ ਤੇ ਇੱਕ ਕਸ਼ਮੀਰ ਸਿੰਘ ਤਤਲਾ ਰੰਗੀਂ ਵਸਦਾ ਜੱਟ ਸੀ ਜਿਸਦੇ ਦੋ ਵਿਆਹ ਸੀ। ਉਸਦੇ ਦੂਜੇ ਵਿਆਹ ਵਿਚੋਂ ਇਕ ਲੜਕਾ ਬਲਵੀਰ ਸਿੰਘ ਤੇ ਦੋ ਲੜਕੀਆਂ ਸਨ। ਇਹ ਗੁਰਬਚਨ ਕੌਰ ਹੱਲਿਆਂ ਤੋਂ ਥੋੜ੍ਹਾ ਚਿਰ ਪਹਿਲਾਂ ਛਨਾਵਾਂ ਦੇ ਸੰਧੂ ਗੋਤ ਦੇ ਜੰਗੀਰ ਸਿੰਘ ਨਾਲ ਵਿਆਹੀ ਗਈ ਸੀ। ਜ਼ਮੀਨ ਜਾਇਦਾਦ ਅਤੇ ਘਰ ਦੇ ਮੋਹ ਵਿਚ ਇਹ ਪਰਿਵਾਰ ਵੀ ਮੁਸਲਮਾਨ ਹੋ ਗਿਆ ਅਤੇ ਜੰਗੀਰ ਸਿੰਘ ਮੁਹੰਮਦ ਖਾਂ ਬਣ ਗਿਆ। ਪਰ ਇੰਨੇ ਵਰ੍ਹੇ ਬੀਤ ਜਾਣ ਦੇ ਵੀ ਗੁਰਚਰਨ ਕੌਰ ਉਰਫ਼ ਹੁਸੈਨ ਬੀਬੀ ਆਪਣੇ ਨਹੁੰ ਮਾਸ ਦੇ ਰਿਸ਼ਤਿਆਂ ਨੂੰ ਯਾਦ ਕਰਕੇ ਰੋਂਦੀ ਅਤੇ ਤੜਫਦੀ ਰਹਿੰਦੀ ਹੈ। ਲੇਖਕ ਤੇ ਉਸਦਾ ਸਾਥੀ ਪੁੱਛਦੇ ਪੁੱਛਦੇ ਸਰਦਾਰਾਂ ਦੇ ਪੁਰਾਣੇ ਪਿੰਡਾਂ ਵਿਚ ਘੁੰਮਣ ਵਿਚ ਸਫਲ ਹੋਏ ਹਨ ਅਤੇ ਉਨ੍ਹਾਂ ਨੂੰ ਇਸ ਪਿੱਛੇ ਰਹਿ ਗਏ ਭਾਈਚਾਰੇ ਨੂੰ ਜਾਣਨ ਦਾ ਕਾਫੀ ਮੌਕਾ ਮਿਲਿਆ ਹੈ ਜਿਸਦੇ

ਆਧਾਰ ਤੇ ਉਸ ਨੇ ਸਿੱਟਾ ਕੱਢਿਆ ਹੈ, "ਪਾਕਿਸਤਾਨ ਵਿਚ ਪੰਜਾਬੀ ਲੋਕ ਖਾਸ ਕਰਕੇ ਸਿੱਖ ਹਿੰਦੂ ਜੋ ਵੀ ਵੰਡ ਵੇਲੇ ਉਥੇ ਧਰਮ ਬਦਲੀ ਕਰਕੇ ਰਹਿ ਗਏ ਸਨ, ਖਾਸ ਕਰਕੇ ਗੁਜਰਾਂਵਾਲਾ, ਸਿਆਲਕੋਟ, ਸ਼ੇਖੂਪੁਰਾ, ਲਾਹੌਰ, ਗੁਜਰਾਤ ਤੇ ਹਾਫਜ਼ਾਬਾਦ ਸਾਰੇ ਜ਼ਿਲ੍ਹਿਆਂ ਵਿਚ 90 ਪ੍ਰਤੀਸ਼ਤ ਲੋਕ ਇੱਕ ਦੂਜੇ ਨੂੰ ਜਾਣਦੇ ਹਨ। ਕਿਉਂਕਿ ਇਹ ਲੋਕ ਆਪਸੀ ਰਿਸ਼ਤੇ ਨਾਤੇ ਸਿਰਫ਼ ਆਪਸ ਵਿਚ ਹੀ ਕਰਦੇ ਹਨ, ਨਾ ਕਿ ਮਹਾਜਰ ਲੋਕਾਂ ਨਾਲ। ਇਸ ਤਰ੍ਹਾਂ ਮੈਨੂੰ ਇਹ ਇਕ ਸਮੁੱਚੇ ਪਾਕਿਸਤਾਨੀ ਪੰਜਾਬੀ ਸੱਭਿਆਚਾਰ ਵਿਚ ਇਕ ਹੋਰ ਨਿੱਕੇ ਜਿਹੇ ਦਾਇਰੇ ਵਿਚ ਵੱਸਿਆ ਭਾਈਚਾਰਾ ਮਾਲੂਮ ਹੋਇਆ ਹੈ।"

ਆਪਣੇ ਨਾਨਕਿਆਂ ਦਾ ਵਰਨਣ ਲੇਖਕ ਨੇ 'ਰਿਣ ਪਿਤਰਾਂ ਦਾ' ਸਿਰਲੇਖ ਹੇਠ ਕੀਤਾ ਹੈ ਜੋ ਅਬਦਾਲ ਪਿੰਡ ਵਿਚ ਹਨ ਅਤੇ ਜਿੱਥੇ ਉਹ ਆਪਣੀ ਮਾਂ ਦੇ ਮੋਹ ਨੂੰ ਯਾਦ ਕਰਦਿਆਂ ਗਿਆ ਸੀ। ਲੇਖਕ ਦੇ ਅਬਦਾਲ ਪਿੰਡ ਦੇ ਵਰਨਣ ਤੋਂ ਪਤਾ ਲੱਗਦਾ ਹੈ ਕਿ ਬਾਦਸ਼ਾਹ ਜਹਾਂਗੀਰ ਦੇ ਸਮੇਂ ਵਿਚ ਵੀ ਦਹਿਸ਼ਤ ਦਾ ਮਾਹੌਲ ਸੀ ਅਤੇ ਇਸਲਾਮ ਦਾ ਗਲਬਾ ਵੱਧਦਾ ਜਾ ਰਿਹਾ ਸੀ। ਸਿਰਫ਼ ਔਰੰਗਜ਼ੇਬ ਦੀ ਹਕੂਮਤ ਵਿਚ ਹੀ ਨਹੀਂ ਸਗੋਂ ਜਹਾਂਗੀਰ ਵੇਲੇ ਵੀ ਬਹੁਤ ਸਾਰੇ ਜੱਟ ਹਿੰਦੂ ਮੁਸਲਮਾਨ ਬਣ ਗਏ ਸੀ। ਇਸੇ ਲਈ ਲੇਖਕ ਦੇ ਨਾਨਕਿਆਂ ਦਾ ਪਰਿਵਾਰ ਵੀ ਜੋ ਕਿ ਦੋ ਭਰਾਵਾਂ ਚੌਧਰੀ ਤਾਰੇ ਅਤੇ ਚੌਧਰੀ ਕਪੂਰੇ ਦੀ ਔਲਾਦ ਨੇ ਉਨ੍ਹਾਂ ਤੋਂ ਪਹਿਲਾਂ ਨੌਂ ਪੀੜ੍ਹੀਆਂ ਤੱਕ ਹਿੰਦੂ ਸੀ, ਬਾਅਦ ਵਿਚ ਦੋ ਹਿੱਸਿਆਂ ਵਿਚ ਵੰਡੀ ਗਈ। ਚੌਧਰੀ ਤਾਰੇ ਤੇ ਉਸਦੀ ਔਲਾਦ ਨੇ ਇਸਲਾਮ ਧਾਰਨ ਕਰ ਲਿਆ ਅਤੇ ਚੌਧਰੀ ਕਪੂਰੇ ਦੀ ਔਲਾਦ ਹਿੰਦੂ ਹੀ ਰਹੀ ਜੋ ਪਿੱਛੋਂ ਸਿੱਖ ਸੱਜ ਗਈ।

'ਜਿਸ ਲਾਹੌਰ ਨਹੀਂ ਵੇਖਿਆ' ਪਾਠ ਵਿਚ ਲੇਖਕ ਨੇ ਲਾਹੌਰ ਦੇਖਣ ਜਾਣ ਤੋਂ ਪਹਿਲਾਂ ਕੁਝ ਪਿੰਡਾਂ ਦਾ ਜ਼ਿਕਰ ਕੀਤਾ ਹੈ। ਜਿਨ੍ਹਾਂ ਵਿਚ ਇਕ ਮੁਰੀਦਕੇ ਦੇ ਲਾਗੇ ਸਨਾਉਲਾ ਦੇ ਘਰ 33 ਚੱਕ ਗਏ। ਜਿਥੇ ਉਨ੍ਹਾਂ ਨੂੰ ਇਕ 65 ਕੁ ਸਾਲ ਦਾ ਬਜ਼ੁਰਗ ਮਿਲਣ ਆਇਆ। ਉਹ ਸਨਾਉਲਾ ਦਾ ਸਹੁਰਾ ਸੀ ਤੇ ਉਸਨੇ ਆਪਣਾ ਨਾਂ ਮਹਿਮੂਦ ਸਾਲ੍ਹਿਆ ਦੱਸਿਆ। ਉਸਨੇ ਦੱਸਿਆ ਕਿ ਅਮਰੀਕਾ ਵਾਸੀ ਮਸ਼ਹੂਰ ਸਿੱਖ ਗੰਗਾ ਸਿੰਘ ਢਿੱਲੋਂ ਦਾ ਦਾਦਾ ਅਤੇ ਉਸ ਦਾ ਦਾਦਾ ਸਕੇ ਭਰਾ ਸਨ ਤੇ ਜੈਲਦਾਰ ਸਨ। 1947 ਦੀ ਵੰਡ ਵੇਲੇ ਗੰਗਾ ਸਿੰਘ ਢਿੱਲੋਂ ਦਾ ਪਰਿਵਾਰ ਭਾਰਤ ਚਲਾ ਗਿਆ ਤੇ ਉਹ ਪਾਕਿਸਤਾਨ ਰਹਿ ਗਏ। ਮਸ਼ਹੂਰ ਐਕਟਰੈਸ ਪੂਨਮ ਢਿੱਲੋਂ ਵੀ ਉਨ੍ਹਾਂ ਦੇ ਖਾਨਦਾਨ ਵਿਚੋਂ ਹੈ ਜਿਸਦੇ ਵਡੇਰੇ ਬਾਰਾਂ ਵੱਸਣ ਵੇਲੇ ਲਾਇਲਪੁਰ ਮੁਰੱਬਿਆਂ ਤੇ ਚਲੇ ਗਏ ਸੀ। ਉਨ੍ਹਾਂ ਦੇ ਪਰਿਵਾਰਾਂ ਦੀ ਸਰਦਾਰ ਸਿਮਰਨਜੀਤ ਸਿੰਘ ਮਾਨ ਦੇ ਪਿਤਾ ਸਰਦਾਰ ਜੋਗਿੰਦਰ ਸਿੰਘ ਮਾਨ ਨਾਲ ਬਹੁਤ ਨੇੜਤਾ ਸੀ। ਉਥੇ ਹੀ ਇੱਕ ਹੋਰ ਬਜ਼ੁਰਗ ਵੀ ਮਿਲਣ ਆਇਆ ਜੋ ਛੋਟਾ ਮਾਨਕ ਤੋਂ ਸੀ। ਇਸ ਪਿੰਡ ਵਿਚ ਲੇਖਕ ਦੀ ਭੂਆ ਵਿਆਹੀ ਹੋਈ ਸੀ। ਲੇਖਕ ਨੇ ਉਸ ਬਜ਼ੁਰਗ ਜਿਸ ਦਾ ਨਾਂ ਬਸ਼ੀਰ ਅਹਿਮਦ ਵਿਰਕ ਸੀ ਤੋਂ ਆਪਣੀ ਭੂਆ ਦੇ ਪਰਿਵਾਰ ਬਾਰੇ ਪੁੱਛਿਆ ਕਿ ਕੀ ਉਹ ਮੇਹਰ ਸਿੰਘ ਪਟਵਾਰੀ ਅਤੇ ਉਸਦੇ ਛੋਟੇ ਭਰਾ ਨਾਮੇ ਨੂੰ ਜਾਣਦਾ ਹੈ ਤਾਂ ਉਸਨੇ ਦੱਸਿਆ, "ਡਾਹਡਾ ਜਾਣਨਾ ਨਾਮ੍ਹੇ ਨੂੰ ਮੈਥੋਂ ਵਾਹਵਾ ਵੱਡਾ ਸੀ। (ਅਦਜ)ਤੁਰ ਗਿਆ ਸੀ। ਤੇ ਫਿਰ ਉਥੋਂ ਵਾਪਸ ਆ ਗਿਆ ਸੀ। ਕੱਬਾ ਬੜਾ ਸੀ। ਮੁਸਲਮਾਨ ਹੋ ਕੇ ਆਪਣੀ ਘਰ ਦੀ ਨੂੰ ਕੁਰਾਨ ਨਹੀਂ ਸੀ ਪੜ੍ਹਨ ਦਿੰਦਾ। ਡਾਂਗਾਂ ਨਾਲ ਕੁੱਟਦਾ ਸੀ। ਜਦੋਂ (ਅਦਜ) ਤੋਂ ਵਾਪਸ ਆਇਆ ਤਾਂ ਜਮੀਨ ਨਾ ਮਿਲੇ। ਚੌਧਰੀ ਸੂਬੇ ਖਾਂ ਨੂੰ ਆਖੇ



ਮੇਰੀ ਜ਼ਮੀਨ ਅਲਾਟ ਕਰਵਾ ਨਹੀਂ ਤਾਂ ਮੈਂ ਤੇਰੇ ਪੁੱਤਰ ਮਾਰਾਂਗਾ। ਉਸਨੇ ਜਿਵੇਂ ਕਿਵੇਂ 18 ਕਿਲੇ ਜ਼ਮੀਨ ਅਲਾਟ ਕਰਵਾਈ। ਇਹ ਵੇਦਨਾ ਤੇ ਆਪਣੇ ਗੁਆਚ ਚੁੱਕੇ ਧਾਰਮਿਕ ਸੰਸਕਾਰਾਂ ਦਾ ਹੇਰਵਾ ਇੱਕ ਪੀੜ੍ਹੀ ਜਾਂ ਹੱਦ ਦੋ ਪੀੜ੍ਹੀਆਂ ਤੱਕ ਰਹੇਗੀ। ਇਸ ਉਪਰੰਤ ਤਾਂ ਅਗਲੀਆਂ ਨਸਲਾਂ ਨੂੰ ਭੁੱਲ ਹੀ ਜਾਵੇਗਾ ਕਿ ਉਹ ਕਿੱਥੇ ਕੀ ਕਰਦੇ ਸੀ, ਪੁਰਾਣੇ ਨੂੰ ਭੁੱਲ ਜਾਣਾ ਅਤੇ ਨਵੇਂ ਨੂੰ ਅਪਨਾ ਲੈਣਾ ਹੀ ਮਨੁੱਖੀ ਫਿਤਰਤ ਹੈ। ਸ਼ਾਇਦ ਇਸੇ ਦੇ ਆਸਰੇ ਜ਼ਿੰਦਗੀ ਅਗਾਂਹ ਤੁਰੀ ਜਾਂਦੀ ਨਹੀਂ ਤਾਂ ਮਨੁੱਖ ਹੇਰਵੇ ਨਾਲ ਹੀ ਮਰ ਜਾਵੇ।

ਪੁਸਤਕ ਰੂਸੀ ਨਾਵਲਾਂ ਵਾਂਗੂ ਖੂਬ ਹਰ ਆਲੇ-ਦੁਆਲੇ, ਪਰਿਵਾਰਾਂ ਦੇ ਨਿੱਕੇ ਤੋਂ ਨਿੱਕੇ ਵੇਰਵਿਆਂ ਨਾਲ ਭਰੀ ਹੋਈ ਹੈ। ਨਾਵਾਂ ਅਤੇ ਥਾਵਾਂ ਦਾ ਖੂਬ ਵਰਨਣ ਹੈ ਜੋ ਕਦੀ-ਕਦੀ ਤੁਹਾਡੇ ਜਿਹਨ ਵਿਚੋਂ ਗੁਆਚ ਵੀ ਜਾਂਦੇ ਹਨ। ਦੁੱਖ ਦਰਦ ਦੀ ਬਾਤ ਬੜੇ ਸਲੀਕੇ ਨਾਲ ਪਾਈ ਹੈ। ਮੈਨੂੰ ਹੈਰਾਨੀ ਵੀ ਹੋਈ ਸੀ ਕਿ ਪ੍ਰੋ. ਸਾਧਾ ਸਿੰਘ ਦੀ ਪੁਸਤਕ ਛਪੀ ਹੈ ਕਿਉਂਕਿ ਮੈਨੂੰ ਉਸਦੇ ਖੋਜ ਨਿਬੰਧ ਬਿਨਾਂ ਹੋਰ ਕੁਝ ਲਿਖਣ ਦਾ ਬਿਲਕੁਲ ਪਤਾ ਨਹੀਂ ਸੀ। ਲਾਹੌਰ, ਨਨਕਾਣਾ ਸਾਹਿਬ, ਪੰਜਾ ਸਾਹਿਬ, ਵਾਰਸ ਸ਼ਾਹ ਦੇ ਜਨਮ ਸਥਾਨ ਤੇ ਹੋਰ ਥਾਵਾਂ ਬਾਰੇ ਵੇਰਵੇ ਤੁਹਾਨੂੰ ਬਥੇਰੀਆਂ ਥਾਵਾਂ ਤੇ ਮਿਲ ਜਾਣਗੇ ਪਰ ਜਿਸ ਕਿਸਮ ਦੀ ਵਾਕਫੀਅਤ ਇਸ ਕਿਤਾਬ ਵਿਚੋਂ ਮਿਲਦੀ ਹੈ, ਜਿਸਦਾ ਰਿਸ਼ਤਾ ਸਿੱਧਾ ਮਨੁੱਖੀ ਹੇਰਵਿਆਂ ਅਤੇ ਚੀਸਾਂ ਨਾਲ ਹੈ, 47 ਬਾਅਦ ਪਿੱਛੇ ਰਹਿ ਗਿਆ ਦੇ ਉਸਰ ਰਹੇ ਸਭਿਆਚਾਰ ਦੀ ਕਹਾਣੀ ਹੋਰ ਕਿਤੇ ਸ਼ਾਇਦ ਹੀ ਮਿਲੇ। ਸੰਨ 2004 ਵਿਚ ਮੈਂ ਇਕ ਸੈਮੀਨਾਰ ਦੇ ਸੰਬੰਧ ਵਿਚ ਐਡਮਿੰਟਨ ਕੈਨੇਡਾ ਗਈ ਸੀ। ਉੱਥੇ ਮੈਂ ਆਪਣੇ ਰਿਸ਼ਤੇ ਵਿਚੋਂ ਭੈਣ ਦੇ ਘਰ ਮਿਲਣ ਗਈ ਜੋ ਸੁਲਤਾਨਪੁਰ ਲੋਧੀ ਵਿਖੇ ਸਰਦਾਰ ਹੀਰਾ ਸਿੰਘ ਪੰਨੂੰ ਦੇ ਵੱਡੇ ਲੜਕੇ ਇਕਬਾਲ ਸਿੰਘ ਪੰਨੂੰ ਨੂੰ ਵਿਆਹੀ ਹੋਈ ਹੈ। ਇਕਬਾਲ ਪੰਨੂੰ ਉਦੋਂ ਹੀ ਸੱਜਰਾ-ਸੱਜਰਾ ਪਾਕਿਸਤਾਨੋਂ ਹੋ ਕੇ ਆਇਆ ਸੀ। (ਉਹਨਾਂ ਦਾ ਆਪਣਾ ਪਿਛੋਕੜ ਵੀ ਉਧਰ ਦਾ ਹੀ ਹੈ) ਅਤੇ ਆਪਣੇ ਫੁੱਫੜ-ਭੂਆ ਦੀਆਂ ਗੱਲਾਂ ਸੁਣਾ ਰਿਹਾ ਸੀ ਜੋ 47 ਦੀ ਵੰਡ ਵੇਲੇ ਉਧਰ ਹੀ ਰਹਿ ਗਏ ਸੀ ਤੇ ਮੁਸਲਮਾਨ ਬਣ ਗਏ ਸੀ। ਮੈਨੂੰ ਬੜੀ ਹੈਰਾਨੀ ਹੋ ਰਹੀ ਸੀ ਕਿਉਂਕਿ ਮੈਨੂੰ ਜਬਰੀ ਚੁੱਕੀਆਂ ਬੀਬੀਆਂ ਦਾ ਮੁਸਲਮਾਨਾਂ ਦੇ ਘਰੀਂ ਵੱਸਣ ਦਾ ਜਾਂ ਇਸਲਾਮ ਧਾਰਨ ਕਰਨ ਦਾ ਤਾਂ ਪਤਾ ਸੀ ਪਰ ਇਕਬਾਲ ਪੰਨੂੰ ਦੇ ਭੂਆ-ਫੁੱਫੜ ਦੀ ਕਹਾਣੀ ਮੇਰੇ ਲਈ ਬਿਲਕੁਲ ਅਜੀਬ ਵਰਤਾਰਾ ਸੀ। ਪ੍ਰੋ. ਸਾਧਾ ਸਿੰਘ ਦੀ ਪੁਸਤਕ ਪੜ੍ਹ ਕੇ ਪਤਾ ਚੱਲਦਾ ਹੈ ਕਿ ਅਨੇਕਾਂ ਹੀ ਅਜਿਹੇ ਪਰਿਵਾਰ ਹਨ ਜਿਨ੍ਹਾਂ ਨੇ ਆਪਣੀ ਮਿੱਟੀ ਦੇ ਰਿਸ਼ਤੇ ਨਾਲੋਂ ਟੁੱਟਣਾ ਕਬੂਲ ਨਹੀਂ ਕੀਤਾ ਅਤੇ ਇਸੇ ਮੋਹ ਦੇ ਮਾਰੇ ਮੁਸਲਮਾਨ ਹੋ ਗਏ। ਰਾਜਨੀਤੀ ਕੀ-ਕੀ ਖੇਡ ਰਚਾਉਂਦੀ ਹੈ ਅਤੇ ਆਮ ਲੋਕਾਂ ਨੂੰ ਉਸ ਖੇਡ ਵਿਚ ਕਿਵੇਂ ਮੁਹਰੇ ਬਣਨਾ ਪੈਂਦਾ ਹੈ। ਇਸ ਦੀ ਜਿਹੇ ਜਿਹੀ ਮਿਸਾਲ ਹਿੰਦੁਸਤਾਨ ਵਿਚ ਮਿਲਦੀ ਹੈ ਉਹ ਹੋਰ ਸ਼ਾਇਦ ਕਿਧਰੇ ਮਿਲੇ। ਜਰਮਨੀ ਇੱਕ ਹੋ ਸਕਦਾ ਹੈ ਪਰ ਦੋਹਾਂ ਪੰਜਾਬਾਂ ਨੇ ਕਦੇ ਇੱਕ ਨਹੀਂ ਹੋਣਾ, ਕਿਉਂਕਿ ਇਹ ਰਾਜਨੀਤਕ ਸੱਚ ਹੈ ਜਿਸਨੂੰ ਬਦਲ ਸਕਣਾ ਸੰਭਵ ਨਹੀਂ। ਇਹ ਅਜਿਹੀਆਂ ਹੱਦਬੰਦੀਆਂ ਨੇ ਜਿਨ੍ਹਾਂ ਦੀ ਖੋਹ ਕਿਸੇ ਨਾ ਕਿਸੇ ਸਾਧਾ ਸਿੰਘ ਨੂੰ ਪੈਂਦੀ ਰਹਿਣੀ ਹੈ। ਪਰ ਕਦੋਂ ਤੱਕ? ਵਕਤ ਨਾਲ ਬਹੁਤ ਕੁਝ ਭੁੱਲ ਭੁੱਲਾ ਜਾਵੇਗਾ। •

(22, ਅਰਬਨ ਅਸਟੇਟ ਫੇਜ਼-1 ਪਟਿਆਲਾ)

## ਪੁਸਤਕ ਪ੍ਰਾਪਤੀ

1. ਉਪਰਾਮ ਮੌਸਮ (ਕਵਿਤਾ) ਧਰਮ ਕੰਮੇਆਣਾ ਪੰਨੇ 112, ਮੁੱਲ 150/- ਯੂਨੀਸਟਾਰ ਬੁਕਸ, ਚੰਡੀਗੜ੍ਹ
2. ਸਮੁੰਦਰ ਵੱਲ ਖੁੱਲ੍ਹਦੀ ਖਿੜਕੀ (ਕਵਿਤਾਵਾਂ) ਭੁਪਿੰਦਰ, ਪੰਨੇ 88, ਮੁੱਲ 100/- ਸਮਕਾਲ ਪ੍ਰਕਾਸ਼ਨ
3. ਨਾਲਿ ਮੇਰੇ ਕੋਈ ਚੱਲੇ (ਕਵਿਤਾਵਾਂ) ਜਸਬੀਰ ਸਿੰਘ ਧੀਮਾਨ, ਪੰਨੇ 80, ਮੁੱਲ 100/- ਪ੍ਰਤੀਕ ਪ੍ਰਕਾਸ਼ਨ ਪਟਿਆਲਾ।
4. ਸੂਰਜ, ਸੂਲੀ ਅਤੇ ਸ਼ਾਇਰ (ਕਵਿਤਾਵਾਂ) ਸੰਪਾਦਕ ਡਾ. ਐਸ. ਤਰਸੇਮ, ਪੰਨੇ 108, ਮੁੱਲ 100/- ਨਜ਼ਰੀਆ ਮਲੇਰਕੋਟਲਾ
5. ਕੁਝ ਆਰ ਦੀਆਂ, ਕੁਝ ਪਾਰ ਦੀਆਂ (ਕਵਿਤਾ) ਗੁਰਦੇਵ ਸਿੰਘ ਘਣਗਸ, ਪੰਨੇ 127, ਮੁੱਲ 150/- ਯੂਨੀਸਟਾਰ ਬੁਕਸ, ਚੰਡੀਗੜ੍ਹ
6. ਬੋਲ ਮੇਲੇ ਦਿਲਦੇ (ਕਵਿਤਾ) ਕਿਰਨਜੀਤ ਕੌਰ, ਪੰਨੇ 70, ਮੁੱਲ 100/- ਸ਼ਿਲਾਲੇਖ ਦਿੱਲੀ
7. ਨਿਮਖ (ਹਾਇਕੂ) ਅਮਰਜੀਤ ਸਾਥੀ, ਪੰਨੇ 84, ਮੁੱਲ 40/- ਅਸਥੈਟਿਕਸ, ਪਬਲੀਕੇਸ਼ਨ ਲੁਧਿਆਣਾ।
8. ਕੰਜੀਆਂ (ਕਵਿਤਾ) ਸੁਰਿੰਦਰ ਕੌਰ ਚਾਹਲ, ਪੰਨੇ 98, ਮੁੱਲ 40/-, ਅਸਥੈਟਿਕਸ ਪਬਲੀਕੇਸ਼ਨ, ਲੁਧਿਆਣਾ
9. ਨਿਰਲੱਜ (ਪੂਰਾ ਨਾਟਕ) ਅਜਮੇਰ ਰੋਡੇ, ਪੰਨੇ 118, ਮੁੱਲ 40/-, ਅਸਥੈਟਿਕਸ ਪਬਲੀਕੇਸ਼ਨ ਲੁਧਿਆਣਾ।


ਹਰਭਜਨ ਸਿੰਘ ਹੁੰਦਲ ਦਾ
ਨਵਾਂ ਕਾਵਿ-ਸੰਗ੍ਰਹਿ
**ਮੇਰੇ ਬੋਲ (2000-2007)**
ਪੰਨੇ 186, ਮੁੱਲ 250/-
ਮਨਪ੍ਰੀਤ ਪ੍ਰਕਾਸ਼ਨ
16/16, ਗੀਤਾ ਕਾਲੋਨੀ, ਦਿੱਲੀ ਫੋਨ-011-22451046






## ਗ਼ਜ਼ਲ

### ਸੁਲਤਾਨ ਖਾਵਰੀ

1.

ਕਰੋ ਦੁਆ ਜੇ ਰਾਤਾਂ ਵਾਲੇ, ਆਉਣ ਨਾ ਵਿਚ ਨਸਾਬਾਂ ਦੇ।
ਜੁਗਨੂੰ, ਦੀਵੇ, ਚੰਨ ਇੱਕ ਸੂਰਜ, ਹੋਵਣ ਲਫ਼ਜ਼ ਕਿਤਾਬਾਂ ਦੇ।

ਇਹ ਨਹੀਂ ਮਤਲਬ ਭਈ ਇਸ ਡਰ ਤੋਂ, ਤੁਸੀਂ ਮੁਹੱਬਤ ਕਰਨ ਨਾ,
ਖਿੜਦੇ ਨੇ ਕੁਝ ਦਿਨ ਲਈ ਕੰਡੇ, ਵੀ ਪਰ ਵਿਚ ਗੁਲਾਬਾਂ ਦੇ।

ਕਿਹੜੀ ਜੂਹੇ ਰੱਬ ਚੁਕਾਇਆ, ਸਾਨੂੰ ਭਾਰ ਨਦਾਮਤ ਦਾ,
ਪੱਖੀ ਵਾਸਾ ਵਰਗਾ ਜੀਵਨ, ਬੀਤਿਆ ਵਿਚ ਨਵਾਬਾਂ ਦੇ।

ਇਬਰਾਹੀਮੀ ਚਿਖ਼ਾ ਦੇ ਅੰਦਰ ਠੰਢੇ ਹਉਕੇ ਭਰਦੇ ਨੇ,
ਓਏ ਨਮਰੂਦ ਨੂੰ ਖ਼ਲਕ ਹਾਰਿਆ, ਵੇਖ ਅਹਿਸਾਨ ਅਜ਼ਾਬਾਂ ਦੇ।

ਦੁਨੀਆਂ ਦੇ 'ਸੁਲਤਾਨ' ਨੇ ਸਾਡੀ ਮਰਜ਼ੀ ਨੂੰ ਦਫਨਾ ਕੇ ਤੇ,
ਬਾਲਕ ਦਿਲ ਵਰਚਾਇਆ ਹੋਇਆ ਏ, ਬਖ਼ਸ਼ ਖਡਾਉਣੇ ਖਾਬਾਂ ਦੇ।

2.

ਧੁੱਪੇ ਧੌਲੇ ਆ ਗਏ ਨੇ ਤੇ ਸਮਝ ਅੰਞਾਣੀ ਹੋ ਗਈ ਏ।
ਤਿਤਲੀਆਂ ਦੇ ਸ਼ੌਕ, ਹਯਾਤੀ ਬਾਲ ਦੀ ਹਾਣੀ ਹੋ ਗਈ ਏ।

ਜਿਹੜੀ ਬਸਤੀ ਸੂਰਜ ਜ਼ਿੰਦਾ ਹੋਣ ਦਾ ਸੁਪਨਾ ਡਿੱਠਾ ਸੀ,
ਓਥੇ ਹਾਕਮ ਰਾਤ ਮੂੰਹ ਕਾਲੀ ਬੰਦੇ ਖਾਣੀ ਹੋ ਗਈ ਏ।

ਮੈਂ ਤੇ ਬਾਲਾਂ ਹਾਰ ਝਰੀਟਾਂ ਵਾਹੀਆਂ ਸੀ ਇਹ ਬਣਿਆ ਕੀ,
ਕਾਗਜ਼ ਦੀ ਧਰਤੀ 'ਚੋਂ ਪੈਦਾ, ਦਰਦ ਕਹਾਣੀ ਹੋ ਗਈ ਏ।

ਸੋਚ ਪਰੀ ਕੋਹ-ਕਾਫ਼ ਜ਼ਿਹਨ ਵਿਚ ਲੰਮੀ ਤਾਣ ਕੇ ਸੌਂਵੇਂ ਕੀ,
ਵੇਲੇ ਹੱਥੋਂ ਇਹਦੀ ਚੁੰਨੀ ਅੱਧੋਰਾਣੀ ਹੋ ਗਈ ਏ।

ਮੈਂ ਆਤਿਸ਼ ਦਾ ਬੂਟਾ ਲਾਇਆ, ਠੰਢੀ ਛਾਵੇਂ ਬੈਠਣ ਲਈ,
ਮੇਰੇ ਭੋਲਪੁਣੇ ਤੇ ਉਹਦੀ ਸੂਰਤ ਪਾਣੀ ਹੋ ਗਈ ਏ।

ਹੁਣ ਤੇ ਸਾਹਵਾਂ ਦੀ ਪ੍ਰਵਾਜ਼ ਈ ਮੇਰੇ ਵੱਸੋਂ ਬਾਹਰੀ ਏ,
ਕੰਧਾਂ ਉੱਤੇ ਚੱਲਣ ਵਾਲੀ ਗੱਲ ਪੁਰਾਣੀ ਹੋ ਗਈ ਏ।

ਪਾ ਲਈ ਸੋਨੇ ਦੀ ਜ਼ੰਜ਼ੀਰੀ ਜਿੰਦ ਕੁੜੀ ਨੇ ਲਿਖਿਆ ਫੇਰ,
ਬਣਿਆ ਨਾ 'ਸੁਲਤਾਨ' ਤੂੰ ਰਾਜਾ, ਕੋਈ ਰਾਣੀ ਹੋ ਗਈ ਏ।

Chirag Quarterly . April-June 2008
Registered with the Registrar of News-Papers of India No. PUN-PUN 0 2276/AL/TC94

## ਉਸਤਾਦ ਸ਼ਾਇਰ ਸੁਲੱਖਣ ਸਰਹੱਦੀ ਦਾ ਪੁਸਤਕ ਸੰਸਾਰ

1. ਤੀਜੀ ਅੱਖ ਦਾ ਜਾਦੂ (ਗ਼ਜ਼ਲ ਸੰਗ੍ਰਹਿ) ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
2. ਪੰਜ ਬਲਦੇ ਦਰਿਆ (ਗ਼ਜ਼ਲ ਸੰਗ੍ਰਹਿ) ਜਨਵਾਦੀ ਪ੍ਰਕਾਸ਼ਨ ਮੰਚ, ਗੁਰਦਾਸਪੁਰ
3. ਵਕਤ ਦੀ ਚੀਖ਼ (ਗੀਤ) ਜਨਵਾਦੀ ਪ੍ਰਕਾਸ਼ਨ ਮੰਚ, ਗੁਰਦਾਸਪੁਰ
4. ਪੰਜਾਬੀ ਗ਼ਜ਼ਲ-ਰੂਪ ਤੇ ਆਕਾਰ (ਅਲੋਚਨਾ) ਜਨਵਾਦੀ ਪ੍ਰਕਾਸ਼ਨ ਮੰਚ, ਗੁਰਦਾਸਪੁਰ
5. ਬਸਤੀ ਬਸਤੀ ਜੰਗਲ (ਗ਼ਜ਼ਲ ਸੰਗ੍ਰਹਿ) ਕੁਕਨੂਸ ਪ੍ਰਕਾਸ਼ਨ, ਜਲੰਧਰ
6. ਉੱਚਾ ਬੁਰਜ ਲਾਹੌਰ ਦਾ (ਯੁੱਧ ਬੋਲ) ਪ੍ਰਗੀਤ ਪ੍ਰਕਾਸ਼ਨ, ਮੁਹਾਲੀ
7. ਸੰਪੂਰਨ ਪਿੰਗਲ ਤੇ ਅਰੂਜ਼ ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ
8. ਬੇੜੀਆਂ ਦਾ ਪੁਲ (ਇੱਕੋ ਬਹਿਰ ਜ਼ਮੀਨ ਵਿਚ 160 ਗਜ਼ਲਾਂ, 1262 ਸ਼ਿਅਰ) ਨੈਸ਼ਨਲ ਬੁੱਕ ਟਰੱਸਟ, ਇੰਡੀਆ ਦਿੱਲੀ
9. ਅਨੰਦਪੁਰ ਤੋਂ ਲਾਹੌਰ ਤੱਕ (ਇਤਿਹਾਸ) ਲਾਹੌਰ ਬੁੱਕ ਸ਼ਾਪ, ਲੁਧਿਆਣਾ
10. ਮੈਂ ਇਵੇਂ ਵੇਖਿਆ ਆਸਟ੍ਰੇਲੀਆ (ਸਫ਼ਰਨਾਮਾ) ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ
11. ਕਲਮ ਕਲਮ ਖੁਸ਼ਬੋ (104 ਸ਼ਾਇਰ) ਜਨਵਾਦੀ ਪ੍ਰਕਾਸ਼ਨ ਮੰਚ, ਗੁਰਦਾਸਪੁਰ
12. ਚੋਣਵੇਂ ਪੰਜਾਬੀ ਸ਼ਿਅਰ (ਸੰਪਾਦਨ) ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ
13. ਪਿੰਡ ਪੰਜਾਬ ਦੇ (ਪੰਜਾਬੀ ਪਿੰਡਾਂ ਦਾ ਸੌ ਸਾਲ ਦਾ ਇਤਿਹਾਸ) ਛਪ ਰਹੀ
14. ਭਗਤ ਸਿੰਘ ਦੀ ਜਨਮ ਭੂਮੀ ਤਕ (ਪਾਕਿਸਤਾਨੀ ਯਾਤਰਾ) ਛਪ ਰਹੀ
15. ਚੰਨ ਚਾਨਣੀ ਚੰਡੀਗੜ੍ਹ (ਸੰਪਾਦਤ ਸਫ਼ਰਨਾਮਾ) ਲੋਕ ਗੀਤ ਪ੍ਰਕਾਸ਼ਨ
16. ਸੁਲਤਾਨ ਬਾਹੂ ਜੀਵਨ ਤੇ ਰਚਨਾ - ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ

**ਸੰਪਰਕ-**

**ਜਨਵਾਦੀ ਪ੍ਰਕਾਸ਼ਨ ਮੰਚ, ਹਰਦੋਛੰਨੀ ਰੋਡ, ਗੁਰਦਾਸਪੁਰ**

ਫੋਨ- 01874-265416, ਮੋਬਾਇਲ- 94174-84337